
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵੇਂ ਸਾਲ 'ਚ ਪ੍ਰਵੇਸ਼

ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 2
April 20, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ






**ਸਟਾਕਟਨ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਗਦਰੀ ਬਾਬਿਆਂ ਦੀ ਯਾਦ ਵਿਚ ਬਣੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ (ਕੈਲੇਫੋਰਨੀਆ) ਵਿਖੇ ਖਾਲਸਾ ਸਾਜਨਾ ਦਿਹਾੜੇ ਮੌਕੇ ਲਗਭਗ ਮਹੀਨਾ ਭਰ ਚੱਲੇ ਧਾਰਮਿਕ ਦੀਵਾਨਾਂ ਅਤੇ ਸ੍ਰੀ

(ਬਾਕੀ ਸਫਾ 7 'ਤੇ)




**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫਰੋਨੀਆ) ਵਿਖੇ ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦਾ ਤਿਉਹਾਰ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ।**

(ਸਮਾਗਮ ਦੀਆਂ ਹੋਰ ਝਲਕੀਆਂ ਦੇਖੋ ਸਫਾ 3 'ਤੇ)



**ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 41 ਵੇਂ ਪ੍ਰੀਨਿਰਵਾਣ ਦਿਵਸ 'ਤੇ ਕੋਟਿਨ-ਕੋਟਿ ਪ੍ਰਣਾਮ।**

(ਸਬੰਧਿਤ ਲੇਖ ਅੰਦਰ ਦੇਖੋ)

## ਡਾ: ਭੀਮ ਰਾਓ ਅੰਬੇਡਕਰ ਦੇ ਦਰਸਾਏ ਰਸਤੇ 'ਤੇ ਚੱਲ ਕੇ ਭਾਰਤ ਬਣੇਗਾ ਆਤਮ ਨਿਰਭਰ

**ਨਵੀਂ ਦਿੱਲੀ (ਬਿਊਰੋ)** ਅੱਜ ਤੋਂ 25 ਸਾਲਾਂ ਬਾਅਦ ਦੇਸ਼ ਆਜ਼ਾਦੀ ਦੇ ਸ਼ਤਾਬਦੀ ਵਰ੍ਹੇ ਵਿੱਚ ਪ੍ਰਵੇਸ਼ ਕਰੇਗਾ। ਮੌਜੂਦਾ ਅੰਮ੍ਰਿਤ ਮਹੋਤਸਵ ਰਾਸ਼ਟਰ ਦੇ ਵਿਕਾਸ ਦੀ ਗਤੀ ਦੀ ਰੂਪਰੇਖਾ ਪੇਸ਼ ਕਰਦਾ ਹੈ। ਸਾਡੇ ਪੂਰਵਜਾਂ ਨੇ ਇਸ ਸਬੰਧੀ ਆਪਣਾ ਸਪਸ਼ਟ ਦ੍ਰਿਸ਼ਟੀਕੋਣ ਪੇਸ਼ ਕੀਤਾ ਸੀ, ਜਿਸ ਦੇ ਸਿੱਟੇ ਵਜੋਂ ਅੱਜ ਤਕ ਸਾਡੀ ਤਰੱਕੀ ਹੋਈ ਹੈ। ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦੀ ਪ੍ਰੇਰਨਾਦਾਇਕ ਦ੍ਰਿਸ਼ਟੀ ਤੇ ਸੁਚੇਤ ਪਹੁੰਚ ਨਵੇਂ ਭਾਰਤ ਦੇ ਨਿਰਮਾਣ ਦੇ ਇਸ ਵਿਸ਼ਾਲ ਕਾਰਜ ਦੇ ਸੰਦਰਭ 'ਚ ਕਈ ਖੇਤਰਾਂ 'ਚ ਇੱਕ ਮਾਰਗ ਦਰਸ਼ਕ ਦੇ ਰੂਪ 'ਚ ਹਮੇਸ਼ਾ ਸਾਡੇ ਨਾਲ ਹੈ। ਉਸਦੀ ਜਨਮ ਵਰ੍ਹੇਗੰਢ ਇੱਕ

(ਬਾਕੀ ਸਫਾ 4 'ਤੇ)






Prof. (Dr.) Ronki Ram's book Pagrhi Sambhal Lehar to Samyukt Kisan Morcha: A Century of Punjab Kisan Struggle 1907-2021 was released on April 15, 2022 at the Gurdwara Sahib (Sikh Temple), Stockton (California) USA. Prem K. Chumber, Editor-in-Chief, Ambedkar Times and Desh Doaba spoke about the book and introduced the author.

**(More Pictures on page 6)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਨੂੰ
ਡਾ. ਅੰਬੇਡਕਰ ਦੇ 131ਵੇਂ ਜਨਮ ਦਿਨ ਦੀਆਂ
ਲੱਖ-ਲੱਖ ਵਧਾਈਆਂ



**April 22-23-24, 2022**
**131st Birth Anniversary of Babasaheb Dr. B.R. Ambedkar**

131st Birth anniversary of Bharat Rattan Dr. B.R. Ambedkar, father of the Indian Constitution, will be celebrated on April 24, 2022 in the Gurughar by entire Sangat. Akhand Path will start on Friday April 22, 2022 at 10:00 AM and will conclude with Bhog ceremony on Sunday April 24, 2022.

He was jurist, economist, visionary a humanitarian, great leader and renowned social reformer. Babasahib spoke unequivocally against the inequality, injustice and discrimination. Akhand path and langar Sewa will be hosed by the Sangat

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguru????ravidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Jagtar Singh Bhatia | Abhishek Pal Narabut | Sunita Singh |



# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





**1003 Moffat Blvd, Manteca CA 95336**

# 209-239-1551

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦਾ ਤਿਉਹਾਰ ਬੜੀ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਗਿਆ। (ਸ੍ਰੀ ਕਸ਼ਮੀਰੀ ਭਾਟੀਆ ਅਤੇ ਬੀਬੀ ਕਮਲਜੀਤ ਕੌਰ ਭਾਟੀਆ ਅਤੇ ਸਮੂਹ ਭਾਟੀਆ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਗਈ)। *ਸਮਾਗਮ ਦੀਆਂ ਕੁਝ ਝਲਕੀਆਂ ਤਸਵੀਰਾਂ ਦੀ ਜੁਬਾਨੀ*
























# ਪੀਸੀਏ ਮੈਂਬਰ ਮਿੱਕੀ ਸਰਾਂ ਨੂੰ ਮਾਤਾ ਦੇ ਦਿਹਾਂਤ ਕਾਰਨ ਸਦਮਾ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਸਥਾਨਿਕ ਪੰਜਾਬੀ ਕਲਚਰਲ ਐਸੋਸੀਏਸ਼ਨ (ਫਛਓ) ਦੇ ਮੋਢੀ ਮੈਂਬਰ ਮਿੱਕੀ ਦੇ ਸਤਿਕਾਰਯੋਗ ਮਾਤਾ ਸਤਵਿੰਦਰ ਕੌਰ ਸਰਾਂ (72) ਪਤਨੀ ਸਵ। ਰਛਪਾਲ ਸਿੰਘ ਸਰਾਂ ਪਿਛਲੇ ਦਿਨੀ ਅਚਾਨਕ ਫਰੀਮੌਂਟ ਕੈਲੀਫੋਰਨੀਆਂ ਵਿਖੇ 03-31-2022 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮਾਤਾ ਜੀ ਦੀ ਇੱਛਾ ਮੁਤਾਬਿਕ ਸਰਕਾਰੀ ਰਵਾਇਤਾਂ ਪੂਰੀਆਂ ਕਰਨ ਉਪਰੰਤ ਸਸਕਾਰ ਲਈ ਮਿੱਕੀ ਮਾਤਾ ਜੀ ਦੇ ਮ੍ਰਿਤਕ ਸ਼ਰੀਰ ਨੂੰ ਲੈਕੇ ਪੰਜਾਬ ਪਹੁੰਚ ਚੁੱਕਿਆ ਅਤੇ ਮਾਤਾ ਜੀ ਦੀ ਦੇਹ ਦਾ ਅੰਤਿਮ ਸਸਕਾਰ ਮਿਤੀ 21 ਅਪ੍ਰੈਲ ਦਿਨ ਵੀਰਵਾਰ ਨੂੰ ਪਿੰਡ ਉਸਮਾਨ ਸ਼ਹੀਦ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਵੇਗਾ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਹਿਬ ਦਾ ਭੋਗ ਮਿਤੀ 24 ਅਪ੍ਰੈਲ ਦਿਨ ਐਂਤਵਾਰ ਦੁਪਿਹਰ 12 ਵਜੇ ਉਹਨਾਂ ਦੇ ਨਿਵਾਸ ਸਥਾਨ ਪਿੰਡ ਉਸਮਾਨ ਸ਼ਹੀਦ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਜਾ ਵਧੇਰੇ ਜਾਣਕਾਰੀ ਲਈ ਤੁਸੀਂ ਮਿੱਕੀ ਸਰਾਂ ਨੂੰ (408) 966-7019 ਜਾ 99152-69388 'ਤੇ ਸੰਪਰਕ ਕਰ ਸਕਦੇ ਹੋ।

# ਸਟਾਕਟਨ ਨਗਰ ਕੀਰਤਨ ਤੇ ਬੂਥ ਲਾਕੇ ਆਮ-ਆਦਮੀ ਪਾਰਟੀ ਨੇ ਪੰਜਾਬੀਆ ਦਾ ਧੰਨਵਾਦ ਕੀਤਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਹੂੰਝਾ ਫੇਰੂ ਜਿੱਤ ਮਗਰੋਂ ਦੁਨੀਆ ਭਰ ਦੇ ਐਨ ਆਰ ਆਈ ਵੀਰ-ਭੈਣ ਖੁਸ਼ੀ ਵਿੱਚ ਖੀਵੇ ਹੋਏ ਆਪੋ ਆਪਣੇ ਸ਼ਹਿਰਾਂ ਵਿੱਚ ਪ੍ਰੋਗਰਾਮ ਕਰ ਰਹੇ ਹਨ। ਇਹਨਾਂ ਚਾਵਾਂ ਨੂੰ ਹੋਰ ਦੂਣ ਸਵ-ਾਇਆ ਕਰਨ ਲਈ ਕੈਲੀਫੋਰਨੀਆਂ ਦੇ ਸ਼ਹਿਰ ਸਟਾਕਟਨ ਦੇ ਇਤਿਹਾਸਕ ਗੁਰੂਘਰ ਵੱਲੋ ਵਿਸਾਖੀ ਮੌਕੇ ਸਜਾਏ ਜਾਦੇ ਨਗਰ ਕੀਰਤਨ ਮੌਕੇ ਆਪ ਵਲੰਟੀਅਰਾਂ ਨੇ ਵਿਸ਼ੇਸ਼ ਬੂਥ ਲਾਕੇ ਪੰਜਾਬੀਆਂ ਦਾ ਧੰਨਵਾਦ ਕੀਤਾ।




ਇਸ ਮੌਕੇ ਆਪ ਵਲੰਟੀਅਰ ਇੱਕ ਵੱਖਰੇ ਜਾਹੋ-ਜਲਾਲ ਵਿੱਚ ਰੰਗੇ ਕੈਲੀਫੋਰਨੀਆਂ ਦੇ ਵੱਖੋ ਵੱਖ ਸ਼ਹਿਰਾਂ ਤੋਂ ਪਹੁੰਚੇ ਹੋਏ ਸਨ। ਇਸ ਮੌਕੇ ਆਪ ਵਲੰਟੀਅਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਕ੍ਰਾਂਤੀ ਪੰਜਾਬ ਵਿੱਚੋਂ ਜਨਮ ਲੈਂਦੀ ਹੈ, ਅਸੀਂ ਅਣਖੀ ਲੋਕ ਗੁਲਾਮੀ ਦਾ ਜੂ਼ਲਾ ਗ਼ਲੋ ਲਹੁੰਣਾ ਜਾਣਦੇ ਹਾਂ। ਉਹਨਾਂ ਕਿਹਾ ਕਿ ਪੰਜਾਬੀਆਂ ਦੀ ਲੰਮੇ ਸਮੇਂ ਦੀ ਮਿਹਨਤ ਅਤੇ ਲਗਨ ਨੂੰ ਬੂਰ ਪਿਆ ਹੈ, ਜਿਸ ਸਦਕਾ ਆਮ -ਆਦਮੀ ਪਾਰਟੀ ਨੇ 'ਤੇ ਪੰਜਾਬ ਦੇ ਲੋਕਾਂ ਨੇ, ਪੰਜਾਬ ਦੇ ਇਤਿਹਾਸ ਵਿੱਚ, ਇਕ ਅਣ-ਕਿਆਸੀ, ਇਤਿਹਾਸਕ ਜਿੱਤ ਦਰਜ਼ ਕਰਵਾਈ ਹੈ। ਜਿਸ ਵਿੱਚ ਪੰਜਾਬ ਦੇ ਤਮਾਮ NRI ਪਰਿਵਾਰਾਂ ਨੇ, ਭਾਵੇਂ ਉਹ ਧਰਤੀ ਦੇ ਕਿਸੇ ਵੀ ਹਿੱਸੇ ਉੱਪਰ ਵੱਸਦੇ ਹੋਣ, ਨੇ ਵੱਡਾ ਯੋਗਦਾਨ ਪਾਇਆ ਹੈ। ਉਹਨਾਂ ਕਿਹਾ ਕਿ ਅੱਜ ਅਸੀਂ ਗਦਰੀ ਬਾਬਿਆਂ ਦੀ ਧਰਤੀ ਸਟਾਕਟਨ ਤੋਂ ਪੰਜਾਬੀਆਂ ਵੱਲੋ ਮਾਰੀ ਵੱਡੀ ਮੱਲ ਲਈ ਉਹਨਾਂ ਨੂੰ ਵਧਾਈ ਦਿੰਦੇ ਸਮੂਹ ਪੰਜਾਬੀਆ ਦਾ ਧੰਨਵਾਦ ਕਰਦੇ ਹਾਂ। ਉਹਨਾਂ ਕਿਹਾ ਕਿ ਪੰਜਾਬੀਆਂ ਨੇ ਆਪਣਾ ਫਰਜ ਨਿੱਭਾ ਦਿੱਤਾ ਹੁਣ ਆਪ ਸਰਕਾਰ ਕੰਮ ਕਰਕੇ ਪੰਜਾਬੀਆ ਦਾ ਕਰਜ਼ ਉਤਰੇਗੀ।

# ਡਾ: ਭੀਮ ਰਾਓ ਅੰਬੇਡਕਰ ਦੇ ਦਰਸਾਏ ਰਸਤੇ 'ਤੇ ਚੱਲ ਕੇ ਭਾਰਤ ਬਣੇਗਾ ਆਤਮ ਨਿਰਭਰ

**(ਸਫਾ 1 ਦੀ ਬਾਕੀ)**

ਰਾਸ਼ਟਰ ਨਿਰਮਾਤਾ ਵਜੋਂ ਉਸਦੀ ਸਮੁੱਚੀ ਭੂਮਿਕਾ ਨੂੰ ਯਾਦ ਕਰਨ ਤੇ ਸਾਡੇ ਕੰਮ ਦੇ ਖੇਤਰਾਂ ਵਿੱਚ ਉਸਦੇ ਆਦਰਸ਼ਾਂ ਦੀ ਨਕਲ ਕਰਨ ਲਈ ਦੁਬਾਰਾ ਪ੍ਰੇਰਿਤ ਹੋਣ ਦਾ ਇੱਕ ਢੁਕਵਾਂ ਮੌਕਾ ਹੈ। ਇਹ ਪ੍ਰਗਟਾਵਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਡਾ: ਅੰਬੇਡਕਰ ਨੇ ਇੱਕ ਸੰਸਥਾਨ ਨਿਰਮਾਤਾ ਵਜੋਂ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਅਜੋਕੀ ਸੰਵਿਧਾਨਕ ਪ੍ਰਣਾਲੀ ਨੇ ਉਸ ਦੀ ਬੁੱਧੀ ਤੇ ਗਿਆਨ ਨੂੰ ਚਾਰੇ ਦਿਸ਼ਾਵਾਂ 'ਚ ਗੂੰਜਿਆ ਹੈ। ਉਹ ਸੰਵਿਧਾਨ ਸਭਾ 'ਚ ਬਹਿਸ 'ਚ ਸਭ ਤੋਂ ਮਹੱਤਵਪੂਰਨ ਸਪੀਕਰ ਸਨ। ਇਸ ਖੇਤਰ 'ਚ ਬਾਬਾ ਸਾਹਿਬ ਨੇ ਸਮੁੱਚੀ ਗੱਲਬਾਤ 'ਚ ਸਭ ਤੋਂ ਵੱਧ ਯੋਗਦਾਨ ਪਾਇਆ, ਭਾਵ 7-5 ਫੀਸਦੀ, ਜਦਕਿ ਨਹਿਰੂ ਦਾ ਯੋਗਦਾਨ 2-14 ਫੀਸਦੀ ਸੀ। ਭਾਰਤੀ ਰਿਜ਼ਰਵ ਬੈਂਕ ਨੇ 'ਰੁਪਏ ਦੀ ਸਮੱਸਿਆ - ਇਸਦਾ ਮੂਲ ਤੇ ਹੱਲ' 'ਤੇ ਡਾ। ਅੰਬੇਡਕਰ ਦੇ ਖੋਜ ਪੱਤਰ ਨੂੰ ਆਪਣੀ ਕਾਰਜਪ੍ਰਣਾਲੀ ਦਾ ਆਧਾਰ ਬਣਾਇਆ। ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਲੇਬਰ ਮੈਂਬਰ ਹੋਣ ਦੇ ਨਾਤੇ, ਉਸਨੇ ਪਾਣੀ, ਬਿਜਲੀ, ਮਜ਼ਦੂਰ ਭਲਾਈ ਨੀਤੀਆਂ ਨੂੰ ਰੂਪ ਦੇਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ। ਉਸਨੇ ਕੇਂਦਰ ਤੇ ਰਾਜਾਂ ਦੇ ਹਿੱਤਾਂ ਨੂੰ ਖਤਰੇ 'ਚ ਪਾਏ ਬਿਨਾਂ ਆਪਣੀ ਆਰਥਿਕ ਸਥਿਤੀ ਨੂੰ ਨਿਰੰਤਰ ਉੱਚਾ ਚੁੱਕਣ ਦੇ ਉਦੇਸ਼ ਨਾਲ ਕੇਂਦਰ ਤੇ ਰਾਜਾਂ ਦਰਮਿਆਨ ਇੱਕ ਸੰਘੀ ਵਿੱਤੀ ਪ੍ਰਣਾਲੀ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਪਾਇਆ। ਉਹ ਕਿਰਤੀਆਂ ਦੇ ਹੱਕਾਂ ਦਾ ਕੱਟੜ ਸਮਰਥਕ ਸੀ। ਇੱਕ ਮਜ਼ਦੂਰ ਆਗੂ ਹੋਣ ਦੇ ਨਾਤੇ, ਉਸਨੇ 'ਕੰਮ ਦੀਆਂ ਸਹੀ ਸਥਿਤੀਆਂ' ਦੀ ਬਜਾਏ 'ਮਜ਼ਦੂਰ ਦੇ ਜੀਵਨ ਦੀ ਸਹੀ ਸਥਿਤੀ' ਦੀ ਵਕਾਲਤ ਕੀਤੀ। ਹੋਰ ਕਲਿਆਣਕਾਰੀ ਕੰਮ ਜਿਵੇਂ ਕਿ ਕੰਮ ਦੇ ਘੰਟੇ ਘਟਾ ਕੇ 48 ਘੰਟੇ ਪ੍ਰਤੀ ਹਫ਼ਤੇ ਕਰਨਾ, ਓਵਰਟਾਈਮ ਅਤੇ ਤਨਖਾਹ ਵਾਲੀ ਛੁੱਟੀ ਦਾ ਪ੍ਰਬੰਧ, ਘੱਟੋ-ਘੱਟ ਉਜਰਤਾਂ ਦਾ ਨਿਰਧਾਰਨ ਅਤੇ ਭਰੋਸਾ, ਕਿਰਤ ਭਲਾਈ ਫੰਡ ਅਤੇ ਟਰੇਡ ਯੂਨੀਅਨਾਂ ਦੀ ਸਵੀਕ੍ਰਿਤੀ ਨੂੰ ਅੱਖਰ-ਅੰਦਰ ਲਾਗੂ ਕੀਤਾ ਗਿਆ। ਕਾਸ਼ਤਕਾਰਾਂ ਵਿੱਚੋਂ ਗੁਲਾਮ ਪ੍ਰਥਾ ਖ਼ਤਮ ਕਰ ਦਿੱਤੀ ਗਈ। ਮਜ਼ਦੂਰਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਉਦਯੋਗਿਕ ਵਿਵਾਦ ਬਿੱਲ, 1938 ਦਾ ਸਖ਼ਤ ਵਿਰੋਧ ਕੀਤਾ ਗਿਆ ਸੀ। ਸਾਡੇ ਪੂਰਵਜਾਂ ਨੇ ਇਸ ਸਬੰਧੀ ਆਪਣਾ ਸਪਸ਼ਟ ਦ੍ਰਿਸ਼ਟੀਕੋਣ ਪੇਸ਼ ਕੀਤਾ ਸੀ, ਜਿਸ ਦੇ ਸਿੱਟੇ ਵਜੋਂ ਅੱਜ ਤਕ ਸਾਡੀ ਤਰੱਕੀ ਹੋਈ ਹੈ। ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਦੀ ਪ੍ਰੇਰਨਾਦਾਇਕ ਦ੍ਰਿਸ਼ਟੀ ਤੇ ਸੁਚੇਤ ਪਹੁੰਚ ਨਵੇਂ ਭਾਰਤ ਦੇ ਨਿਰਮਾਣ ਦੇ ਇਸ ਵਿਸ਼ਾਲ ਕਾਰਜ ਦੇ ਸੰਦਰਭ 'ਚ ਕਈ ਖੇਤਰਾਂ 'ਚ ਇੱਕ ਮਾਰਗ ਦਰਸ਼ਕ ਦੇ ਰੂਪ 'ਚ ਹਮੇਸ਼ਾ ਸਾਡੇ ਨਾਲ ਹੈ। ਉਸਦੀ ਜਨਮ ਵਰ੍ਹੇਗੰਢ ਇੱਕ ਰਾਸ਼ਟਰ ਨਿਰਮਾਤਾ ਵਜੋਂ ਉਸਦੀ ਸਮੁੱਚੀ ਭੂਮਿਕਾ ਨੂੰ ਯਾਦ ਕਰਨ ਤੇ ਸਾਡੇ ਕੰਮ ਦੇ ਖੇਤਰਾਂ ਵਿੱਚ ਉਸਦੇ ਆਦਰਸ਼ਾਂ ਦੀ ਨਕਲ ਕਰਨ ਲਈ ਦੁਬਾਰਾ ਪ੍ਰੇਰਿਤ ਹੋਣ ਦਾ ਇੱਕ ਢੁਕਵਾਂ ਮੌਕਾ ਹੈ।

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928



RE/MAX® Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834



# ਬਾਈ ਸੁਰਜੀਤ ਦੇ ਨਵੇ-ਨਿਕੋਰ ਗੀਤ "ਪੈਗ-4" ਰਿਲੀਜ਼ ਨੂੰ ਭਰਵਾ ਹੁੰਗਾਰਾ


**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਵਿਦੇਸਾਂ ਵਿੱਚ ਰਹਿੰਦੇ ਹੋਏ, ਇੱਥੋਂ ਦੇ ਮਿਹਨਤੀ ਨੌਜਵਾਨਾਂ ਨੇ ਜਿੱਥੇ ਤਰੱਕੀਆਂ ਕੀਤੀਆਂ, ਉੱਥੇ ਆਪਣੇ ਸੌਕ ਵੀ ਪੂਰੇ ਕੀਤੇ। ਜਿਨਾਂ ਵਿੱਚ ਇਕ ਨਾਂ ਫਰਿਜ਼ਨੋ,



ਕੈਲੀਫੋਰਨੀਆਂ ਨਿਵਾਸੀ ਗਾਇਕ ਅਤੇ ਅਦਾਕਾਰ ਬਾਈ ਸੁਰਜੀਤ ਮਾਛੀਵਾੜਾ ਵਾਲੇ ਦਾ ਆਉਂਦਾ ਹੈ। ਜੋ ਆਪਣੇ ਕਾਰੋਬਾਰ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਦੀ ਝੋਲੀ ਬਹੁਤ ਸਾਰੇ ਸਫਲ ਗੀਤ ਪਾ ਚੁੱਕਿਆ ਹੈ। ਗਾਇਕੀ ਬਾਈ ਸੁਰਜੀਤ ਦਾ ਕਿੱਤਾ ਨਹੀਂ ਹੈ। ਇਹ ਉਸ ਦਾ ਸ਼ੌਕ ਹੈ, ਜਿਸ ਨੂੰ ਪੂਰਾ ਕਰਨ ਲਈ ਉਹ ਹਮੇਸਾ ਤਿਆਰ ਰਹਿੰਦਾ ਹੈ। ਹੁਣ ਉਸ ਦਾ ਨਵਾਂ-ਨਕੋਰ ਗੀਤ "ਪੈਗ ਚਾਰ" ਜੋ ਹਾਲ ਹੀ ਵਿੱਚ ਰਿਲੀਜ਼ ਹੋਇਆ ਹੈ। ਇਹ ਗੀਤ ਉਸ ਵੱਲੋਂ ਖਾਸ ਤੌਰ 'ਤੇ ਦੋਸ਼ਤਾ ਦੀ ਮੰਗ ਅਨੁਸਾਰ ਗਾਇਆ ਗਿਆ ਹੈ। ਜੋ ਚਲ ਰਹੀ ਪਾਰਟੀ ਵਿੱਚ ਸ਼ਰਾਬੀ ਯਾਰਾ ਦੇ ਮਹੌਲ ਨੂੰ ਸਿਰਜਦਾ ਹੈ। ਗਾਇਕੀ ਅਤੇ ਸੰਗੀਤ ਪੱਖੋਂ ਇਹ ਗੀਤ ਪਾਰਟੀਆਂ ਵਿੱਚ ਡੀ।ਜੇ। 'ਤੇ ਰੌਣਕਾਂ ਲਾਉਣ ਵਾਲੇ ਵੱਡੇ ਪੱਧਰ ਦੇ ਗੀਤਾਂ ਦੀ ਕਤਾਰ ਵਿੱਚ ਸਾਮਲ ਗੀਤ ਹੈ। ਜਿਸ ਦੀ ਵੀਡੀਓ ਅਮਰੀਕਾ ਅਤੇ ਇੰਡੀਆਂ ਵਿੱਚ ਬਣਾਈ ਗਈ ਹੈ। ਇਸ ਗੀਤ ਨੂੰ ਸਰੋਤਿਆਂ ਵੱਲੋਂ ਭਰਵਾ ਹੁੰਗਾਰਾ ਮਿਲ ਰਿਹਾ ਹੈ, ਜੋ ਕਿ ਦੇਖਣਯੋਗ ਹੈ। ਸਾਡੇ ਵੱਲੋਂ ਬਾਈ ਸੁਰਜੀਤ ਅਤੇ ਸਮੁੱਚੀ ਟੀਮ ਨੂੰ ਬਹੁਤ-ਬਹੁਤ ਮੁਬਾਰਕਾਂ। ਉਮੀਦ ਕਰਦੇ ਹਾਂ ਕਿ ਪੰਜਾਬੀ ਮਾਂ ਬੋਲੀ ਦੀ ਝੋਲੀ ਬਾਈ ਸੁਰਜੀਤ ਹਮੇਸਾ ਨਵੇਂ-ਨਵੇਂ ਮਿਆਰੀ ਗੀਤਾਂ ਨਾਲ ਭਰਦਾ ਰਹੇਗਾ।

# ਫਰਿਜਨੋ ਵਿਖੇ ਹੋਇਆ ਅਮੈਰਕਿਨ ਟਰੱਕਿੰਗ ਸ਼ੋਅ ਅਮਿੱਟ ਪੈੜ੍ਹਾ ਛੱਡਦਾ ਸੰਪੰਨ








**ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਸੈਂਟਰਲ ਵੈਲੀ ਜਿਸਨੂੰ ਟਰੱਕਿੰਗ ਦੀ ਹੱਬ ਦੇ ਤੌਰ ਤੇ ਜਾਣਿਆ ਜਾਂਦਾ, ਇੱਥੋ ਦੇ ਸੋਹਣੇ ਸ਼ਹਿਰ ਫਰਿਜਨੋ ਦੇ ਸਥਾਨਿਕ ਫੇਅਰ ਗਰਾਊਂਡ ਵਿਖੇ ਨਾਪਟਾ ਸੰਸਥਾ ਦੇ ਸੰਚਾਲਕ ਰਮਨ ਸਿੰਘ ਢਿਲੋ ਨੇ ਸਪਾਂਸਰ ਸੱਜਣਾਂ ਦੇ ਸਹਿਯੋਗ ਨਾਲ ਸ਼ਾਨਦਾਰ ਦੋ ਰੋਜ਼ਾ ਓਮਇਰਿਚਅਨ ਠਰੁਚਕਿਨਗ ੰਹੌ ਦਾ ਸੰਚਾਲਨ ਬੜੇ ਸੁਚੱਜੇ ਢੰਗ ਨਾਲ ਕਰਵਾਇਆ। ਇਸ ਮੌਕੇ ਜਿੱਥੇ ਜਾਣਕਾਰੀ ਭਰਪੂਰ ਸਟਾਲ ਲੱਗੇ ਹੋਏ ਸੀ, ਓਥੇ ਹੋਲੀ ਦੇ ਤਿਓਹਾਰ ਨੂੰ ਮੁੱਖ ਰੱਖਕੇ ਦਰਸ਼ਕਾਂ ਦੇ ਮਨੋਰੰਜਨ ਲਈ ਹੋਲੀ ਗਰਾਊਂਡ ਦਾ ਪ੍ਰਬੰਧ ਕੀਤਾ ਗਿਆ ਸੀ । ਲਿਸ਼ਕਾਂ ਮਾਰਦੇ ਸ਼ਿੰਗਾਰੇ ਹੋਏ ਟਰੱਕ ਸ਼ੋਅ ਨੂੰ ਹੋਰ ਵੀ ਚਾਰ ਚੰਨ ਲਾ ਰਹੇ ਸਨ। ਇਸ ਮੌਕੇ ਟਰੱਕ ਪਾਰਟਸ ਅਤੇ ਟਰੱਕ ਡੀਲਰਾ ਦੀਆਂ ਸਟਾਲਾਂ ਤੇ ਕਾਫ਼ੀ ਤੰਤਾ ਲੱਗਿਆ ਨਜ਼ਰ ਆ ਰਿਹਾ ਸੀ।

ਇਸ ਤੋਂ ਬਿਨਾ ਫੈਕਟਰਿੰਗ, ਟਰੱਕ ਇੰਸ਼ੋਰੈਂਸ, ਟਰੱਕਿੰਗ ਡਿਸਪੈਚ ਸੌਫਟਵੇਅਰ, ਲੋਨ ਕੰਪਨੀਆਂ ਦੇ ਵੀ ਕਾਫ਼ੀ ਸਟਾਲ ਲੱਗੇ ਹੋਏ ਸੀ। ਇਸ ਸ਼ੋਅ ਵਿੱਚ ਵੱਡੀ ਗਿਣਤੀ ਵਿੱਚ ਟਰੱਕਿੰਗ ਇੰਡਸਟਰੀ ਨਾਲ ਜੁੜੇ ਸੱਜਣਾਂ ਨੇ ਹਾਜ਼ਰੀ ਭਰਕੇ ਇਸ ਸ਼ੋਅ ਨੂੰ ਕਾਮਯਾਬ ਬਣਾਇਆ। ਅਖੀਰ ਵਿੱਚ ਗਾਇਕ ਪੱਪੀ ਭਦੌੜ, ਸਵ ਕੁਲਦੀਪ ਮਾਣਕ ਦੇ ਸ਼ਗਿਰਦ ਜੀਤਾ ਗਿੱਲ, ਸੁੱਖੀ ਢੋਲੀ, ਜ਼ੋਰਾ ਆਦਿ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਖ਼ੂਬ ਮਹਿਫ਼ਲ ਲਾਈ। ਸੱਭਿਆਚਾਰਕ ਸਟੇਜ ਲਈ ਮਿਊਜਕ ਬੈਂਡ ਬਿੱਟੂ ਦੇਵਗਨ ਗਰੁੱਪ ਪਹੁੰਚਿਆ ਹੋਇਆ ਸੀ। ਹੋਰ ਮੂਲ ਦੇ ਬੈਂਡ ਵੀ ਸ਼ੋਅ ਦੌਰਾਨ ਲੋਕਾਂ ਲਈ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਗਾਇਕ ਗੋਗੀ ਸੰਧੂ ਨੇ ਮੇਲੇ ਵਿੱਚ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਅਖੀਰ ਗਾਇਕ ਸ਼ੈਰੀ ਮਾਨ ਦੇ ਅਖਾੜੇ ਨੇ ਟਰੱਕ ਸ਼ੋਅ ਨੂੰ ਚਰਮ ਸੀਮਾ ਤੱਕ ਪਹੁੰਚਾਇਆ। ਉਹਨਾਂ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖ਼ੂਬ ਰੌਣਕਾਂ ਲਾਈਆਂ।

ਲੋਕੀ ਆਪਣੇ ਮਨ ਪਸੰਦੀ ਦੇ ਸੁਆਦਿਸ਼ਟ ਖਾਣੇ ਦੇ ਸਟਾਲਾਂ ਦਾ ਖ਼ੂਬ ਅਨੰਦ ਮਾਣ ਰਹੇ ਸਨ। ਅਖੀਰ ਜੇਤੂ ਟਰੱਕਰ ਵੀਰਾ ਨੂੰ ਕੱਪ ਅਤੇ ਇਨਾਮ ਦੇਕੇ ਨਿਵਾਜਿਆ ਗਿਆ। ਰਮਨ ਸਿੰਘ ਢਿੱਲੋ ਨੇ ਸਾਰਿਆ ਦਾ ਧੰਨਵਾਦ ਕੀਤਾ। ਅੰਤ ਅਮਿੱਟ ਪੈੜਾ ਛੱਡਦਾ ਇਹ ਟਰੱਕ ਸ਼ੋਅ ਯਾਦਗਾਰੀ ਹੋ ਨਬੜਿਆ। ਇਸ ਮੌਕੇ ਪੰਜਾਬੀ ਰੇਡੀਓ ਦੀ ਸਾਰੀ ਟੀਮ ਸੁਚੱਜੇ ਢੰਗ ਨਾਲ ਸ਼ੋਅ ਨੂੰ ਕਵਰ ਕਰ ਰਹੀ ਸੀ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ ’ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ’ ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾ-ਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਦਫ਼ਤਰੀ ਅੱਤਿਆਚਾਰ ਦਾ ਖ਼ੌਫ਼

**ਡਾ ਅਵਤਾਰ ਸਿੰਘ ਮਚਾਕੀ**

ਅੱਤਿਆਚਾਰ ਦੀਆਂ ਵੀ ਕਈ ਕਿਸਮਾਂ ਹਨ। ਸਮਾਜਿਕ, ਮਾਨਸਿਕ, ਆਰਥਿਕ, ਜਿਨਸੀ ਤੇ ਹਿਰਾਸਤੀ ਆਦਿ ਪਰ ਅੱਤਿਆਚਾਰਾਂ ਦੀ ਇਕ ਵੱਖਰੀ ਕਿਸਮ ਹੈ- ‘ਦਫ਼ਤਰੀ ਅੱਤਿਆਚਾਰ।’ ਇਹ ਸ਼੍ਰੇਣੀ ਸਰਕਾਰੀ, ਅਰਧ-ਸਰਕਾਰੀ, ਖ਼ੁਦਮੁਖਤਾਰ ਤੇ ਪ੍ਰਾਈਵੇਟ ਅਦਾਰਿਆਂ ਦੇ ਦਫ਼ਤਰਾਂ ਵਿਚ ਆਮ ਹੀ ਵੇਖਣ ਨੂੰ ਮਿਲਦੀ ਹੈ। ਸੁਰੱਖਿਆ ਏਜੰਸੀਆਂ, ਸੁਰੱਖਿਆ ਬਲ (ਜਲ ਸੈਨਾ, ਥਲ ਸੈਨਾ ਤੇ ਹਵਾਈ ਸੈਨਾ) ਅਤੇ ਨੀਮ ਫ਼ੌਜੀ ਬਲ ਵੀ ਇਸ ਦੀ ਲਪੇਟ ਵਿਚ ਹਨ। ਇਨ੍ਹਾਂ ਅਦਾਰਿਆਂ ਦੇ ਪੀੜਤ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਸ਼ਿਕਾਇਤਾਂ/ਸਮੱਸਿਆਵਾਂ ਨੂੰ ਹੱਲ ਕਰਨ ਲਈ ਕੇਂਦਰੀ ਤੇ ਸੂਬਾ ਪੱਧਰੀ ਨਿਆਂਇਕ ਟ੍ਰਿਬਿਊਨਲ ਜਾਂ ਅਨੁਸ਼ਾਸਨੀ ਕਾਰਵਾਈਆਂ ਨੂੰ ਨਿਪਟਾਉਣ ਲਈ ਸਪੈਸ਼ਲ ਕਮੇਟੀਆਂ ਬਣਾਈਆਂ ਗਈਆਂ ਹਨ।

ਦਿਨ-ਬ-ਦਿਨ ਵਧਦੇ ਜਾ ਰਹੇ ਦਫ਼ਤਰੀ ਅੱਤਿਆਚਾਰਾਂ ਪ੍ਰਤੀ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਮਰੱਥ ਅਧਿਕਾਰੀਆਂ ਦਾ ਰਵੱਈਆ ਬੇਹੱਦ ਨਿਰਾਸ਼ਾਜਨਕ ਤੇ ਨਿੰਦਣਯੋਗ ਹੈ। ਕਾਨੂੰਨ ਅਨੁਸਾਰ ਨਿਰਪੱਖ ਕਾਰਵਾਈ ਦੀ ਥਾਂ ਪੱਖਪਾਤੀ ਨਜ਼ਰੀਏ ਨਾਲ ਫ਼ੈਸਲਾ ਕਰ ਦੇਣਾ ਜਾਂ ਪੀੜਤ ਧਿਰ ਨੂੰ ਹੋਰ ਪਰੇਸ਼ਾਨ ਕਰਨ ਲਈ ਮਾਮਲੇ ਨੂੰ ਲਟਕਾ ਕੇ ਰੱਖਣਾ ਆਮ ਜਿਹਾ ਵਰਤਾਰਾ ਹੈ। ਦਫ਼ਤਰੀ ਅੱਤਿਆਚਾਰਾਂ ਨੂੰ ਡੂੰਘਾਈ ਨਾਲ ਵਾਚਿਆਂ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਸਬੰਧਤ ਅਮਲੇ-ਫੈਲੇ ਦੀਆਂ ਸ਼ਾਖਾਵਾਂ ਦੇ ਬਾਬੂ ਹੀ ਇਸ ਗ਼ੈਰ-ਕਾਨੂੰਨੀ ਵਰਤਾਰੇ ਦੀ ਪ੍ਰਮੁੱਖ ਕੜੀ ਹਨ।

ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉੱਚ ਪ੍ਰਸ਼ਾਸਕੀ ਅਧਿਕਾਰੀਆਂ ਦੀ ਬੁੱਧੀ ਨੂੰ ਕੇਸ ਫਾਈਲ ਤਿਆਰ ਕਰ ਕੇ ਦੇਣ ਵਾਲੇ ਬਾਬੂਆਂ ਨੇ ਵਸ ਵਿਚ ਕਰ ਰੱਖਿਆ ਹੋਵੇ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪ੍ਰਸ਼ਾਸਕੀ ਅਧਿਕਾਰੀ ਦਫ਼ਤਰੀ ਬਾਬੂਆਂ ਦੇ ਹੱਥਾਂ ਵਿਚ ਕਠਪੁਤਲੀ ਬਣ ਕੇ ਖੇਡਦੇ ਹਨ। ਧਿਆਨ ਕੇਂਦ੍ਰਿਤ ਕਰ ਕੇ ਆਪਣੀ ਨਿਆਇਕ ਸੂਝ-ਬੂਝ ਨਾਲ ਪੀੜਤ ਕਰਮਚਾਰੀ/ਅਧਿਕਾਰੀ ਦੀ ਫਾਈਲ ਨੂੰ ਵਾਚਣਾ ਤਾਂ ਦੂਰ, ਬਾਬੂਆਂ ਦੇ ਕਹਿਣ ਅਨੁਸਾਰ ਰੁਟੀਨ ਵਿਚ ਕੇਸ ਫਾਈਲਾਂ ਸਾਈਨ ਹੋ ਕੇ ਅੱਤਿਆਚਾਰੀ ਬਣ ਜਾਂਦੀਆਂ/ਰੋਲ ਜਾਂ ਦੱਬ ਦਿੱਤੀਆਂ ਜਾਂਦੀਆਂ ਜਾਂ ਫਿਰ ਠੰਢੇ ਬਸਤੇ ਵਿਚ ਪਾ ਕੇ ਅਣਮਿੱਥੇ ਸਮੇਂ ਲਈ ਲਟਕਾ ਦਿੱਤੀਆਂ ਜਾਂਦੀਆਂ ਹਨ। ਪੀੜਤ ਅਧਿਕਾਰੀ/ਕਰਮਚਾਰੀ ਵਾਰ-ਵਾਰ ਇਨ੍ਹਾਂ ਭ੍ਰਿਸ਼ਟ ਤੇ ਪੱਖਪਾਤੀ ਬਾਬੂਆਂ ਦੇ ਤਰਲੇ/ਮਿੰਨਤਾਂ/ਹਾੜ੍ਹੇ ਕੱਢਣ ਲਈ ਮਜਬੂਰ ਹੋ ਜਾਂਦਾ ਹੈ। ਬੁਰੀ ਮਨਸ਼ਾ ਨਾਲ ਕੇਸ ਲੰਬਿਤ ਰੱਖ ਕੇ ਪੀੜਤ ਕਰਮਚਾਰੀ/ਅਧਿਕਾਰੀ ਦਾ ਸਰਵਿਸ ਰਿਕਾਰਡ ਪ੍ਰਭਾਵਿਤ ਕਰਨ ਲਈ ਉਸ ਦੀਆਂ ਸਾਲਾਨਾ ਤਰੱਕੀਆਂ ਤੇ ਭੱਤੇ ਨਾਜਾਇਜ਼ ਹੀ ਰੋਕ ਲਏ ਜਾਂਦੇ ਹਨ। ਪਸ਼ੂ ਪਾਲਣ ਵਿਭਾਗ ਦੇ ਮੇਰੇ ਇਕ ਅਧਿਕਾਰੀ ਦੋਸਤ ਨੇ ਦੱਸਿਆ ਕਿ ਉਸ ਦਾ ਕੇਸ ਲੰਬਿਤ ਹੋਣ ਕਰਕੇ ਉਸ ਨੇ ਪੰਜਾਬ ਸਿਵਲ ਸਕੱਤਰੇਤ ਦੀ ਸਬੰਧਤ ਸ਼ਾਖਾ ਦੇ ਬਾਬੂ ਨੂੰ ਉਸ ਦੀ ਕੇਸ ਫਾਈਲ ਸਮੇਂ ਸਿਰ ਸਮਰੱਥ ਅਧਿਕਾਰੀ ਨੂੰ ਮੈਰਿਟ ਦੇ ਆਧਾਰ ’ਤੇ ਪੇਸ਼ ਕਰਨ ਲਈ ਬੇਨਤੀ ਕੀਤੀ ਤਾਂ ਅੱਗੋਂ ਬਾਬੂ ਨੇ ਝੱਟ ਹੀ ਕਹਿ ਦਿੱਤਾ ਕਿ ਆ ਕੇ ਮਿਲੋ।।। ਸਾਬ੍ਹ ਨੂੰ ਕੀ ਪਤਾ? ਉਸ ਨੇ ਤਾਂ ਉਵੇਂ ਹੀ ਸਾਈਨ ਕਰ ਦੇਣੇ ਜਿਵੇਂ ਅਸੀਂ ਲਿਖ ਕੇ ਭੇਜਾਂਗੇ।

ਖ਼ੈਰ! ਬਾਅਦ ਵਿਚ ਮੇਰੇ ਦੋਸਤ ਅਧਿਕਾਰੀ ਨੇ ਸਬੰਧਤ ਬਾਬੂ ਦੀ ਸਮਰੱਥ ਅਧਿਕਾਰੀ ਕੋਲ ਸ਼ਿਕਾਇਤ ਵੀ ਕੀਤੀ। ਇਹ ਹੈ ਵਰਤਾਰਾ ਵਿਗੜੇ ਦਫ਼ਤਰੀ ਤੰਤਰ ਅੰਦਰ ਬਾਬੂਆਂ ਦੀ ਦਬੰਗਗਿਰੀ ਦਾ। ਓਧਰ ਬਾਬੂਆਂ ਵੱਲੋਂ ਜਾਣਬੁੱਝ ਕੇ ਲਟਕਾਏ ਹੋਏ ਮਾਮਲੇ ਦੇ ਨਿਪਟਾਰੇ ਲਈ ਜੇ ਕੋਈ ਭੁੱਲਿਆ-ਚੁੱਕਿਆ ਅਧਿਕਾਰੀ ਜਾਂ ਕਰਮਚਾਰੀ ਹੇਠਲੀਆਂ ਅਦਾਲਤਾਂ ਜਾਂ ਉੱਚ ਅਦਾਲਤਾਂ ਵਿਚ ਫਰਿਆਦ ਕਰਦਾ ਹੈ ਤਾਂ ਓਥੇ ਵੀ ਕੇਸ ਸਾਲਾਂਬੱਧੀ ਫ਼ੈਸਲੇ ਦੀ ਘੜੀ ਨੂੰ ਉਡੀਕਦੇ ਰਹਿੰਦੇ ਹਨ। ਕਈ ਵਾਰ ਤਾਂ ਫ਼ੈਸਲੇ ਦੀ ਉਡੀਕ ਵਿਚ ਪੀੜਤ ਕਰਮਚਾਰੀ/ਅਧਿਕਾਰੀ ਇਨਸਾਫ਼ ਲੱਭਦਾ-ਲੱਭਦਾ ਇਸ ਜਹਾਨ ਤੋਂ ਹੀ ਕੂਚ ਕਰ ਜਾਂਦਾ ਹੈ।

ਪਰ ਸਦਕੇ ਜਾਈਏ ਮੇਰੇ ਦੇਸ਼ ਦੇ ਪ੍ਰਸ਼ਾਸਕੀ ਅਧਿਕਾਰੀਆਂ ਤੇ ਨਿਆਇਕ ਅਦਾਰਿਆਂ ਦੇ ਜਿਹੜੇ ਸਮੱਸਿਆਵਾਂ ਦਾ ਸਮਾਂਬੱਧ ਨਿਪਟਾਰਾ ਕਰਨ ਲਈ ਪਤਾ ਨਹੀਂ ਕਿਉਂ ਸੁਹਿਰਦ ਨਹੀਂ ਹੁੰਦੇ। ਨਿਆਇਕ ਅਦਾਰਿਆਂ ਵਿਚ ਹੁੰਦੀ ਖੱਜਲ-ਖੁਆਰੀ ਦਾ ਦ੍ਰਿਸ਼ ਪੇਸ਼ ਕਰਦਿਆਂ ਸੁਰਜੀਤ ਪਾਤਰ ਨੇ ਲਿਖਿਆ ਸੀ ਕਿ-

“ਇਸ ਅਦਾਲਤ ’ਚ ਬੰਦੇ ਬਿਰਖ ਹੋ ਗਏ
ਫ਼ੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।
ਆਖੋ ਏਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ।”

ਗਹੁ ਨਾਲ ਵਾਚੀਏ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਨਿਆਇਕ ਅਦਾਲਤਾਂ ਵਿਚ ਦਫ਼ਤਰੀ ਸਮੱਸਿਆਵਾਂ ਪਹੁੰਚਦੀਆਂ ਹੀ ਕਿਉਂ ਹਨ? ਸਮਰੱਥ ਪ੍ਰਸ਼ਾਸਕੀ ਅਧਿ-ਕਾਰੀ ਸਮੱਸਿਆਵਾਂ ਦਾ ਸਮਾਂਬੱਧ ਨਿਪਟਾਰਾ ਕਰਨ ਦੀ ਜ਼ਿੰਮੇਵਾਰੀ ਪ੍ਰਤੀ ਸੁਹਿਰਦ ਕਿਉਂ ਨਹੀਂ? ਕੀ ਸਮਰੱਥ ਪ੍ਰਸ਼ਾਸਕੀ ਅਧਿਕਾਰੀਆਂ ਦੀ ਬਾਬੂਆਂ ਨਾਲ ਮਿਲੀਭੁਗਤ ਹੈ? ਕੀ ਇਨ੍ਹਾਂ ਪ੍ਰਸ਼ਾਸਕੀ ਅਧਿਕਾਰੀਆਂ ’ਤੇ ਪੀੜਤ ਕਰਮਚਾਰੀ/ਅਧਿਕਾਰੀ ਦੀ ਸਮੱਸਿਆ ਦਾ ਹੱਲ ਕਰਨ ਲਈ ਕੋਈ ਕਾਨੂੰਨੀ ਸਮਾਂ ਸੀਮਾ ਲਾਗੂ ਨਹੀਂ ਹੁੰਦੀ? ਜੇ ਕਾਰਜਪਾਲਿਕਾ ਸੁਹਿਰਦ ਹੋ ਕੇ ਬਣਦੀ ਜ਼ਿੰਮੇਵਾਰੀ ਨਿਭਾਵੇ ਤਾਂ ਨਿਆਂਪਾਲਿਕਾ ਵਿਚ ਕੇਸਾਂ ਦੇ ਅੰਬਾਰ ਨਾ ਲੱਗਣ। ਉੱਚ ਪ੍ਰਸ਼ਾਸਕੀ ਅਧਿਕਾਰੀਆਂ ਦੀ ਨਾ-ਸੁਧਰਦੀ ਅਣਗਹਿਲੀ ਨੂੰ ਦੇਖਦਿਆਂ ਹਾਲ ਹੀ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਲਹਿਜ਼ਾ ਅਪਣਾ ਹੀ ਲਿਆ।

‘ਜਸਵਿੰਦਰ ਸਿੰਘ ਤੇ ਹੋਰ ਬਨਾਮ ਪੰਜਾਬ ਸਟੇਟ’ ਕੇਸ ਵਿਚ ਸੁਣਵਾਈ ਕਰਦਿਆਂ ਜਸਟਿਸ ਜੈ ਸ੍ਰੀਠਾਕੁਰ ਨੇ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਅਰਜ਼ੀ/ਲੀਗਲ ਨੋਟਿਸ ਤੇ 2 ਮਹੀਨੇ ਵਿਚ ਸਮਾਂਬੱਧ ਨਿਪਟਾਰਾ ਕੀਤਾ ਜਾਵੇ, ਨਹੀਂ ਤਾਂ ਜ਼ਿੰਮੇਵਾਰ ਸਮਰੱਥ ਅਧਿਕਾਰੀ ਆਪਣੀ ਜੇਬ ਵਿੱਚੋਂ ਜੁਰਮਾਨੇ ਦੇ ਤੌਰ ’ਤੇ 20000/- ਰੁਪਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਭਲਾਈ ਫੰਡ ਵਿਚ ਜਮ੍ਹਾ ਕਰਵਾਉਣ ਲਈ ਤਿਆਰ ਰਹੇ।

ਇਨ੍ਹਾਂ ਅਦਾਲਤੀ ਹੁਕਮਾਂ ਦਾ ਸਮਰੱਥ ਪ੍ਰਸ਼ਾਸਕੀ ਅਧਿਕਾਰੀਆਂ ’ਤੇ ਕਿੰਨਾ ਕੁ ਅਸਰ ਹੁੰਦਾ ਹੈ, ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ ਪਰ ਜੇ ਕਿਧਰੇ ਉੱਚ ਨਿਆਇਕ ਅਦਾਰੇ ਦੀ ਇਸ ਸਖ਼ਤ ਨਸੀਹਤ ਨੂੰ ਵੱਖ-ਵੱਖ ਵਿਭਾਗਾਂ ਦੇ ਉੱਚ ਤੇ ਸਮਰੱਥ ਅਧਿਕਾਰੀਆਂ ਨੇ ਕਾਨੂੰਨੀ ਨਿਰਦੇਸ਼ ਸਮਝ ਕੇ ਸੁਹਿਰਦਤਾ ਭਰਪੂਰ ਲਾਗੂ ਕਰ ਦਿੱਤਾ ਤਾਂ ‘ਦਫ਼ਤਰੀ ਅੱਤਿਆਚਾਰਾਂ’ ਦੇ ਬੇਲਗਾਮ ਵਧਦੇ ਅੰਕੜੇ ਨੂੰ ਠੱਲ੍ਹ ਪੈਂਦਿਆਂ ਦੇਰ ਨਹੀਂ ਲੱਗਣੀ ਤੇ ਭ੍ਰਿਸ਼ਟ ਬਾਬੂਆਂ ਦੇ ਮੱਕੜਜਾਲ ਵਿੱਚੋਂ ਕਰਮਚਾਰੀਆਂ/ਅਧਿ-ਕਾਰੀਆਂ ਨੂੰ ਮੁਕਤੀ ਮਿਲ ਜਾਵੇਗੀ।

ਨਾਲ ਹੀ ਪ੍ਰਸ਼ਾਸਕੀ ਅਧਿਕਾਰੀਆਂ ਦੀ ਅਣਦੇਖੀ ਕਾਰਨ ਨਿੱਤ ਅਦਾਲਤਾਂ ਵਿਚ ਵਧਦੇ ਕੇਸਾਂ ਨੂੰ ਠੱਲ੍ਹ ਪੈ ਜਾਵੇਗੀ। ਦਫ਼ਤਰੀ ਅੱਤਿਆਚਾਰਾਂ ਦੇ ਇਸ ਦੁਖਾਂਤ ਦਾ ਬਿਰਤਾਂਤ ਨਰੋਏ ਤੇ ਸੁਖਾਵੇਂ ਦਫ਼ਤਰੀ ਮਾਹੌਲ ਦੀ ਸਿਰਜਣਾ ਵਿਚ ਅਹਿਮ ਭੂਮਿਕਾ ਅਦਾ ਕਰੇਗਾ। ਸੱਚ ਬੋਲਣਾ ਤੇ ਕਹਿਣਾ ਹਰ ਸੱਭਿਅਕ ਤੇ ਜ਼ਿੰਮੇਵਾਰ ਨਾਗਰਿਕ ਦਾ ਮੁੱਢਲਾ ਫ਼ਰਜ਼ ਹੈ। ਅੰਤ ਵਿਚ ਮੈਂ ਆਪਣੀਆਂ ਲਿਖੀਆਂ ਸਤਰਾਂ ਜ਼ਰੀਏ ਇਹੀ ਕਹਾਂਗਾ ਕਿ-

“ਅਪੀਲ ਨਾ ਦਲੀਲ ਨਾ ਵਕੀਲ ਕੋਈ ਪੱਖ ਦਾ ਏ।।।
ਸ਼ਰੇਆਮ ਘੁੱਟੀ ਜਾਂਦਾ ਝੂਠ ਗਲਾ ਸੱਚ ਏ।”

# ਓਹਾਇਓ ਸੂਬੇ ਦੇ ਸ਼ਹਿਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਸਮਾਗਮਾਂ 'ਚ ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ





**ਸੈਕਰਾਮੈਂਟੋ-** ਖਾਲਸਾ ਸਾਜਨਾ ਦਿਵਸ ਮੌਕੇ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਸੰਬੰਧੀ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਪੰਜ ਪਿਆਰਿਆ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਏ ਗਏ। ਇਹ ਪਹਿਲੀ ਵਾਰ ਸੀ ਕਿ ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਰਿਹਾਸ਼ੀ ਅਬਾਦੀਆਂ ਵਿੱਚੋਂ ਦੀ ਵੀ ਲੰਘਿਆ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰ-ਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ, ਭਾਈ ਨਿਰਮਲ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਵਿਸ-ਾਖੀ ਦੇ ਇਹਨਾਂ ਸਮਾਗਮਾ ਦੌਰਾਨ ਪੂਰਾ ਹਫਤਾ ਭਾਈ ਪਿਆਰਾ ਸਿੰਘ ਪ੍ਰੇਮੀ ਦੇ ਢਾਡੀ ਜੱਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾਇਆ ਅਤੇ ਗੁਰੁ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਖਾਲਸਾ ਸਾਜਨਾ ਦਿਵਸ ਨੂੰ ਸਮ-ਰਪਿਤ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਖੁਨ ਦੇ ਟੈਸਟ (ਕਲੋਸਟਰੋਲ, ਸ਼ੁਗਰ), ਬਲੱਡ ਪਰੈਸ਼ਰ, ਦਿਲ ਦੀ ਈਕੇਜੀ, ਅਤੇ ਡਾਕਟਰੀ ਸਲਾਹ ਮਸ਼ਵਰਾ ਵੀ ਦਿੱਤਾ ਗਿਆ। ਸਿੱਖ ਭਾਈਚਾਰੇ ਦੇ ਡਾਕਟਰੀ ਖਿੱਤੇ ਨਾਲ ਜੁੜੇ ਮੈਂਬਰਾਂ ਨੇ ਇਹ ਸੇਵਾ ਕੀਤੀ। ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ, ਸੇਵਾਦਾਰਾਂ ਅਤੇ ਪਹਿਲੀ ਵਾਰ ਸ਼ਹਿਰ ਵਿੱਚ ਕੱਢੇ ਗਏ ਨਗਰ ਕੀਰਤਨ ਦੌਰਾਨ ਆਪਣੀਆਂ ਸੇਵਾਵਾਂ ਲਈ ਵੈਸਟ ਚੈਸਟਰ ਪੁਲਿਸ ਦਾ ਧੰਨਵਾਦ ਕੀਤਾ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ.ਐਸ.ਏ. ਖਬਰਨਾਮਾ (ਹੁਸਨ ਲੜੋਆ ਬੰਗਾ)

# ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ-ਕੈਲੇਫੋਰਨੀਆ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ















**ਸਟਾਕਟਨ, ਕੈਲੀਫੋਰਨੀਆ-** ਗਦਰੀ ਬਾਬਿਆਂ ਦੀ ਯਾਦ ਵਿਚ ਬਣੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ-ਕੈਲੇਫੋਰਨੀਆ ਵਿਖੇ ਖਾਲਸਾ ਸਾਜਨਾ ਦਿਹਾੜੇ ਮੌਕੇ ਲਗਭਗ ਮਹੀਨਾ ਭਰ ਚੱਲੇ ਧਾਰਮਿਕ ਦੀਵਾਨਾਂ ਅਤੇ ਸ੍ਰੀ ਆਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਐਤਕਾਂ ਸੰਗਤਾਂ ਦੀ ਇਸ ਨਗਰ ਕਿਰਤਨ ਦੌਰਾਨ ਰਿਕਾਰਡ ਤੋੜ ਆਮਦ ਰਹੀ। ਇਹ ਸ਼ਾਇਦ ਇਸ ਕਰਕੇ ਹੋਇਆ ਕਿਉਂ ਕਿ ਕਰੋਨਾ ਵਾਇਰਸ ਤੋਂ ਬਾਅਦ ਇਹ ਪਹਿਲਾ ਨਗਰ ਕੀਰਤਨ ਸੀ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਚਲੀ ਆ ਰਹੀ ਲੜੀ ਦੀ ਸੰਪੂਰਨਤ ਹੋਈ। ਇਸੇ ਤਰ੍ਹਾਂ ਹੀ 15 ਅਪ੍ਰੈਲ ਤੋਂ ਹਰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ ਲਗਾਤਾਰ 17 ਅਪ੍ਰੈਲ ਤੱਕ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ, ਭਾਈ ਜੁਝਾਰ ਸਿੰਘ ਜੀ ਹੁਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੇਵਕ ਸਿੰਘ ਜੀ ਸੰਗਰੂਰ ਵਾਲੇ, ਭਾਈ ਮਨਜੀਤ ਸਿੰਘ, ਭਾਈ ਜਗਮੋਹਨ ਸਿੰਘ ਜੰਮੂ ਹਜ਼ੂਰੀ ਰਾਗੀ ਸਟਾਕਟਨ ਗੁਰੂ ਘਰ, ਢਾਡੀ ਭਾਈ ਕੁਲਵੰਤ ਸਿੰਘ ਪੰਡੋਰੀ ਵਾਲੇ ਦਾ ਢਾਡੀ ਜਥਾ ਲਗਾਤਾਰ ਗੁਰਬਾਣੀ ਕੀਰਤਨ ਤੇ ਗੁਰ-ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਆਖਰੀ ਦਿਨ ਦੇ ਸਮਾਗਮਾਂ ਵਿਚ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਸਮੂਲੀਅਤ ਕੀਤੀ। ਐਤਕਾਂ ਵੀ ਦਿਵਾਨ ਹਾਲ ਚ ਵੱਖ ਵੱਖ ਬੁਲਾਰਿਆਂ ਦੇ ਦੌਰਾਨ ਖਾਲਿਸਤਾਨ ਦੇ ਨਾਅਰੇ ਲਗਦੇ ਰਹੇ। ਛਨੀਵਾਰ ਅਤੇ ਐਤਵਾਰ ਵਾਲੇ ਦਿਨ ਵੱਖ ਵੱਖ ਧਾਰਮਿਕ ਤੇ ਸਿਆਸੀ ਸਖਸ਼ੀਅਤਾਂ ਨੂੰ ਸਨਮਾਨਿਤ ਕਿਤਾ ਗਿਆ ਇਸ ਵੇਰਾਂ ਵੀ ਅਮਰਕੀਨ ਅਸੈਂਬਲੀਮੈਨ, ਕਾਂਗਰਸਮੈਨ , ਪੁਲੀਸ ਚੀਫ ਤੇ ਫਾਇਰ ਡਿਪਰਾਟਮੈਂਟ ਦੇ ਅਫਸਰਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਸਟਾਕਟਨ ਵਲੋਂ ਸਨਮਾਨਿਤ ਕੀਤਾ ਗਿਆ, ਇਸ ਤੋਂ ਇਲਾਵਾ ਸਿੱਖ ਭਾਈਚਾਰੇ ਦੇ ਆਗੂਆਂ ਨੇ ਨੇ ਵੱਖ ਵੱਖ ਵਿਚਾਰ ਰੱਖੇ ਜਿਸ ਦੌਰਾਨ ਉਨਾਂ ਭਾਰਤ ਵਿੱਚ ਸਿੱਖਾਂ ਨਾਲ ਹੋਰ ਰਹੀ ਜਿਆਦਤੀ, ਸਜਾ ਕੱਟ ਚੁੱਕੇ ਸਿੰਘਾਂ ਨੂੰ ਰਿਹਾ ਨਾ ਕਰਨਾ ਤੇ ਪੰਜਾਬ ਨਾਲ ਕੇਂਦਰ ਵਲੋਂ ਹੋ ਰਿਹਾ ਆਰਥਿਕ ਸ਼ੋਸ਼ਣ ਮੁੱਖ ਮੁੱਦੇ ਰਹੇ। ਇਸ ਨਗਰ ਕੀਰਤਨ ਦੌਰਾਨ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਮੁੱਖ ਸੁੰਦਰ ਫਲੋਟ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਦੇਹ ਸ਼ਸੋਭਤ ਸੀ, ਇਸ ਤੋਂ ਇਲਾਵਾ ਵੱਖ ਵੱਖ ਗੁਰੂ ਘਰਾਂ ਤੋਂ ਵਿਸ਼ੇਸ਼ ਤੌਰ ਤੇ ਫਲੋਟ ਸਜਾ ਕੇ ਨਗਰ ਕੀਰਤਨ ਚ ਸ਼ਾਮਿਲ ਕੀਤੇ ਗਏ ਸਨ। ਇਸ ਨਗਰ ਕੀਰਤਨ ਚ ਸੈਂਕੜੇ ਤਰਾਂ ਦੇ ਲੰਗਰਾਂ ਦਾ ਸੰਗਤ ਨੇ ਜਿਥੇ ਸੁਆਦ ਚੱਖਿਆ ਉਥੇ ਸੰਗਤ ਵਲੋਂ ਲੋੜੋਂ ਵੱਧ ਲੰਗਰ ਨੂੰ ਪੁਆ ਕੇ ਅੱਧ ਪਚੱਧਾ ਖਾ ਕੇ ਅਜਾਂਈ ਸੁੱਟਿਆ ਗਿਆ। ਇਸ ਮੌਕੇ ਸਟਾਕਟਨ ਪੁਲੀਸ ਵਲੋਂ ਪੁਲੀਸ ਭਰਤੀ ਲਈ ਕੈਂਪ ਵੀ ਲਗਾਇਆ ਗਿਆ। ਨਗਰ ਕੀਰਤਨ ਦੌਰਾਨ ਭਾਂਵੇਂ ਪ੍ਰਬੰਧਕਾਂ ਵਲੋਂ ਪਾਰਕਿੰਗ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਉਹ ਕਾਫੀ ਨਹੀਂ ਸੀ ਤੇ ਸੰਗਤਾਂ ਵਲੋਂ ਮਜਬੂਰ ਹੋ ਕੇ ਲੋਕਾਂ ਦੇ ਘਰਾਂ ਅੱਗੇ ਗੱਡੀਆਂ ਖੜੀਆਂ ਕਰਨ ਲਈ ਕਾਲੇ ਤੇ ਹੋਰ ਲੋਕ ਸੰਗਤਾਂ ਕੋਲੋਂ 20-25 ਡਾਲਰ ਵਸੂਲਦੇ ਰਹੇ, ਪ੍ਰਬੰਧਕਾਂ ਨੂੰ ਇਸਦਾ ਕੋਈ ਸਥਾਈ ਹੱਲ ਕਰਨਾ ਚਾਹੀਦਾ ਹੈ।




Prof. (Dr.) Ronki Ram's book Pagrhi Sambhal Lehar to Samyukt Kisan Morcha: A Century of Punjab Kisan Struggle 1907-2021 was released on April 15, 2022 at the Gurdwara Sahib (Sikh Temple), Stockton (California) USA. Prem K. Chumber, Editor-in-Chief, Ambedkar Times and Desh Doaba spoke about the book and introduced the author.





# ਰੂਸੀ ਸਾਹਿਤਕ ਰਚਨਾਵਾਂ ਦਾ ਅਨੁਵਾਦਕ ਡਾ.ਫਰੈਂਕ ਦਾ ਹੋਇਆ ਦੇਹਾਂਤ

**ਅੰਮ੍ਰਿਤਸਰ–**'ਮੇਰਾ ਦਾਗਿਸਤਾਨ' ਵਰਗੀ ਸੰਸਾਰ ਪ੍ਰਸਿੱਧ ਪੁਸਤਕ ਦਾ ਪੰਜਾਬੀ ਅਨੁਵਾਦ ਕਰਕੇ ਜਾਣੇ ਜਾਂਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਉੱਘੇ ਅਨੁਵਾਦਕ, ਸਾਹਿਤ ਸਿਧਾਂਤ ਤੇ ਆਲੋਚਨਾ ਦੇ ਪ੍ਰਬੁੱਧ ਵਿਦਵਾਨ ਡਾ ਗੁਰਬਖ਼ਸ਼ ਸਿੰਘ ਫਰੈਂਕ ਬੀਤੇ ਦਿਨੀਂ ਚਲ ਵਸੇ ਹਨ। ਡਾ ਫਰੈਂਕ ਲਗਪਗ ਡੇਢ ਦਹਾਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਵਿਭਾਗ ਵਿਚ ਅਧਿਆਪਕ ਵਜੋਂ ਪੜ੍ਹਾਉਂਦੇ ਰਹੇ।

ਦੱਸ ਦੇਈਏ ਕਿ 1 ਸਤੰਬਰ 1935 ਨੂੰ ਜਨਮੇ ਫਰੈਂਕ ਮੁੱਖ ਤੌਰ ਤੇ ਰੂਸੀ ਸਾਹਿਤਕ ਰਚਨਾਵਾਂ ਦਾ ਅਨੁਵਾਦਕ ਸੀ। ਉਨ੍ਹਾਂ ਨੇ ਤਿੰਨ ਨਾਵਾਂ: ਗੁਰੂਬਖ਼ਸ਼, ਗੁਰਬਖ਼ਸ਼ ਸਿੰਘ, ਗੁਰਬਖ਼ਸ਼ ਸਿੰਘ ਫ਼ਰੈਂਕ, ਹੇਠ ਆਪਣਾ ਅਨੁਵਾਦ-ਕਾਰਜ ਕੀਤਾ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਹਨ। ਪੰਜਾਬੀ ਚਿੰਤਨ ਦੀ ਦੁਨੀਆਂ ਵਿੱਚ ਫਰੈਂਕ ਦੀ ਕਾਰਜਸ਼ੀਲਤਾ ਦਾ ਦਾ ਸਮਾਂ ਵੀਹਵੀਂ ਸਦੀ ਦਾ ਨੌਵਾਂ ਦਹਾਕਾ ਰਿਹਾ। ਡਾ. ਫਰੈਂਕ ਆਪਣੀ ਮੁੱਢਲੀ ਉਮਰੇ ਰੂਸੀ ਸਫ਼ਾਰਤਖਾਨਾ ਦਿੱਲੀ ਵਿਖੇ ਪ੍ਰੈੱਸ ਤੇ ਪਬਲੀਕੇਸ਼ਨ ਡਵੀਜ਼ਨ ਵਿਚ ਮੁਲਾਜ਼ਮ ਸਨ। ਮਾਸਕੋ ਪ੍ਰਗਤੀ ਪ੍ਰਕਾਸ਼ਨ ਸਥਾਪਤ ਹੋਇਆ ਤਾਂ ਉਹ ਉੱਥੇ ਚਲੇ ਗਏ। ਇੰਸਟੀਚੂਟ ਆਫ ਓਰੀਐਂਟਲ ਸਟੱਡੀਜ਼ ਵਿਚ ਪੀ ਐਚ ਡੀ ਕਰਨ ਲਈ ਉਨ੍ਹਾਂ ਪਹਿਲਾਂ ਰੂਸੀ ਭਾਸ਼ਾ ਵਿਚ ਐਮ। ਏ। ਕੀਤੀ ਤੇ ਫਿਰ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਉੱਤੇ ਖੋਜ ਕਰ ਕੇ ਅਕਾਦਮਿਕ ਡਾਕਟਰ ਬਣੇ। 1975 ਵਿਚ ਆਪਣਾ ਖੋਜ ਕਾਰਜ ਖ਼ਤਮ ਕਰਨ ਤੋਂ ਬਾਅਦ ਉਹ ਇੱਕੋ ਇਕ ਪਹਿਲੇ ਪੰਜਾਬੀ ਲੇਖਕ ਸਨ, ਜਿਨ੍ਹਾਂ 'ਰੂਸੀ-ਪੰਜਾਬੀ ਸ਼ਬਦਕੋਸ਼' ਤਿਆਰ ਕੀਤਾ। ਉਹ 1969 ਈ। ਤੋਂ 1976 ਤਕ ਸੋਵੀਅਤ



ਯੂਨੀਅਨ ਵਿਖੇ ਅਨੁਵਾਦ ਦਾ ਕਾਰਜ ਕਰਦੇ ਰਹੇ ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪ੍ਰੋਫੈਸਰ ਬਣਨ ਤੋਂ ਬਾਅਦ ਇਕ ਵਾਰ ਫਿਰ ਉਨ੍ਹਾਂ ਮਾਸਕੋ ਜਾ ਕੇ ਇਕ ਪ੍ਰੋਜੈਕਟ ਉੱਤੇ ਕੰਮ ਕੀਤਾ। 1995 ਤਕ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਚੇਅਰਮੈਨਸ਼ਿਪ ਕਰਦਿਆਂ ਸੇਵਾ-ਮੁਕਤ ਹੋਏ। ਸੱਭਿਆਚਾਰ ਤੇ ਨਿੱਕੀ ਕਹਾਣੀ ਉਨ੍ਹਾਂ ਦੇ ਅਧਿਆਪਨ ਤੇ ਖੋਜ ਦੇ ਖੇਤਰ ਰਹੇ। 'ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ', 'ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ', 'ਸਾਹਿਤ ਦੀ ਸੰਬਾਦਕਤਾ ਅਤੇ ਹੋਰ ਲੇਖ', ਅਤੇ 'ਸੰਬਾਦ-1 1984', ਸਿਰਲੇਖ ਦੀਆਂ ਪੁਸਤਕਾਂ ਉਨ੍ਹਾਂ ਦੇ ਅਧਿਆਪਨ-ਜੀਵਨ ਦੀ ਦੇਣ ਹਨ। ਵਾਸਤਵ ਵਿਚ, ਡਾ. ਫਰੈਂਕ ਦੀ ਦਿਲਚਸਪੀ ਤੇ ਪੇਸ਼ੇਵਰ-ਸ਼ੌਕ ਅਨੁਵਾਦ ਦਾ ਰਿਹਾ। ਉਨ੍ਹਾਂ ਰੂਸੀ ਲੇਖਕ ਪੰਜਾਬੀ ਵਿਚ ਅਨੁਵਾਦ ਕਰ ਕੇ ਪੰਜਾਬੀ ਪਾਠਕਾਂ ਦੀ ਸਾਂਝ ਰੂਸੀ ਸਾਹਿਤ ਨਾਲ ਪੁਆਈ। ਟਾਲਸਟਾਏ, ਗੋਰਕੀ, ਚੈਖ਼ਵ, ਰਸੂਲ ਹਮਜ਼ਾਤੋਵ, ਪੁਸ਼ਕਿਨ ਆਦਿ ਲੇਖਕਾਂ ਦੇ ਸਾਹਿਤ ਤਕ ਡਾ। ਫਰੈਂਕ ਦੇ ਸਰਲ ਅਤੇ ਮਿਆਰੀ ਅਨੁਵਾਦ ਸਦਕਾ ਹੀ ਪੰਜਾਬੀ ਪਾਠਕ ਦੀ ਰਸਾਈ ਹੋ ਸਕੀ। ਕਮਿਊਨਿਸਟ ਸਾਹਿਤ ਅਤੇ ਮਾਰਕਸਵਾਦੀ ਫਲਸਫ਼ੇ ਦੀਆਂ ਵੀ ਚੋਖੀਆਂ ਕਿਤਾਬਾਂ ਪੰਜਾਬੀ ਵਿਚ ਉਲਥਾਈਆਂ। ਰੂਸੀ ਸਾਹਿਤ ਦੇ ਸਿਰਜਣਾਤਮਕ ਪਰਿਵੇਸ਼ ਦੀ ਮੌਲਿਕ ਸੂਝ ਨੇ ਡਾ। ਫਰੈਂਕ ਦੀ ਅਨੁਵਾਦਕ ਮੁਹਾਰਤ ਨੂੰ ਬਲ ਬਖਸ਼ਿਆ। ਜਿਸ ਕਰਕੇ ਉਨ੍ਹਾਂ ਦੀਆਂ ਅਨੁਵਾਦਿਤ ਪੁਸਤਕਾਂ ਵਿਚ ਉਪਰਾਪਨ ਪਾਠਕਾਂ ਨੂੰ ਮਹਿਸੂਸ ਨਹੀਂ ਹੁੰਦਾ ਅਤੇ ਭਾਸ਼ਾਈ ਮੌਲਿਕਤਾ ਦੇ ਅਹਿਸਾਸ ਕਰ ਕੇ ਪਾਠਕ ਲਈ ਪੁਸਤਕ ਪੜ੍ਹਨਯੋਗ ਤੇ ਮਾਨਣਯੋਗ ਲਗਦੀ ਹੈ। ਉਹ ਰੂਸੀ ਗਲਪ ਦੇ ਬਿਰਤਾਂਤਕ ਵਾਤਾਵਰਨ ਨੂੰ ਹੂਬਹੂ ਉਲਥਾਉਣ ਦੀ ਕਲਾਕਾਰੀ ਵਿਚ ਕਾਮਿਲ ਕਲਮਕਾਰ ਸਨ। ਟਾਲਸਟਾਏ ਦੀ 'ਪਾਦਰੀ ਸੇਰਗਈ' ਅਤੇ ਲੇਰਮੋਨਤੋਵ ਦੀ 'ਸਾਡੇ ਸਮੇਂ ਦਾ ਇਕ ਨਾਇਕ' ਉਨ੍ਹਾਂ ਦੀਆਂ ਅਨੁਵਾਦਿਤ ਦੋ ਹੋਰ ਕਿਤਾਬਾਂ ਵੀ ਜ਼ਿਕਰਯੋਗ ਹਨ। 'ਫ਼ਿਲਾਸਫੀ ਕੀ ਹੈ?' ਸਮੇਤ ਉਨ੍ਹਾਂ ਰੂਸੀ ਭਾਸ਼ਾ ਤੋਂ ਪੰਜਾਬੀ ਜ਼ੁਬਾਨ ਵਿਚ ਲਗਪਗ ਤਿੰਨ ਦਰਜਨ ਪੁਸਤਕਾਂ ਦਾ ਤਰਜਮਾ ਕੀਤਾ ਸੀ। ਰੂਸੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਤਕ ਪਰਪੱਕ ਪਹੁੰਚ ਸਦਕਾ ਡਾ। ਫਰੈਂਕ ਨੇ ਸਿਰਫ਼ ਰੂਸੀ ਸਾਹਿਤ ਤੇ ਦਰਸ਼ਨ ਦੀਆਂ ਕਲਾਸਿਕ ਪੁਸਤਕਾਂ ਦਾ ਹੀ ਅਨੁ-ਵਾਦ ਨਹੀਂ ਕੀਤਾ, ਸਗੋਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਆਬਿਦ ਹੁਸੈਨ ਆਦਿ ਦੀਆਂ ਲਿਖਤਾਂ ਨੂੰ ਵੀ ਪੰਜਾਬੀ ਪਾਠਕਾਂ ਤਕ ਦਸਤਯਾਬ ਕੀਤਾ ਸੀ। ਉਨ੍ਹਾਂ ਦੀ ਅਨੁਵਾਦਕ ਕਲਾ ਨੂੰ ਮਾਣਤਾ ਦਿੰਦਿਆਂ ਭਾਰਤੀ ਸਾਹਿਤ ਅਕਾਦਮੀ, ਦਿੱਲੀ ਨੇ 2012 ਵਿਚ ਕੌਮੀ ਪੁਰਸਕਾਰ ਦੇ ਕੇ ਉਨ੍ਹਾਂ ਨੂੰ ਸਨਮਾਨਿਆ ਗਿਆ ਸੀ। ਉਨ੍ਹਾਂ ਦੀ ਉਲਥਾਈ ਪੁਸਤਕ 'ਭਾਰਤੀ ਨਿੱਕੀ ਕਹਾਣੀ' ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ।

# ਤਨਮਨਜੀਤ ਸਿੰਘ ਢੇਸੀ ਦੀ ਭਗਵੰਤ ਮਾਨ ਨਾਲ ਮੀਟਿੰਗ ਤੇ ਸਿਆਸੀ ਬਵਾਲ

**ਚੰਡੀਗੜ੍ਹ–** ਬੀਤੇ ਦਿਨੀਂ ਯੂ ਕੇ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕੀਤੀ ਸੀ, ਜਿਸ ਤੇ ਭਾਜਪਾ ਸਖਤ ਨਰਾਜ਼ ਹੋਈ ਪਈ ਹੈ। ਭਾਜਪਾ ਆਗੂ ਅਤੇ ਸਾਬਕਾ ਫੌਜ ਮੁਖੀ ਜੇ ਜੇ ਸਿੰਘ ਨੇ ਇਸ ਬੈਠਕ ਤੇ ਸਵਾਲ ਚੁੱਕੇ ਸਨ। ਉਨ੍ਹਾਂ ਨੇ ਕਿਹਾ ਕਿ 'ਆਪ' ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੀ ਇਹ ਬ੍ਰਿਟਿਸ਼ ਦੇ 'ਵੱਖਵਾਦੀ ਅਤੇ ਭਾਰਤ ਵਿਰੋਧੀ' ਵਿਚਾਰਾਂ ਦਾ ਸਮਰਥਨ ਕਰਦੀ ਹੈ। ਉਨ੍ਹਾਂ ਸੀਐੱਮ ਮਾਨ ਨਾਲ ਢੇਸੀ ਦੀ ਮੁਲਾਕਾਤ 'ਤੇ ਆਪ ਤੋਂ ਸਪਸ਼ਟੀਕਰਨ ਮੰਗਿਆ ਅਤੇ ਢੇਸੀ ਤੇ ਭਾਰਤ ਵਿਰੋਧੀ ਸਟੈਂਡ ਰੱਖਣ ਦੇ ਇਲਜ਼ਾਮ ਲਗਾਏ ਸਨ। ਹੁਣ ਇਸ ਮਾਮਲੇ ਵਿੱਚ ਆਪ ਨੇ ਬੀਜੇਪੀ 'ਤੇ ਤਿੱਖਾ ਪਲਟਵਾਰ ਕੀਤਾ ਹੈ। ਸੋਸ਼ਲ ਮੀਡੀਆ 'ਤੇ ਪੁਰਾਣੀਆਂ ਤਸਵੀਰਾਂ ਪੋਸਟ ਕੀਤੀਆਂ, ਜਿਸ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਤੋਂ ਲੈ ਕੇ ਬੀਜੇਪੀ ਦੇ ਕੇਂਦਰੀ ਮੰਤਰੀਆਂ ਢੇਸੀ ਨਾਲ ਮੁਲਾਕਾਤ ਕਰ ਰਹੇ ਹਨ। ਆਪ ਨੇ ਕਿਹਾ ਕਿ ਬੀਜੇਪੀ ਦਾ ਦੋਗਲਾ ਚਿਹਰਾ ਸਾਹਮਣੇ ਆਇਆ ਹੈ। ਦੱਸ ਦੇਈਏ ਕਿ ਕਾਨੂੰਨ ਨਿਰਮਾਤਾ ਲੇਬਰ ਪਾਰਟੀ ਦੇ ਸੰਸਦ ਮੈਂਬਰ ਢੇਸੀ ਨੇ ਪਿਛਲੇ ਹਫ਼ਤੇ 'ਆਪ' ਦੇ ਰਾਜ ਸਭਾ



ਮੈਂਬਰ ਰਾਘਵ ਚੱਢਾ ਨਾਲ ਮਾਨ ਨਾਲ ਮੁਲਾਕਾਤ ਕੀਤੀ ਸੀ। ਮੀਟਿੰਗ ਤੋਂ ਬਾਅਦ ਢੇਸੀ ਨੇ ਟਵੀਟ ਕੀਤਾ, "ਪੰਜਾਬ ਦੇ ਮੁੱਖ ਮੰਤਰੀ ਦੇ ਧੰਨਵਾਦੀ ਹਾਂ ਜਿਸ ਨਾਲ ਉਨ੍ਹਾਂ ਨੇ ਮੇਰਾ ਚੰਡੀਗੜ੍ਹ ਸਥਿਤ ਨਿਵਾਸ 'ਤੇ ਸਵਾਗਤ ਕੀਤਾ। ਅਸੀਂ... ਐਨ ਆਰ ਆਈ ਉਮੀਦਾਂ, ਚਿੰਤਾਵਾਂ ਅਤੇ ਪੰਜਾਬ ਦੀ ਤਰੱਕੀ ਦੇਖਣ ਦੀ ਇੱਛਾ ਬਾਰੇ ਲੰਮੀ ਚਰਚਾ ਕੀਤੀ। ਉਸਨੇ ਮੈਨੂੰ ਇਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਦਾ ਭਰੋਸਾ ਦਿੱਤਾ।

ਮੀਟਿੰਗ 'ਤੇ ਟਿੱਪਣੀ ਕਰਦਿਆਂ, ਸਾਬਕਾ ਫੌਜ ਮੁਖੀ ਜਨਰਲ ਜੇਜੇ ਸਿੰਘ ਨੇ ਕਿਹਾ ਸੀ ਕਿ , "ਇਹ ਬਹੁਤ ਮੰਦਭਾਗਾ ਹੈ ਕਿ ਪੰਜਾਬ ਦੀ 'ਆਪ' ਸਰਕਾਰ... ਲੇਬਰ ਪਾਰਟੀ ਦੇ ਸੰਸਦ ਮੈਂਬਰ ਢੇਸੀ ਦਾ ਸਵਾਗਤ ਕਰਨ ਲਈ ਵਾਧੂ ਮੀਲ ਜਾ ਰਹੀ ਹੈ, ਜਿਸ ਦੇ ਵਿਚਾਰ ਵੱਖਵਾਦੀ ਅਤੇ ਭਾਰਤ ਵਿਰੋਧੀ ਹਨ। 'ਆਪ' ਨੇ ਦੇਸ਼ ਨੂੰ ਸਪੱਸ਼ਟੀਕਰਨ ਦੇਣਾ ਹੈ ਕਿ ਕੀ ਉਹ ਕਸ਼ਮੀਰ ਅਤੇ ਹੋਰ ਮਾਮਲਿਆਂ 'ਤੇ ਉਸ ਦੇ ਵਿਚਾਰਾਂ ਦਾ ਸਮਰਥਨ ਕਰਦੀ ਹੈ ਜੋ ਸਾਡੇ ਦੇਸ਼ ਦੇ ਵਿਰੁੱਧ ਹਨ। ਭਾਜਪਾ ਆਗੂ ਨੇ ਅੱਗੇ ਕਿਹਾ ਕਿ ਮਾਨ ਨੂੰ ਇਹ ਖੁਲਾਸਾ ਕਰਨਾ ਚਾਹੀਦਾ ਹੈ ਕਿ ਢੇਸੀ ਨਾਲ ਮੀਟਿੰਗ ਦੌਰਾਨ ਕੀ ਹੋਇਆ ਅਤੇ ਪੰਜਾਬ ਦੀ 'ਆਪ' ਸਰਕਾਰ ਨੇ ਉਨ੍ਹਾਂ ਨਾਲ ਕੀ ਵਾਅਦੇ ਕੀਤੇ ਹਨ। ਢੇਸੀ ਨੇ ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰਨ ਦੀ ਆਲੋਚਨਾ ਕੀਤੀ ਸੀ।

ਦੂਜੇ ਪਾਸੇ ਤਨਮਨਜੀਤ ਢੇਸੀ ਨੇ ਭਾਜਪਾ ਨੂੰ ਜਵਾਬ ਦਿੱਤਾ ਹੈ ਤੇ ਕਿਹਾ ਕਿ ਮੈਂ ਕਦੇ ਕੋਈ ਦੇਸ਼ ਵਿਰੋਧੀ ਗੱਲ ਨਹੀਂ ਕੀਤੀ ਤੇ ਕਿਹਾ ਕਿ ਮੇਰੇ ਸਾਰੇ ਬਿਆਨ ਸੋਸ਼ਲ ਮੀਡੀਆ 'ਤੇ ਹਨ। ਉਨ੍ਹਾਂ ਕਿਹਾ ਕਿ ਸ਼ਰਾਰਤੀ ਲੋਕ ਬੇਵਜ੍ਹਾ ਦਾ ਮੁੱਦਾ ਬਣਾ ਰਹੇ।







# ਅੰਬੇਡਕਰ ਮਿਸ਼ਨ ਸੁਸਾਇਟੀ ਨੇ ਮਨਾਇਆ ਬਾਬਾ ਸਾਹਿਬ ਅੰਬੇਡਕਰ ਦਾ 131 ਵਾਂ ਜਨਮ ਦਿਨ








**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ) ਵੱਲੋਂ ਅੱਜ ਅੰਬੇਡਕਰ ਭਵਨ, ਅੰਬੇਡਕਰ ਮਾਰਗ, ਜਲੰਧਰ, ਵਿਖੇ ਬਾਬਾ ਸਾਹਿਬ ਡਾ।ਬੀ।ਆਰ।ਅੰਬੇਡਕਰ ਦੇ ਜਨਮ ਦਿਨ ਸਬੰਧੀ ਅੰਬੇਡਕਰ ਭਵਨ ਟਰੱਸਟ (ਰਜਿ।) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਪੰਜਾਬ ਇਕਾਈ ਦੇ ਸਹਿਯੋਗ ਨਾਲ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ੍ਰੀ ਹਰਮੇਸ਼ ਜੱਸਲ, ਟਰੱਸਟੀ ਅੰਬੇਡਕਰ ਭਵਨ ਟਰੱਸਟ ਵੱਲੋਂ ਬੁੱਧ ਵੰਦਨਾ ਨਾਲ ਕੀਤੀ ਗਈ। ਸਮਾਗਮ ਵਿੱਚ ਸ੍ਰੀ ਅਸ਼ੋਕ ਸਹੋਤਾ (ਐਮ ਏ ਰਾਜਨੀਤੀ ਸ਼ਾਸਤਰ, ਅੰਗਰੇਜ਼ੀ, ਪੰਜਾਬੀ) ਮੁੱਖ ਬੁਲਾਰੇ ਸਨ।

ਸ੍ਰੀ ਸਹੋਤਾ ਨੇ ਸਮਾਜਿਕ ਲੋਕਤੰਤਰ 'ਤੇ ਬੋਲਦਿਆਂ ਕਿਹਾ ਕਿ ਭਾਰਤ ਇੱਕ ਮਹਾਨ ਲੋਕਤੰਤਰੀ ਦੇਸ਼ ਹੈ। ਬਾਬਾ ਸਾਹਿਬ ਨੇ ਵੋਟ ਦਾ ਅਧਿਕਾਰ, 'ਇੱਕ ਵੋਟ ਇੱਕ ਮੁੱਲ' ਦੇ ਕੇ ਸਾਰੇ ਭਾਰਤੀਆਂ ਨੂੰ ਰਾਜਨੀਤਿਕ ਤੌਰ 'ਤੇ ਬਰਾਬਰ ਬਣਾਇਆ। ਪਰ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਭਾਰਤ ਦੇ ਲੋਕ ਆਰਥਿਕ ਅਤੇ ਸਮਾਜਿਕ ਤੌਰ 'ਤੇ ਬਰਾਬਰ ਨਹੀਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਇਸ 'ਤੇ ਕੰਮ ਕਰਨਾ ਚਾਹੀਦਾ ਹੈ ਨਹੀਂ ਤਾਂ ਇਹ ਗੈਰ ਸਮਾਨਤਾ ਖਤਰਨਾਕ ਸਾਬਤ ਹੋ ਸਕਦੀ ਹੈ। ਸ੍ਰੀ ਆਨੰਦ ਬਾਲੀ ਕੈਨੇਡਾ ਅਤੇ ਸ੍ਰੀ ਓ ਪੀ ਆਜ਼ਾਦ ਯੂ ਕੇ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਵਿਚਾਰ ਪੇਸ਼ ਕੀਤੇ । ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਅੰਬੇਡਕਰਵਾਦੀ, ਲੇਖਕ ਅਤੇ ਚਿੰਤਕ, ਭੀਮ ਪੱਤਰਿਕਾ ਦੇ ਸੰਪਾਦਕ ਸ੍ਰੀ ਐਲ ਆਰ ਬਾਲੀ ਨੇ ਕੀਤੀ। ਸ੍ਰੀ ਬਾਲੀ ਨੇ ਕਿਹਾ ਕਿ ਜੇਕਰ ਅਨੁਸੂਚਿਤ ਜਾਤੀ ਦੇ ਦੋ ਭਾਈਚਾਰਿਆਂ ਦੇ ਲੋਕ ਇਕੱਠੇ ਹੋ ਜਾਣ ਤਾਂ ਉਨ੍ਹਾਂ ਨੂੰ ਭਾਰਤ ਦਾ ਹਾਕਮ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਦਲਿੱਤਾਂ ਤੇ ਅਤਿਆਚਾਰ ਦਿਨੋ ਦਿਨ ਵੱਧ ਰਹੇ ਹਨ ਜੋ ਅੱਛੇ ਸੰਕੇਤ ਨਹੀਂ ਹਨ। ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ।ਜੀ।ਸੀ।ਕੌਲ ਐਮਏ ਪੀਐੱਚਡੀ ਅਤੇ ਸ੍ਰੀ ਜਸਵਿੰਦਰ ਵਰਿਆਣਾ, ਸੂਬਾ ਪ੍ਰਧਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਇਕਾਈ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਪ੍ਰਧਾਨ ਸ੍ਰੀ ਸੋਹਣ ਲਾਲ ਸਾਬਕਾ ਡੀ ਪੀ ਆਈ (ਕਾਲਜਾਂ) ਨੇ ਸਵਾਗਤੀ ਭਾਸ਼ਣ ਦਿੱਤਾ ਅਤੇ ਸੁਸਾਇਟੀ ਦੇ ਮੀਤ ਪ੍ਰਧਾਨ ਡਾ: ਰਵੀ ਕਾਂਤ ਪਾਲ ਨੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਾਰਿਆਂ ਦਾ ਧੰਨਵਾਦ ਕੀਤਾ। ਸ੍ਰੀ ਜਗਤਾਰ ਵਰਿਆਣਵੀ ਐਂਡ ਪਾਰਟੀ ਨੇ ਮਿਸ਼ਨਰੀ ਗੀਤ ਪੇਸ਼ ਕੀਤੇ। ਮੰਚ ਸੰਚਾਲਨ ਐਡਵੋਕੇਟ ਕੁਲਦੀਪ ਭੱਟੀ ਅਤੇ ਚਰਨ ਦਾਸ ਸੰਧੂ ਨੇ ਬਾਖੂਬੀ ਨਿਭਾਇਆ।

ਇਸ ਸਮਾਗਮ ਵਿਚ ਸ੍ਰੀ ਐਲ ਆਰ ਬਾਲੀ ਦੁਆਰਾ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਗਈ ਪੁਸਤਕ 'ਡਾ। ਬੀ ਆਰ ਅੰਬੇਡਕਰ ਲਾਈਫ ਐਂਡ ਮਿਸ਼ਨ' , ਹਰਬੰਸ ਵਿਰਦੀ ਦੁਆਰਾ ਲਿਖੀ ਗਈ ਪੁਸਤਕ 'ਆਜ਼ਾਦੀ ਦਾ ਮਾਰਗ' ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਪੰਜਾਬ ਇਕਾਈ ਦੁਆਰਾ 'ਭਾਰਤੀ ਨੌਜਵਾਨਾਂ ਦੀਆਂ ਸਮੱਸਿਆਵਾਂ' ਵਿਸ਼ੇ 'ਤੇ ਪ੍ਰਕਾਸ਼ਿਤ ਕੀਤਾ ਗਿਆ ਸੋਵੀਨਾਰ ਵੀ ਰਿਲੀਜ ਕੀਤੇ ਗਏ। ਮੰਚ ਤੋਂ ਤਿੰਨ ਰੇਸੋਲੂਸ਼ਨ ਜਾਰੀ ਕਰ ਕੇ ਸਰਕਾਰ ਨੂੰ ਬੇਨਤੀ ਕੀਤੀ ਗਈ : (1)- ਜੋ ਪੰਜਾਬ ਵਿਚ ਪ੍ਰੀਤਮ ਫਿਲਮ ਪ੍ਰੋਡਕਸ਼ਨ ਦੁਆਰਾ ਬਾਬਾਸਾਹਿਬ ਡਾ ਅੰਬੇਡਕਰ ਦੇ ਜੀਵਨ ਅਤੇ ਸੰਘਰਸ਼ਾਂ ਤੇ ਐਨੀਮੇਟਡ ਫਿਲਮ "ਜੈ ਭੀਮ" ਰਿਲੀਜ ਹੋਈ ਹੈ, ਉਸਦਾ ਟੈਕਸ ਮਾਫ ਕਰਕੇ ਟੈਕਸ ਫ੍ਰੀ ਕੀਤੀ ਜਾਵੇ। (2) - ਪੰਜਾਬ ਵਿਚ ਮਿਨੋਰਟੀ ਕਮਿਸ਼ਨ ਬਣਾ ਕੇ ਉਸਦੀਆਂ ਮੀਟਿੰਗਾਂ ਕੀਤੀਆਂ ਜਾਣ। (3 ) - ਬਾਬਾ ਸਾਹਿਬ ਡਾ। ਅੰ-ਬੇਡਕਰ ਦਾ ਸਾਹਿਤ 'ਬਾਬਾ ਸਾਹਿਬ ਡਾ। ਅੰਬੇਡਕਰ ਰਈਟਿ-ਗਜ਼ ਐਂਡ ਸਪੀਚੇਜ' ਕਾਫੀ ਸਮੇਂ ਤੋਂ ਆਊਟ ਆਫ ਸਟਾਕ ਹੈ, ਉਸਨੂੰ ਤੁਰੰਤ ਛਾਪਿਆ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਰਾਜ ਭਾਰਦਵਾਜ, ਡਾ: ਰਾਹੁਲ ਕੁਮਾਰ, ਡਾ: ਮਹਿੰਦਰ ਸੰਧੂ, ਪਿਸ਼ੋਰੀ ਲਾਲ ਸੰਧੂ, ਮਲਕੀਅਤ ਖਾਂਬਰਾ, ਚਮਨ ਸਾਂਪਲਾ, ਗੁਰਦਰਸ਼ਨ ਬੰਗੜ, ਬਲਵੰਤ ਭਾਟੀਆ, ਪ੍ਰਿੰਸੀਪਲ ਪਰਮਜੀਤ ਜੱਸਲ, ਸਤ ਪਾਲ ਸੁਮਨ, ਪਿਆਰਾ ਲਾਲ ਚਾਹਲ ਏ ਸੀ (ਆਈਟੀ ), ਡਾ। ਆਰ ਐਲ ਜੱਸੀ ਸਾਬਕਾ ਏਡੀਜੀਪੀ (ਜੰਮੂ-ਕਸ਼ਮੀਰ), ਪ੍ਰਿੰਸੀਪਲ ਤੀਰਥ ਬਸਰਾ, ਪ੍ਰਿੰਸੀਪਲ ਚੰਦਰ ਕਾਂਤਾ, ਡਾ।ਕੇਵਲ, ਕ੍ਰਿਸ਼ਨ ਕਲਿਆਣ, ਮੈਡਮ ਸੁਦੇਸ਼ ਕਲਿਆਣ, ਦਰਸ਼ਨ ਲਾਲ ਜੇਠੂਮਜਾਰਾ, ਪ੍ਰੋ: ਬਲਬੀਰ, ਡੀ ਪੀ ਭਗਤ, ਪਰਮ ਦਾਸ ਹੀਰ, ਮਲਕੀਤ ਸਿੰਘ ਦਿਓਲ ਨਗਰ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਪ੍ਰੋ: ਅਸ਼ਨੀ ਜੱਸਲ, ਰਾਜ ਕੁਮਾਰ ਵਰਿਆਣਾ, ਵਿਪਨ ਕੁਮਾਰ ਸਾਬਕਾ ਕੌਂਸਲਰ, ਨਿਰਮਲ ਬਿੰਜੀ, ਐਡਵੋਕੇਟ ਰਜਿੰਦਰ ਬੋਪਾਰਾਏ, ਐਡਵੋਕੇਟ ਪ੍ਰਿਤਪਾਲ ਸਿੰਘ, ਐਡਵੋਕੇਟ ਮਧੂ ਰਚਨਾ, ਮਿਸ ਪ੍ਰੀਤਿ ਕੌਲਧਾਰ , ਮਿਸ ਬੁੱਧ ਪ੍ਰਿਆ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਦੇ ਨਾਂ ਜਾਰੀ ਇੱਕ ਬਿਆਨ ਵਿਚ ਦਿੱਤੀ।

# ਐੱਸਸੀ.ਬੀਸੀ. ਫੈੱਡਰੇਸ਼ਨ ਨੇ ਮਨਾਈ ਬਾਬਾ ਸਾਹਿਬ ਜਯੰਤੀ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੇ ਦਿਸ਼ਾ ਨਿਰਦੇਸ਼ ਹੇਠ ਜ਼ਿਲ੍ਹਾ ਪ੍ਰਧਾਨ ਡਾ. ਜਸਵੰਤ ਰਾਏ ਦੀ ਅਗਵਾਈ ਵਿੱਚ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ 131ਵੀਂ ਜਯੰਤੀ ਬੜੀ ਧੂਮ ਧਾਮ ਨਾ਼ਲ ਮਨਾਈ ਗਈ।ਸਵੇਰੇ ਸੱਤ ਵਜੇ ਰਚਾਏ ਗਏ ਸਮਾਗਮ ਵਿੱਚ ਸੂਬਾ ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਪਹੁੰਚੇ।ਇਸ ਸਮੇਂ ਫੈਡਰੇਸ਼ਨ ਦੀ ਤਹਿਸੀਲ ਹੁਸ਼ਿਆਰਪੁਰ ਇਕਾਈ ਦੇ ਸਮੂਹ ਅਹੁਦੇਦਾਰ ਆਪਣੇ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਆਗੂਆਂ ਨੇ ਬਾਬਾ ਸਾਹਿਬ ਨੂੰ ਫੁਲਮਾ਼ਲਾ ਅਰਪਣ ਕਰਦਿਆਂ ਲੱਡੂ ਵੰਡੇ।




ਇਸ ਸਮੇਂ ਸੰਖੇਪ ਵਿੱਚ ਗੱਲ ਕਰਦਿਆਂ ਜ਼ਿਲ੍ਹਾ ਪ੍ਰਧਾਨ ਡਾ. ਜਸਵੰਤ ਰਾਏ ਨੇ ਕਿਹਾ ਕਿ ਫੈਡਰੇਸ਼ਨ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਪਿਛਲੇ 25 ਸਾਲਾਂ ਤੋਂ ਕੰਮ ਕਰ ਰਹੀ ਹੈ।ਸੰਵਿਧਾਨ ਵਿੱਚ ਬਾਬਾ ਸਾਹਿਬ ਨੇ ਜੋ ਹੱਕ ਹਕੂਕ ਦਲਿਤ ਸਮਾਜ ਅਤੇ ਮੁਲਾਜ਼ਮਾਂ ਨੂੰ ਦਿੱਤੇ ਹਨ ਉਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅਮਲੀ ਜਾਮਾ ਨਹੀਂ ਪਹਿਨਾਇਆ।ਇਸ ਲਈ ਆਪਣੇ ਮਿਸ਼ਨ ਨੂੰ ਪੂਰਨ ਕਰਨ ਹਿੱਤ ਫੈਡਰੇਸ਼ਨ ਬਲਾਕ ਪੱਧਰ ਤੇ ਆਪਣੀਆਂ ਇਕਾਈਆਂ ਨੂੰ ਮਜ਼ਬੂਤ ਕਰਨ ਲਈ ਲਾਮਬੰਦ ਕਰ ਰਹੀ ਹੈ।ਫੈਡਰੇਸ਼ਨ ਵਲੋਂ ਜ਼ਿਲ੍ਹਾ ਪੱਧਰ ਤੇ ਬਾਬਾ ਸਾਹਿਬ ਦਾ ਜਨਮ ਦਿਵਸ 15 ਮਈ ਨੂੰ ਹੈੱਡਕੁਆਟਰ ਤੇ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਜਰਨੈਲ ਸਿੰਘ ਸੀਕਰੀ, ਯੋਧਾ ਮੱਲ ਪਾਲ, ਪ੍ਰਿੰਸੀਪਲ ਸ਼ਿਵ ਸਿੰਘ ਬੰਗੜ, ਪ੍ਰਿੰਸੀਪਲ ਰਣਜੀਤ ਕੁਮਾਰ, ਬਲਵਿੰਦਰ ਕੁਮਾਰ, ਗੁਲਜਾਰੀ ਲਾਲ, ਹੰਸ ਰਾਜ ਹੰਸ, ਲੈਕ ਪ੍ਰਭਜੋਤ ਸਿੰਘ, ਲੈਕ ਅਮਰਜੀਤ ਸਿੰਘ, ਲੈਕ ਬਲਦੇਵ ਕੁਮਾਰ, ਸੰਦੀਪ ਕੁਮਾਰ, ਹੇਮ ਰਾਜ, ਲੈਕ ਨਰੇਸ਼ ਕੁਮਾਰ, ਸੁਰਜੀਤ ਕੁਮਾਰ, ਲੈਕ ਪੂਰਨ ਸਿੰਘ, ਅਮਰਜੀਤ ਰਾਏ, ਅੰਕੁਸ਼ ਰਾਏ, ਲੈਕ ਰਾਜਵਿੰਦਰ ਕੌਰ, ਬਬੀਤਾ ਰਾਣੀ, ਪਰਦੀਪ ਜੱਸੀ, ਮਨਜੀਤ ਕੌਰ, ਭਾਰਤੀ ਮੈਡਮ, ਕਮਲੇਸ਼ ਰਾਣੀ ਆਦਿ ਵਰਕਰ ਹਾਜ਼ਰ ਸਨ।

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ 24 ਅਪ੍ਰੈਲ 2022 ਦਿਨ ਐਤਵਾਰ ਨੂੰ ਡਾ. ਅੰਬੇਦਕਰ ਦਾ 131ਵਾਂ ਜਨਮ ਦਿਨ ਮਨਾਏ ਜਾਣ ਮੌਕੇ ਪਹੁੰਚ ਰਹੇ ਕਲਾਕਾਰ ਅਤੇ ਹੋਰ














Ricky Pal, Sukhdev Sahil, Kumar Khatkar, Satti Pabla, Amarjit Lali, Mohan Diwana

# ਪਾਰਟੀ ਦੇ ਗੱਦਾਰਾਂ ਨੂੰ ਬਰਦਾਸ਼ਤ ਨਹੀ ਕੀਤਾ ਜਾਵੇਗਾ - ਰਾਜਾ ਵੜਿੰਗ

**ਕਰਤਾਰਪੁਰ –** ਚੋਣਾਂ 'ਚ ਕਾਂਗਰਸ ਪਾਰਟੀ ਨੂੰ ਸੱਤਾ ਤੋਂ ਦੂਰ ਕਰਨ 'ਚ ਵੱਡੇ ਨੇਤਾਵਾਂ ਨੇ ਪਾਰਟੀ ਨਾਲ ਹੀ ਗੱਦਾਰੀ ਕੀਤੀ ਹੈ ਜਿਸ ਦਾ ਖ਼ਮਿਆਜਾ ਪਾਰਟੀ ਨੂੰ ਵਿਧਾਨ ਸਭਾ ਚੋਣਾਂ 'ਚ ਕਰਾਰੀ ਹਾਰ ਦਾ ਸਾਹਮਣਾ ਕਰ ਕੇ ਚੁਕਾਉਣਾ ਪਿਆ ਹੈ, ਪਰ ਹੁਣ ਅਜਿਹਾ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਤਾਰਪੁਰ ਵਿਖੇ ਵਿਸ਼ੇਸ਼ ਤੌਰ 'ਤੇ ਕਾਂਗਰਸ ਭਵਨ ਵਿਖੇ ਪੁੱਜੇ ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕੀਤਾ ਗਿਆ। ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਪਾਰਟੀ ਦੇ ਵਰਕਰ ਲਈ ਪਾਰਟੀ ਲਈ ਪਰਿਵਾਰ ਹੁੰਦਾ ਹੈ । ਜਿਹੜਾ ਵਰਕਰ ਪਾਰਟੀ ਲਈ ਦਿਨ-ਰਾਤ ਮਿਹਨਤ ਕਰਦਾ ਹੈ ਉਸ ਦਾ ਮਾਣ ਸਤਿਕਾਰ ਵੀ ਹਮੇਸ਼ਾ ਹੁੰਦਾ ਹੈ ਤੇ ਉਨ੍ਹਾਂ ਵੱਲੋਂ ਸੂਬੇ 'ਚ ਕਾਂਗਰਸ ਪਾਰਟੀ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਵਾਲੇ ਹਰੇਕ ਵਰਕਰ ਦਾ ਸਨਮਾਨ ਕੀਤਾ ਜਾਵੇਗਾ ਤੇ ਕਾਂਗਰਸ ਦੇ ਹੋਰ ਵੀ ਮਜਬੂਤ ਆਧਾਰ ਲਈ ਰਣਨੀਤੀ ਉਲੀਕੀ ਜਾਵੇਗੀ ।

ਅਗਾਮੀ ਲੋਕ ਸਭਾ ਚੋਣਾਂ ਤੇ ਪੰਜਾਬ ਰਾਜ ਪੰਚ-ਾਇਤੀ ਚੋਣਾਂ ਲਈ ਕਾਂਗਰਸ ਪਾਰਟੀ ਦੀ ਜਿੱਤ ਲਈ ਜਿੱਥੇ ਵਰਕਰ ਆਪੋ-ਆਪਣੀ ਜ਼ਿੰਮੇਵਾਰੀ ਸਮਝਣਗੇ, ਉਥੇ ਪਾਰਟੀ ਦੇ ਵੱਡੇ ਆਗੂ ਵੀ ਵਰਕਰਾਂ ਤੇ ਪਿੰਡਾਂ ਦੇ ਪੰਚਾਂ- ਸਰਪੰਚਾਂ ਨਾਲ ਤਾਲਮੇਲ ਬਣਾ ਕੇ ਚੱਲਣਗੇ।

ਇਸ ਮੌਕੇ ਹਲਕਾ ਕਰਤਾਰਪੁਰ ਦੇ ਸਾਬਕਾ ਵਿਧ-ਾਇਕ ਚੌਧਰੀ ਸੁਰਿੰਦਰ ਸਿੰਘ, ਉਨ੍ਹਾਂ ਨਾਲ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਸਰਪੰਚ ਪ੍ਰਦੀਪ ਕੁਮਾਰ, ਸ਼ਹਿਰੀ ਪ੍ਰਧਾਨ ਨਗਰ ਕੌਂਸਲ ਪ੍ਰਿੰਸ ਅਰੋੜਾ ਆਦਿ ਹਾਜ਼ਰ ਸਨ।

# ਬੀਬੀ ਸਿਮਰਜੀਤ ਕੌਰ ਅਤੇ ਕਾਕਾ ਤਲਵਿੰਦਰ ਸਿੰਘ ਦੇ ਆਨੰਦ ਕਾਰਜ ਦੀ ਰਸਮ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਕਮਲਜੀਤ ਸਿੰਘ ਦੇ ਜੱਥੇ ਨੇ ਪੂਰਨ ਗੁਰ-ਮਰਿਆਦਾ ਅਨੁਸਾਰ ਨਿਭਾਈ

**ਨਾਭਾ–** ਅੱਜ ਕੱਲ੍ਹ ਵਿਆਹਾਂ ਉੱਪਰ ਬਹੁਤ ਜ਼ਿਆਦਾ ਖਰਚ ਅਤੇ ਫਜ਼ੂਲ ਦੀਆਂ ਨਵੀਆਂ ਰਸਮਾਂ ਕਰਕੇ ਸਮਾਜ ਅੰਦਰ ਨਵੀਂ ਪਿਰਤ ਪੈ ਚੁੱਕੀ ਹੈ।ਪਰ ਫਿਰ ਵੀ ਸਾਦੇ ਵਿਆਹ ਉਹ ਵੀ ਪੂਰਨ ਗੁਰਮਰਿਆਦਾ ਅਨੁਸਾਰ ਕਰਵਾਉਣ ਵਾਲੇ ਲੜਕੇ ਅਤੇ ਲੜਕੀ ਦਾ ਵਿਆਹ ਵੇਖਣ ਨੂੰ ਮਿਲਦਾ ਹੈ ਤਾਂ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਜਿਨ੍ਹਾਂ ਮਾਪਿਆਂ ਨੇ ਸਮਾਜ ਦੇ ਫੋਕੇ ਰੀਤੀ ਰਿਵਾਜ਼ਾਂ ਨੂੰ ਦਰਕਿਨਾਰ ਕਰਕੇ ਆਪਣੇ ਬੱਚਿਆਂ ਨੂੰ ਇਨ੍ਹਾਂ ਸਾਦੇ ਪੂਰਨ ਗੁਰਮਰਿਆਦਾ ਵਾਲੇ ਵਿਆਹਾਂ ਦੀ ਲੜੀ 'ਚ ਪਰੋਇਆ ਹੈ, ਉਹ ਸੱਚਮੁੱਚ ਭਾਗਾਂ ਵਾਲੇ ਹਨ। ਇਸੇ ਤਰ੍ਹਾਂ ਹੀ ਨਾਭਾ ਦੇ ਸਰਦਾਰਨੀ ਰਾਜਵੰਤ ਕੌਰ ਅਤੇ ਸ੍ਰ. ਮੇਜਰ ਸਿੰਘ ਦੀ ਸਪੁੱਤਰੀ ਬੀਬਾ ਸਿਮਰਜੀਤ ਕੌਰ ਦਾ ਵਿਆਹ ਬਾਬਾ ਬੁੱਢਾ ਜੀ ਨਾਲ ਸਬੰਧਤ ਇਤਿਹਾਸਕ ਸਥਾਨ ਰਮਦਾਸ (ਅਜਨਾਲਾ) ਦੇ ਸਰਦਾਰਨੀ ਰੁਪਿੰਦਰ ਕੌਰ ਅਤੇ ਸ੍ਰ. ਗੁਰਚਰਨ ਸਿੰਘ ਦੇ ਸਪੁੱਤਰ ਕਾਕਾ ਤਲਵਿੰਦਰ ਸਿੰਘ ਨਾਲ ਸਾਦੇ ਅਤੇ ਪੂਰਨ ਸਿੱਖ ਗੁਰਮਰਿਆਦਾ ਨਾਲ ਹੋਈ ਜੋ ਕਿ ਪਟਿਆਲਾ ਵਿਖੇ ਇੱਕੋ ਕਾਲਜ ਵਿੱਚ ਅਸਿਸਟੈਂਟ ਪ੍ਰੋਫੈਸਰ ਦੀ ਸੇਵਾ ਨਿਭਾ ਰਹੇ ਹਨ। ਸੁਭਾਗੀ ਜੌੜੀ ਦੇ ਆਨੰਦ ਕਾਰਜ ਦੀ ਰਸਮ ਗੁਰਦੁਆਰਾ ਸਾਹਿਬ , ਗੁਰੁ ਤੇਗ ਬਹਾਦਰ ਨਗਰ ਨਾਭਾ ਵਿਖੇ ਹਜ਼ੂਰੀ ਰਾਗੀ ਜੱਥਾ ਭਾਈ ਕਮਲਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਨੇ ਰਸਭਿੰਨਾ ਕੀਰਤਨ ਕਰਕੇ ਨਿਭਾਈ।



ਭਾਈ ਕਮਲਜੀਤ ਸਿੰਘ ਦੇ ਜੱਥੇ ਵਲੋਂ ਆਨੰਦ ਕਾਰਜ ਦੀ ਰਸਮ ਸਮੇਂ ਕੀਤੇ ਕੀਰਤਨ ਦਾ ਸੰਗਤਾਂ ਵਲੋਂ ਭਰਪੂਰ ਆਨੰਦ ਮਾਣਿਆ ਗਿਆ। ਸੁਭਾਗੀ ਜੋੜੀ ਨੂੰ ਭਾਈ ਕਮਲਜੀਤ ਸਿੰਘ ਨੇ ਸਿਰੋਪਾਓ ਬਖਸ਼ਿਸ਼ ਕਰਕੇ ਆਸ਼ੀਰਵਾਦ ਦਿੱਤਾ। ਨਾਮਵਰ ਸਖਸ਼ੀਅਤਾਂ , ਖਾਲਸਾ ਕਾਲਜ ਪਟਿਆਲਾ ਦੇ ਪ੍ਰੋਫੈਸਰਾਂ , ਵੱਖ-ਵੱਖ ਜਿਲ੍ਹਿਆਂ ਤੋਂ ਪਹੁੰਚੇ ਅਧਿਆਪਕਾਂ ਅਤੇ ਰਿਸਤੇਦਾਰਾਂ,ਸੁਨੇਹੀਆਂ ਵਲੋਂ ਵੀ ਨਵੀਂ ਸੁਭਾਗੀ ਜੋੜੀ ਨੂੰ ਵਧਾਈਆਂ ਅਤੇ ਆਸ਼ੀਰਵਾਦ ਦਿੱਤਾ ਗਿਆ।ਇਸ ਸਮੇਂ ਵਿਲੱਖਣਤਾ ਵਾਲੀ ਗੱਲ ਇਹ ਸੀ ਕਿ ਅੱਜਕੱਲ੍ਹ ਦੇ ਵਿਆਹਾਂ ਵਾਲੀ ਚਮਕ ਦਮਕ ਕਿਤੇ ਦਿਖਾਈ ਨਹੀਂ ਦਿੱਤੀ। ਫਾਲਤੂ ਦੀਆਂ ਰਸਮਾਂ ਨੂੰ ਤਿਲਾਂਜਲੀ ਦੇ ਕੇ ਦੋਨਾਂ ਪਰਿਵਾਰਾਂ ਨੇ ਸਾਦੀਆਂ ਰਸਮਾਂ ਨਿਭਾ ਕੇ ਨਵੀਂ ਪਿਰਤ ਪਾ ਕੇ ਸਮਾਜ ਲਈ ਚੰਗਾ ਸੁਨੇਹਾ ਦਿੱਤਾ ਹੈ। ਇਸ ਤਰ੍ਹਾਂ ਜਿਥੇ ਪੈਸੇ ਦੀ ਫਜ਼ੂਲ ਬਰਬਾਦੀ ਤੋਂ ਬਚਾਅ ਹੁੰਦਾ ਹੈ ਉਥੇ ਹੀ ਸਾਡੇ ਬੱਚਿਆਂ ਨੂੰ ਵਿਆਹਾਂ ਅੰਦਰ ਕਈ ਕੁਝ ਦੇ ਨਾਂ ਤੇ ਪਰੋਸੀ ਜਾਂਦੀ ਲੱਚਰਤਾ ਤੋਂ ਵੀ ਨਿਜਾਤ ਮਿਲੇਗੀ। ਸਾਰੀਆਂ ਰਸਮਾਂ ਸਮੇਂ ਸਿਰ ਸੰਪੂਰਨ ਕੀਤੀਆਂ ਗਈਆਂ, ਜਿਸ ਨੂੰ ਸਾਰਿਆਂ ਵਲੋਂ ਸਰਾਹਿਆ ਗਿਆ। ਇਸ ਮੌਕੇ ਬਹੁਤਾਤ ਗਿਣਤੀ 'ਚ ਸਾਮਲ ਹੋਏ ਅਧਿਆਪਕਾਂ ਨੇ ਆਪਣੇ ਪੁਰਾਣੇ ਟ੍ਰੇਨਿੰਗ ਦੌਰਾਨ ਦੇ ਅਧਿਆਪਕਾਂ ਨੂੰ ਤਕਰੀਬਨ ਚਾਲੀ ਸਾਲਾਂ ਬਾਅਦ ਮਿਲ ਕੇ ਅਜੀਬ ਕਿਸਮ ਦੀ ਅਥਾਹ ਖੁਸ਼ੀ ਦਾ ਪ੍ਰਗਟਾਵਾ ਕੀਤਾ, ਇਹ ਵਿਆਹ ਸਮਾਗਮ ਸੱਚਮੁੱਚ ਇੱਕ ਨਿਵੇਕਲਾ ਸੁਨੇਹਾ ਦੇਣ 'ਚ ਸਫਲ ਰਿਹਾ। ਸਿੱਖ ਸਮਾਜ ਨੂੰ ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ ਅਨੁਸਾਰ ਵਿਆਹ ਕਰਨਾ ਸਮੇਂ ਦੀ ਮੰਗ ਬਣਦੀ ਜਾ ਰਹੀ ਹੈ। ਸਾਨੂੰ ਇਹੋ ਜਿਹੇ ਪਰਿਵਾਰਾਂ ਦੀ ਸੋਚ ਤੋਂ ਸੇਧ ਲੈਣੀ ਚਾਹੀਦੀ ਹੈ। ਬੱਚਿਆਂ ਦੇ ਮਨਾਂ ਅੰਦਰ ਸ਼ੁਰੂ ਤੋਂ ਹੀ ਸਾਦੇ ਵਿਆਹਾਂ ਦੀ ਸੋਚ ਨੂੰ ਪਰੋਣਾ ਚਾਹੀਦਾ ਹੈ। ਵਾਹਿਗੁਰੂ ਜੀ ਇਸ ਸੁਭਾਗੀ ਜੌੜੀ ਨੂੰ ਹਮੇਸ਼ਾਂ ਚੜ੍ਹਦੀਕਲਾ ਬਖਸ਼ਣ।

# ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟ੍ਰੇਲੀਆ ਵਲੋਂ ਗੀਤਕਾਰ ਰੱਤੂ ਰੰਧਾਵਾ ਦਾ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨ

**ਕੈਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਵਿਸ਼ਵ ਦੀ ਪ੍ਰਸਿੱਧ ਪਹਿਲੇ ਨੰਬਰ ਤੇ ਇੱਡੋਜ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟ੍ਰੇਲੀਆ ਇਪਸਾ ਅਤੇ ਲਾਇਬ੍ਰੇਰੀ ਆਸਟ੍ਰੇਲੀਆ ਦੇ ਬ੍ਰਿਸਬੇਨ ਸ਼ਹਿਰ ਵਿੱਚ ਪੰਜਾਬੀ ਸਾਹਿਤ ਤੇ ਕਲਮਾਂ ਨੂੰ ਮਾਣ ਸਤਿਕਾਰ ਦੇਣ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸਾਹਿਤ ਸੰਸਥਾ ਦੇ ਸਾਰੇ ਹੀ ਪ੍ਰਬੰਧਕਾਂ ਅਤੇ ਬੁਲਾਰਿਆਂ ਨੇ ਬੜੀ ਸ਼ਿੱਦਤ ਨਾਲ ਸ਼ਿਰਕਤ ਕੀਤੀ। ਇਸ ਸਨਮਾਨ ਸਮਾਗਮ ਵਿੱਚ ਪੰਜਾਬ ਤੋਂ ਹਾਲ ਹੀ ਵਿਚ ਆਸਟ੍ਰੇਲੀਆ ਬ੍ਰਿਸਬੇਨ ਪੁੱਜੇ ਪ੍ਰਸਿੱਧ ਮਿਸ਼ਨਰੀ ਅਤੇ ਪੰਜਾਬੀ ਗੀਤਕਾਰ ਰੱਤੂ ਰੰਧਾਵਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸਭਾ ਦੇ ਬੁਲਾਰਿਆਂ ਨੇ ਰੱਤੂ ਰੰਧਾਵਾ ਦੀ ਜੀਵਨਸ਼ੈਲੀ ਅਤੇ ਉਨ੍ਹਾਂ ਦੀ ਸਮਾਜ ਨੂੰ ਆਪਣੇ ਗੀਤਾਂ ਵਿੱਚ ਦਿੱਤੀ ਗਈ ਸੇਧ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕਰਦਿਆਂ ਉਨ੍ਹਾਂ ਦੀ ਕਲਮ ਦੀ




ਰੱਜ ਕੇ ਸ਼ਲਾਘਾ ਕੀਤੀ ਅਤੇ ਉਨ੍ਹਾਂ ਦਾ ਆਸਟ੍ਰੇਲੀਆ ਪੁੱਜਣ ਤੇ ਜੀ ਆਇਆਂ ਕੀਤਾ। ਜ਼ਿਕਰਯੋਗ ਹੈ ਕਿ ਉਕਤ ਸਾਹਿਤ ਅਕਾਡਮੀ ਆਸਟ੍ਰੇਲੀਆ ਵੱਲੋਂ ਅਨੇਕਾਂ ਪੁਰਸਕਾਰ ਭਾਰਤ ਵਿੱਚ ਵੀ ਦਿੱਤੇ ਜਾਂਦੇ ਹਨ ਅਤੇ ਆਸਟ੍ਰੇਲੀਆ ਆਉਣ ਵਾਲੇ ਹਰ ਬੁੱਧੀਜੀਵੀ, ਸਾਹਿਤਕਾਰ, ਗੀਤਕਾਰ ਦਾ ਆਦਰ ਸਾਹਿਤ ਸਨਮਾਨ ਕੀਤਾ ਜਾਂਦਾ ਹੈ। ਪ੍ਰਸਿੱਧ ਗੀਤਕਾਰ ਰੱਤੂ ਰੰਧਾਵਾ ਨੇ ਇਸ ਪੁਰਸਕਾਰ ਨੂੰ ਪ੍ਰਾਪਤ ਕਰਨ ਉਪਰੰਤ ਸਭਾ ਦਾ ਧੰਨਵਾਦ ਕਰਦਿਆਂ ਆਪਣੀਆਂ ਪੰਜਾਬੀ ਅਤੇ ਸਮਾਜਿਕ ਰਚਨਾਵਾਂ ਪੜ੍ਹੀਆਂ। ਉਨ੍ਹਾਂ ਸਭਾ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਉਨ੍ਹਾਂ ਦੀ ਝੋਲੀ ਇਹ ਵਡਮੁੱਲਾ ਮਾਣ ਸਤਿਕਾਰ ਪਾ ਕੇ ਸਾਹਿਤ ਅਕਾਦਮੀ ਆਫ ਆਸਟ੍ਰੇਲੀਆ ਨੇ ਪੰਜਾਬੀ ਮਾਂ ਬੋਲੀ ਦਾ ਹੋਰ ਵੀ ਮਾਣ ਵਧਾਇਆ ਅਤੇ ਆਉਣ ਵਾਲੇ ਸਮੇਂ ਵਿੱਚ ਲੇਖਕਾਂ ਨੂੰ ਹੋਰ ਵੀ ਉਤਸ਼ਾਹਿਤ ਕੀਤਾ।

# ਲੇਖਕ ਹਰਪਾਲ ਸਿੰਘ ਸਿੱਧੂ ਦੀ ਬਹੁ-ਵਿਸ਼ਾਵੀ ਪੁਸਤਕ 'ਮੈਂ ਹਾਲੇ ਜਿਉਂਦਾ ਹਾਂ' ਦਾ ਲੋਕ-ਅਰਪਨ

'ਮੈਂ ਹਾਲੇ ਜਿਉਂਦਾ ਹਾਂ' ਵਿੱਚ ਜਿਉਣ ਸ਼ਬਦ ਦੇ ਵਿਸ਼ਾਲ ਅਰਥਾਂ ਨੂੰ, ਆਪਣੇ ਸਾਹਿਤ 'ਤੇ ਸਮਾਜ-ਸੇਵੀ ਕੰਮਾਂ ਨਾਲ ਸੱਚ ਕਰਨ ਲੱਗੀ ਪੰਜਾਬੀ ਲਿਖਾਰੀ ਸਭਾ ਸਿਆਟਲ ਨੇ, ਸਭਾ ਦੇ ਪ੍ਰਧਾਨ ਹਰਪਾਲ ਸਿੱਧੂ ਦੀ ਛਪੀ ਬਹੁ-ਵਿਸ਼ਾਵੀ ਪੁਸਤਕ 'ਮੈਂ ਹਾਲੇ ਜਿਉਂਦਾ ਹਾਂ' ਨੂੰ ਲੋਕ ਅਰਪਣ ਕਰਨ ਮੌਕੇ , ਬਹੁਰੰਗੀ ਕਵੀ ਦਰਬਾਰ ਕਰਵਾ ਕੇ, ਪੰਜਾਬ ਪੰਜਾਬੀ ਪੰਜਾਬੀਅਤ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਾਰਜਾਂ ਵਿੱਚ ਇਕ ਹੋਰ ਕੀਰਤੀਮਾਨ ਸਥਾਪਿਤ ਕੀਤਾ। ਸਿਆਟਲ ਸ਼ਹਿਰ ਦੇ ਮਸ਼ਹੂਰ ਕੈਂਟ ਇਵੈਂਟ ਸੈਂਟਰ ਵਿੱਚ ਕੀਤੇ ਗਏ ਪ੍ਰੋਗਰਾਮ ਦੇ ਮੁੱਖ ਮਹਿਮਾਨ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ,ਉੱਚ-ਕੋਟੀ ਦੇ ਫੋਟੋਗਰਾਫਰ-ਪੱਤਰਕਾਰ, ਪੰਜਾਬੀ ਸਪਤਾਹਿਕ ਅਖਬਾਰ ਇੰਡੋ ਕਨੇਡੀਅਨ ਟਾਈਮਜ਼, ਅਜੀਤ ਜਲੰਧਰ, ਦੇਸ ਪਰਦੇਸ (ਲੰਡਨ), ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ, ਫੋਟੋਗ੍ਰਾਫਰ ਅਤੇ ਕਾਲਮਨਿਸਟ, ਸਰੀ ਕੈਨੇਡਾ ਵੱਸਦੇ ਸੰਤੋਖ ਸਿੰਘ ਮੰਡੇਰ ਸਨ। ਪ੍ਰਧਾਨਗੀ ਮੰਡਲ ਵਿੱਚ ਸੰਤੋਖ ਸਿੰਘ ਮੰਡੇਰ ਜੀ ਨਾਲ ਉਘੇ ਗਲਪਕਾਰ ਅਵਤਾਰ ਸਿੰਘ ਬਿਲਿੰਗ, ਸਭਾ ਦੇ ਸਾਬਕਾ ਪ੍ਰਧਾਨ ਮਨਜੀਤ ਕੌਰ ਗਿੱਲ, ਸਮਾਜਿਕ ਅਤੇ ਧਾਰਮਿਕ ਹਲਕਿਆਂ ਦੀ ਮੰਨੀ ਪ੍ਰਮੰਨੀ ਹਸਤੀ ਸ ਹਰਸ਼ਿੰਦਰ ਸਿੰਘ ਸੰਧੂ, ਸਭਾ ਦੇ ਸਾਬਕਾ ਪ੍ਰਧਾਨ ਵਿਦਵਾਨ ਚਿੰਤਕ ਡਾ ਜੇ ਬੀ ਸਿੰਘ, ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ,ਮਿੱਠ ਬੋਲੜੇ ਨਿੱਘੇ ਸੁਭਾਅ ਦੇ ਮਾਲਕ, ਧਰਮ ਅਤੇ ਵੱਖ ਵੱਖ ਵਿਸ਼ਿਆਂ ਨੂੰ ਆਪਣੀ ਕਲਮ ਦੀ ਨੋਕ ਤੇ ਲਿਆਉਣ ਵਾਲੇ ਸਭਾ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ ਜੀ ਬੈਠੇ ਸਨ।

ਕੋਰੋਨਾ ਤੋਂ ਡਰ ਦੇ ਕਾਰਨ ਕਾਫੀ ਸਮੇਂ ਤੱਕ ਘਰਾਂ ਵਿੱਚ ਕੈਦ ਰਹਿਣ ਤੋਂ ਬਾਅਦ ਮੁਕਤੀ ਮਿਲਣ 'ਤੇ ਆਪਣੇ ਦਿਲਾਂ ਦੇ ਵਲਵਲੇ ਸਾਂਝੇ ਕਰਨ ਲਈ ਵਿਅਕਤੀਗਤ ਤੌਰ 'ਤੇ ਇਕੱਠੇ ਹੋਏ ਮੈਂਬਰਾਂ ਅਹੁਦੇਦਾਰਾਂ ਅਤੇ ਮਹਿਮਾਨਾਂ ਨੇ ਵੱਖ ਵੱਖ ਵਿਸ਼ਿਆਂ ਤੇ ਸਿਰਜੀਆਂ ਆਪਣੀਆਂ ਰਚਨਾਂਵਾਂ, ਕਵਿਤਾਵਾਂ, ਗੀਤ, ਕਹਾਣੀਆਂ ਸਾਂਝੀਆਂ ਕੀਤੀਆਂ ਜਿੰਨਾਂ ਵਿੱਚ ਧਾਰਮਿਕ ਰੰਗਤ ਸੀ, ਸਮਾਜਿਕ ਸੱਭਿਆਚਾਰ ਦੀ ਮਿਠਾਸ ਸੀ, ਹਾਸਰਸ ਦਾ ਟਾਨਿਕ ਸੀ, ਵਿਅੰਗ ਦੀ ਚੋਭ ਤੋਂ ਇਲਾਵਾ ਪਰਿਵਾਰਿਕ ਰੰਗ ਵੀ ਸ਼ਿੰਗਾਰਿਆ ਹੋਇਆ ਸੀ। ਸਭਾ ਦੇ ਸੀਨੀਅਰ ਅਤੇ ਦਿਲ ਦੀਆਂ ਗਹਿਰਾਈਆਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਣ ਵਾਲੇ ਡਾ ਪ੍ਰੇਮ ਕੁਮਾਰ ਜੀ ਨੇ ਆਪਣੀ ਕਵਿਤਾ ਨਾਲ ਕਵੀ ਦਰਬਾਰ ਦਾ ਆਗਾਜ਼ ਕੀਤਾ, ਜੰਗਪਾਲ ਸਿੰਘ, ਪ੍ਰਿਤਪਾਲ ਸਿੰਘ ਟੀਵਾਣਾ, ਮੰਗਤ ਕੁਲਜਿੰਦ, ਸਾਧੂ ਸਿੰਘ ਝੱਜ, ਸ਼ਿੰਦਰਪਾਲ ਸਿੰਘ ਔਜਲਾ, ਸ਼ਿੰਗਾਰ ਸਿੰਘ ਸਿੱਧੂ , ਹਰਪਾਲ ਸਿੰਘ ਸਿੱਧੂ, ਸੁਖਵੀਰ ਬੀਹਲਾ, ਅਮਰਜੀਤ ਤਰਸਿੱਕਾ, ਸਿਮਰਨ ਸਿੰਘ, ਮਨਜੀਤ ਕੌਰ ਗਿੱਲ, ਜਸਵੀਰ ਕੌਰ ਨਿੱਜਰ ਅਤੇ ਬੇਟੀ ਇਨਾਇਤ ਕੌਰ, ਚੰਨਾ ਆਲਮਗੀਰ , ਇੰਦਰਜੀਤ ਬੱਲੋਵਾਲੀ, ਗੁਰਬਚਨ ਸਿੰਘ ਧਾਲੀਵਾਲ, ਬਲਿਹਾਰ ਲੇਹਲ,ਸੁਖਚੈਨ ਸਿੰਘ ਸੰਧੂ,ਗੁਰਦੀਪ ਸਿੰਘ ਸਿੱਧੂ, ਡਾ ਜੇ ਬੀ ਸਿੰਘ ਅਤੇ ਅਵਤਾਰ ਸਿੰਘ ਆਦਮਪੁਰੀ, ਕਿਸੇ ਨੇ ਤਰੰਨਮ ਵਿੱਚ ਗੀਤ ਅਤੇ ਕਿਸੇ ਨੇ ਲੈਅਬੱਧ ਕਵਿਤਾ ਉਚਾਰ ਕੇ ਸਰੋਤਿਆਂ ਨਾਲ ਸਾਂਝ ਪਾਈ। ਰੂਪ ਕੌਰ ਨੇ ਕਿਤਾਬ ਬਾਰੇ ਬੋਲਦਿਆਂ ਲੇਖਕ ਨੂੰ ਵਧਾਈ ਦਿੱਤੀ। ਕਵੀ ਦਰਬਾਰ ਅਤੇ ਪੁਸਤਕ ਰਿਲੀਜ਼ ਸਮਾਰੋਹ ਦੇ ਸੰਚਾਲਨ ਨੂੰ ਰੌਚਕਤਾ ਬਖ਼ਸ਼ਣ ਲਈ ਸਭਾ ਦੇ ਸਕੱਤਰ ਡਾ ਸੁਖਵੀਰ ਬੀਹਲਾ ਨੇ ਸਮੇਂ ਸਮੇਂ ਤੇ ਲੋਕਾਂ ਦੇ ਮਨਾਂ ਵਿੱਚ ਵਸੇ ਸ਼ਾਇਰਾਂ ਸ਼ਿਵ ਕੁਮਾਰ ਬਟਾਲਵੀ, ਨਿਦਾ ਫਾਜ਼ਲੀ, ਸੁਰਜੀਤ ਪਾਤਰ ਆਦਿ ਦੀਆਂ ਨਜ਼ਮਾਂ ਦੇ ਸ਼ੇਅਰ ਪੜਦਿਆਂ ਸਰੋਤਿਆ ਦੇ ਮਨਾਂ ਨੂੰ ਤਾਜ਼ਗੀ ਬਖ਼ਸ਼ੀ ਅਤੇ ਸਟੇਜ ਸੰਚਾਲਨ ਦਾ ਕੰਮ ਬਾਖੂਬੀ ਨਿਭਾਇਆ। ਪ੍ਰੋਗਰਾਮ ਨੂੰ ਸਚਾਰੂ ਢੰਗ ਨਾਲ ਚਲਾਉਣ ਲਈ ਦੇ ਸਭਾ ਦੇ ਮੀਤ ਪ੍ਰਧਾਨ ਬਲਿਹਾਰ ਸਿੰਘ ਲੇਹਲ,ਖਜ਼ਾਨਚੀ ਪ੍ਰਿਤਪਾਲ ਸਿੰਘ ਟੀਵਾਣਾ, ਸਹਾਇਕ ਸਕੱਤਰ ਸਾਧੂ ਸਿੰਘ ਝੱਜ, ਪ੍ਰੈਸ ਸਕੱਤਰ ਮੰਗਤ ਕੁਲਜਿੰਦ ਤਨਦੇਹੀ ਨਾਲ ਕੰਮ ਕਰ ਰਹੇ ਸਨ। ਇਨਸਾਨ, ਬ੍ਰਹਿਮੰਡ, ਸੱਚ ਧਰਮ, ਅਧਿਆਤਮਿਕਤਾ, ਵਿਗਿਆਨ, ਸੰਗੀਤ,ਸਮਾਂ, ਮਨ, ਨੀਂਦ, ਸੁਫਨਿਆਂ ਦੇ ਬਹੁਮੁੱਖੀ ਪਹਿਲੂਆਂ ਨੂੰ ਇਕ ਨਿਵੇਕਲੀ ਅਤੇ ਵਿਲੱਖਣ ਅੰਦਾਜ਼ ਵਿੱਚ ਛੂੰਹਦੀ, ਸਿਆਟਲ ਸ਼ਹਿਰ ਬਾਰੇ ਭਰਪੂਰ ਜਾਣਕਾਰੀ ਦਿੰਦੀ - 'ਮੈਂ ਹਾਲੇ ਜਿਉਂਦਾ ਹਾਂ' ਪੁਸਤਕ ਦੇ ਵਿਸ਼ੇ ਪੱਖਾਂ ਅਤੇ ਕਲਾ ਪੱਖਾਂ ਉਪਰ ਪ੍ਰਧਾਨਗੀ ਮੰਡਲ ਵਿੱਚ ਬੈਠੀਆਂ ਸਾਰੀਆਂ ਹੀ ਸ਼ਖਸ਼ੀਅਤਾਂ ਨੇ ਵਿਸਤਾਰ ਵਿੱਚ ਚਾਨਣਾ ਪਾਉਂਦਿਆਂ ਇਸ ਕਿਤਾਬ ਦੀ ਸਮਾਜ ਪ੍ਰਤੀ ਸਾਰਥਿਕਤਾ ਉਪਰ ਮੋਹਰ ਲਾਈ, ਆਉਣ ਵਾਲੀ ਪੀੜੀ ਲਈ ਇਸ ਕਿਤਾਬ ਦੀ ਮਹੱਤਤਾ ਨੂੰ ਉਜਾਗਰ ਕੀਤਾ। ਮਾਂ ਬੋਲੀ ਪੰਜਾਬੀ ਦੀ ਵਿਸ਼ਾਲਤਾ ਲਈ ਅਜਿਹੀਆਂ ਕਿਤਾਬਾਂ ਦੀ ਲੋੜ ਤੇ ਜ਼ੋਰ ਦਿੰਦਿਆਂ ਲੇਖਕ ਨੂੰ ਮੁਬਾਰਕਾਂ ਦਿੱਤੀਆਂ। ਲੇਖਕ ਹਰਪਾਲ ਸਿੰਘ ਸਿਧੂ ਨੇ ਕਿਤਾਬ ਦੀ ਸਿਰਜਣਾ ਕਿਉਂ ਤੇ ਕਿਵੇਂ ਹੋਈ ਬਾਰੇ ਕਈ ਪਹਿਲੂਆਂ ਤੇ ਚਾਨਣਾ ਪਾਇਆ। ਮੁੱਖ ਮਹਿਮਾਨ ਮੰਡੇਰ ਜੀ ਅਤੇ ਪ੍ਰਧਾਨਗੀ ਮੰਡਲ ਸਮੇਤ ਸਭਾ ਦੇ ਅਹੁਦੇਦਾਰਾਂ ਨੇ ਇਸ ਪੁਸਤਕ ਨੂੰ 'ਢੋਲ ਦੀ ਤਾਲ' ਤੇ ਲੋਕ ਅਰਪਣ ਕੀਤਾ। ਸਭਾ ਵੱਲੋਂ ਸੰਤੋਖ ਸਿੰਘ ਮੰਡੇਰ ਨੂੰ ਸਨਮਾਨਿਤ ਕੀਤਾ ਗਿਆ। ਸਿਆਟਲ ਦੀ ਤਰੱਕੀ ਵਿੱਚ ਆਪਣੇ ਬਿਜਨੈਸ ਨਾਲ ਹਿੱਸਾ ਪਾ ਰਹੀਆਂ ਹਰਮਨ ਪਿਆਰੀਆਂ ਸ਼ਖਸ਼ੀਅਤਾਂ ਸ। ਗੁਰਸੇਵਕ ਸਿੰਘ ਬਰਾੜ ਅਤੇ ਸ। ਮਨਮੋਹਨ ਧਾਲੀਵਾਲ ਵੱਲੋਂ ਸਭਾ ਦੀ ਵਿੱਤੀ ਸਹਾਇਤਾ ਕੀਤੀ ਗਈ। ਉਹਨਾਂ ਦਾ ਸਨਮਾਨ ਕਰਦਿਆਂ ਸਭਾ ਨੇ ਉਹਨਾਂ ਦਾ ਧੰਨਵਾਦ ਕੀਤਾ।ਢੋਲ ਦੀ ਤਾਲ ਅਤੇ ਸਾਊਂਡ ਸਿਸਟਮ ਨੂੰ ਬੇਟਾ ਅਨਹਦ ਸਿੱਧੂ ਸੇਵਾਵਾਂ ਦੇ ਰਿਹਾ ਸੀ। ਪ੍ਰਧਾਨ ਜੀ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਲੇਖਕਾਂ ਦਾ ਧੰਨਵਾਦ ਕੀਤਾ ਗਿਆ। ਇਸ ਉਪਰੰਤ ਰੱਖੇ ਗਏ ਡਿਨਰ ਦਾ ਖੁਸ਼ੀ ਖੁਸ਼ੀ ਆਨੰਦ ਮਾਣਦਿਆਂ ਸੱਭ ਨੇ ਲੇਖਕ ਨੂੰ ਮੁਬਾਰਕਾਂ ਦਿੱਤੀਆਂ।ਸ਼ੁਰੂ ਤੋਂ ਲੈਕੇ ਅੰਤ ਤੱਕ ਚੱਲ ਰਹੇ ਇਸ ਪ੍ਰੋਗਰਾਮ ਦਾ ਸਿਮਰਨ ਸਿੰਘ ਜੀ ਨੇ ਸਿੱਧਾ ਪ੍ਰਸਾਰਣ ਆਪਣੇ ਰੇਡੀਓ ਉਪਰ ਕੀਤਾ ਜਦੋਂ ਕਿ ਸੁਰਿੰਦਰ ਸਿੰਘ ਗਿੱਲ ਨੇ ਇਸ ਸਾਰੇ ਪ੍ਰੋਗਰਾਮ ਦੀ ਫੋਟੋ ਗ੍ਰਾਫੀ ਕੀਤੀ। ਕੈਂਟ ਇਵੈਂਟ ਦੇ ਮਾਲਕ ਸ।ਸੈਮ ਵਿਰਕ ਜੀ ਵੱਲੋਂ ਕੀਤੇ ਗਏ ਉਚਪਾਏ ਦੇ ਪ੍ਰਬੰਧਾਂ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ।



**– ਮੰਗਤ ਕੁਲਜਿੰਦ ਮੋ ਅਤੇ ਵੱਟਸ**
**+1 425 286 0163**

# ਅਰਪਨ ਸੰਸਥਾ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿੱਤੀਆਂ

ਅਰਪਨ ਸੰਸਥਾ ਵਲੋਂ ਸੋਸਵਾ ਪੰਜਾਬ ਦੀ ਮੱਦਦ ਨਾਲ ਰੋਟਰੀ ਭਵਨ ਨੰਗਲ ਵਿੱਚ ਚਲਾਏ ਜਾ ਰਹੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਦਿਤੀਆਂ ਗਈਆਂ। ਇਸ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਰਾਕੇਸ਼ ਚੌਧਰੀ ਚੇਅਰਮੈਨ ਬਲਾਕ ਸਮਿਤੀ ਅਨੰਦਪੁਰ ਸਾਹਿਬ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਬੀਬੀ ਸਵਰਨ ਕੌਰ ਬੁੰਗਾ ਸਾਹਿਬ, ਰੋਟੇਰੀਅਨ ਪਰਦੀਪ ਸੋਨੀ, ਰਿਟਾਇਰਡ ਪ੍ਰਿੰਸੀਪਲ ਰਾਮ ਗੋਪਾਲ ਚੌਧਰੀ, ਐਡਵੋਕੇਟ ਲਖਵੀਰ ਸਿੰਘ, ਰੋਟੇਰੀਅਨ ਪਰਮਿੰਦਰ ਸੰਧੂ ਪ੍ਰਧਾਨ ਅਰਪਨ, ਜੀਤ ਰਾਮ ਸ਼ਰਮਾ, ਰੀਮਾ ਧਿਮਾਨ, ਲਖਵੀਰ ਕੌਰ, ਅਮਰੀਕ ਸਿੰਘ ਪੱਟੀ ਵਿਸ਼ੇਸ਼ ਤੋਰ ਤੇ ਪਹੁੰਚੇ। ਪ੍ਰੋਗਰਾਮ ਦੀ ਸੁਰੂਆਤ ਕਰਦਿਆਂ ਮੈਡਮ ਰੁਪਾਲੀ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਅਰਪਨ ਸੰਸਥਾ ਵਲੋਂ ਮਹਿਲਾਵਾਂ ਅਤੇ ਬੱਚਿਆਂ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਅਰਪਨ ਦੇ ਪ੍ਰਧਾਨ ਅਤੇ ਰੋਟਰੀ ਕਲੱਬ ਦੇ ਸਾਬਕਾ ਅਸਿਸਟੈਂਟ ਗਵਰਨਰ ਪਰਮਿੰਦਰ ਸੰਧੂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਲੜਕੀਆਂ ਕਿਸੇ ਗੱਲੋਂ ਮੁੰਡਿਆਂ ਨਾਲੋ ਘੱਟ ਨਹੀਂ ਹਨ ਅਤੇ ਜੇਕਰ ਉਨ੍ਹਾਂ ਨੂੰ ਕੁੱਝ ਕਰਨ ਅਤੇ ਸਿੱਖਣ ਦਾ ਮੌਕਾ ਮਿਲ਼ੇ ਤਾਂ ਉਹ ਮੁੰਡਿਆਂ ਨਾਲੋਂ ਵੀ ਵੱਧ ਲਗਨ ਨਾਲ ਸਿਖਦੀਆਂ ਹਨ ਅਤੇ ਮਿਹਨਤ ਕਰਦੀਆਂ ਹਨ। ਰਿਟਾਇਰਡ ਪ੍ਰਿੰਸੀਪਲ ਰਾਮ ਗੋਪਾਲ ਚੌਧਰੀ ਨੇ ਕਿਹਾ ਕਿ ਕੁੜੀਆਂ ਨਾਲ ਕਿਸੇ ਵੀ ਤਰਾਂ ਦਾ ਪੱਖਪਾਤ ਨਹੀ ਕਰਨਾ



ਚਾਹੀਦਾ ਹੈ ਅਤੇ ਉਹਨਾ ਨੂੰ ਵੀ ਮੁੰਡਿਆਂ ਬਰਾਬਰ ਹੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਵੀ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਵੱਧ ਚੜ੍ਹ ਕੇ ਕੰਮ ਕਰ ਸਕਣ। ਮੁੱਖ ਮਹਿਮਾਨ ਰਾਕੇਸ਼ ਚੌਧਰੀ ਚੇਅਰਮੈਨ ਬਲਾਕ ਸਮਿਤੀ ਅਨੰਦਪੁਰ ਸਾਹਿਬ ਨੇ ਸਮਾਜ ਵਿੱਚ ਫੈਲ ਰਹੀਆਂ ਸਮਾਜਿਕ ਬੁਰਾਈਆਂ ਅਨਪੜਤਾ, ਨਸ਼ੇ, ਲੜਕੀਆਂ ਨਾਲ ਹੋ ਰਹੇ ਵਿਤਕਰੇ ਖਿਲਾਫ ਲੜਣ ਲਈ ਲੜਕੀਆਂ ਨੂੰ ਅੱਗੇ ਹੋਕੇ ਕੰਮ ਕਰਨ ਦਾ ਸੁਨੇਹਾ ਦਿਤਾ। ਐਡਵੋਕੇਟ ਲਖਵੀਰ ਸਿੰਘ ਨੇ ਸਮਾਜ ਵਿੱਚ ਲੜਕੀਆਂ ਪ੍ਰਤੀ ਵੱਧ ਰਹੇ ਅਪਰਾਧਾਂ ਤੇ ਚਿੰਤਾ ਪ੍ਰਗਟ ਕਰਦਿਆਂ ਲੜਕੀਆਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿਤੀ। ਡਾਇਰੈਕਟਰ ਕੁਲਦੀਪ ਚੰਦ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਹੁਣ ਤੱਕ ਕੋਰਸ ਮੁਕੰਮਲ ਕਰ ਚੁੱਕੀਆਂ ਸੈਂਕੜ੍ਹੇ ਲੜਕੀਆਂ ਵਲੋਂ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਲਈ ਕੀਤੇ ਜਾ ਰਹੇ ਕੰਮਾ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਇਹ ਸਿਖਿਆਰਥਣਾ ਵੀ ਇਸ ਕਿੱਤੇ ਨੂੰ ਅਪਣਾਉਣਗੀਆਂ ਅਤੇ ਆਰਥਿਕ ਤੋਰ ਤੇ ਆਤਮ ਨਿਰਭਰ ਬਣ ਸਕਣਗੀਆਂ।

ਹਾਜਰ ਮਹਿਮਾਨਾਂ ਨੇ ਸੈਂਟਰ ਦੀਆਂ ਸਿਖਿਆਰਥਣਾਂ ਵਲੋਂ ਤਿਆਰ ਕੀਤੇ ਗਏ ਸਮਾਨ ਨੂੰ ਵੇਖਿਆ ਅਤੇ ਸਲਾਹੁਣਾ ਕੀਤੀ। ਸਮਾਗਮ ਵਿੱਚ ਹਾਜਰ ਸਿਖਿਆਰਥਣਾਂ ਪਿੰਕੀ, ਕਵਿਤਾ, ਅੰਜਲੀ, ਨਗਮਾ, ਸੋਮਾ, ਨਿਰਜਲਾ, ਜਯੋਤੀ, ਨੀਲਮ, ਊਸ਼ਾ, ਮੁਸਕਾਨ, ਮਧੂ, ਅਨੀਤਾ, ਰੇਖਾ, ਅੰਤਿਕਾ, ਦਿਕਸ਼ਾ, ਸੀਮਾ, ਮੀਨਾ, ਰਮਾ, ਅਮਨਦੀਪ, ਜਸਵਿੰਦਰ, ਸੁਮਨ, ਹਰਦੀਪ, ਮਮਤਾ, ਪਰਵੀਨ, ਮੰਜੂ, ਨੀਸ਼ਾ, ਦਿਕਸ਼ਾ, ਰੇਖਾ, ਸੁਨੀਤਾ ਦੇਵੀ ਆਦਿ ਹਾਜਰ ਸਨ। ਇਨ੍ਹਾਂ ਸਿਖਿਆਰਥਣਾਂ ਨੇ ਅਪਣੇ ਤਜਰਬੇ ਸਾਂਝੇ ਕੀਤੇ। ਮੈਡਮ ਤਮੰਨਾ ਨੇ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

**ਰਿਪੋਰਟ ਅਤੇ ਤਸਵੀਰਾਂ– ਕੁਲਦੀਪ ਚੰਦ ਨੰਗਲ**

# ਪਿੰਡ ਚੱਕ ਕਲਾਲ ਚ ਲਾਈਬ੍ਰੇਰੀ ਲਈ ਕਮਰੇ ਦਾ ਨੀਹ ਪੱਥਰ ਪਿੰਡ ਦੇ ਬਹੁਪੱਖੀ ਵਿਕਾਸ ਕਾਰਜਾਂ ਲਈ ਕੰਮ ਜੰਗੀ ਪੱਧਰ ਤੇ ਜਾਰੀ

**ਬੰਗਾ–** ਸਥਾਨਕ ਪਿੰਡ ਚੱਕ ਕਲਾਲ ਵਿਖੇ ਪੰਚਾਇਤ ਨੂੰ 4 ਲੱਖ ਰੁਪਏ ਬਾਬਾ ਸਾਹਿਬ ਅੰਬੇਡਕਰ ਲਾਈਬ੍ਰੇਰੀ ਦਾ ਸੁੱ ਨੀਹ ਪੱਥਰ ਯੂ.ਐਨ.ੳ ਤੋਂ ਸਨਮਾਨਿਤ ਸਖ਼ਸ਼ੀਅਤ ਸ. ਮੁਹਿੰਦਰ ਸਿੰਘ ਦੁਸਾਂਝ, ਸ੍ਰੀ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ, ਉੱਘੇ ਸਹਿਤਕਾਰ ਡਾ ਗੁਰਮੀਤ ਕੱਲਰਮਾਜਰੀ, ਸ. ਫਤਿਹਜੰਗ ਸਿੰਘ ਚੰਡੀਗੜ੍ਹ, ਲੇਖਕ ਤੇ ਗੀਤਕਾਰ ਸ੍ਰੀ ਸਤਪਾਲ ਸਾਹਲੋਂ ਤੇ ਸਰਪੰਚ ਸ੍ਰੀਮਤੀ ਗੁਰਪ੍ਰੀਤ ਕੌਰ ਜੱਸੀ ਨੇ ਸਾਂਝੇ ਤੌਰ ਤੇ ਰੱਖਿਆ। ਇਸ ਮੌਕੇ ਬਾਬਾ ਸਾਹਿਬ ਡਾ. ਅੰਬੇਡਕਰ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਬੁੱਤ ਤੇ ਫੁੱਲ ਮਲਾਵਾ ਭੇਂਟ ਕੀਤੀਆ ਗਈਆਂ। ਇਸ ਮੌਕੇ ਸ੍ਰੀ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਪਿੰਡ ਚੱਕ ਕਲਾਲ ਪਹਿਲਾ ਹੀ ਬਾਬਾ ਸਾਹਿਬ ਦੇ ਪੈਰੋਕਾਰਾ ਦਾ ਪਿੰਡ ਹੈ। ਇਸ ਪਿੰਡ ਦੇ ਸਰਬਪੱਖੀ ਬਿਹਤਰੀ ਲਈ ਪੰਜਾਬ ਸਰਕਾਰ ਵਲੋਂ ਜੋ ਵੀ ਸੰਭਵ ਹੋ ਸਕਿਆ ਪਿੰਡ ਨੂੰ ਸਮਾਰਟ ਪਿੰਡ ਵਜੋਂ ਵਿਕਸਤ ਕਰਨ ਦਾ ਉਹ ਪੁਰਜੋਰ ਯਤਨ ਕਰਨਗੇ। ਇਸ ਮੌਕੇ ਸ. ਦੁਸਾਂਝ ਨੇ ਤਕਰੀਰ ਕਰਦਿਆ ਕਿਹਾ ਕਿ ਡਾ. ਅੰਬੇਡਕਰ ਤਮਾਮ ਸਮੱਸਿਆ ਦੁੱਖਾਂ ਤਕਲੀਫਾਂ ਨੂੰ ਝੱਲ ਕੇ ਤੇ ਕਈ ਵਾਰ ਭੁੱਖੇ ਰਹਿ ਕੇ ਵੀ ਪੜ੍ਹੇ ਪਰ ਕਦੇ ਸਮਾਜ ਜਾ ਦੇਸ਼ ਨਾਲ ਧੋਖਾ ਨਹੀਂ ਕੀਤਾ ਸਗੋਂ ਅਛੂਤ ਸਮਝੇ ਜਾਦੇ ਲੋਕਾ ਦੇ ਹੱਕਾ ਤੇ ਹਿੱਤਾ ਲਈ ਉਹ ਹਮੇਸ਼ਾ ਮੌਕੇ ਆਗੂਆ ਨਾਲ ਆਪਣੀ ਤੀਖਣ, ਬੇਬਾਕ ਬੁੱਧੀ ਨਾਲ ਤੇ ਤਰਕ ਦਲੀਲ ਨਾਲ ਲੜੇ। ਉਥੇ ਹੀ ਸਮੁੱਚੇ ਦੇਸ਼ ਲਈ ਖੂਬਸੂਰਤ ਸਵਿੰਧਾਨ ਤਿਆਰ ਕਰਕੇ ਦਿੱਤਾ ਜਿਸ ਤੇ ਕੀਤੀ ਮਿਹਨਤ ਦੀ ਸਾਰੀ ਦੁਨੀਆ ਪ੍ਰਸੰਸਾ ਕਰ ਰਹੀ ਹੈ।

ਇਸ ਮੌਕੇ ਅੰਮ੍ਰਿਤਪਾਲ ਸਿੰਘ ਗੋਲਡੀ, ਕਿਰਪਾਲ ਸਿੰਘ ਪਾਲੀ, ਗੁਰਮੀਤ ਸਿੰਘ ਵਾਲੀਆ, ਸੋਢੀ ਵਾਲੀਆ, ਰਣਜੀਤ ਸਿੰਘ, ਪਿੰਡ ਦੀ ਸਮੁੱਚੀ ਪੰਚਾਇਤ, ਹਰਵਿੰਦਰ ਸਿੰਘ ਸੂਦ, ਜਤਿੰਦਰ ਕੁਮਾਰ, ਗੁਰਬਚਨ ਸਿੰਘ, ਸੁਰਜੀਤ ਸਿੰਘ (ਪੰਚ), ਅਮਰਜੀਤ ਚੌਕੀਦਾਰ, ਸ. ਰਮੇਸ਼ ਸਿੰਘ, ਜਗਮੋਹਣ ਸਿੰਘ, ਮਲਕੀਤ ਸਿੰਘ, ਸੁੱਚਾ ਰਾਮ, ਕਰਮ ਚੰਦ ਤੇ ਪਿੰਡ ਵਾਸੀ ਅਤੇ ਖਾਸ ਕਰਕੇ ਔਰਤਾ ਵੱਡੀ ਗਿਣਤੀ ਵਿੱਚ ਹਾਜਰ ਸਨ।

# ਜੱਸੀ ਬਣੇ ਜ਼ਿਲ੍ਹਾ ਪੰਚਾਇਤ ਯੂਨੀਅਨ ਦੇ ਪ੍ਰਧਾਨ

## ਸਰਕਾਰ ਕਰੇ ਪੰਚਾਇਤਾਂ ਦੇ ਹੱਕ ਬਹਾਲ-ਮਾਵੀ



**ਬੰਗਾ–** ਪ੍ਰਸਿੱਧ ਲੇਖਕ/ਪੱਤਰਕਾਰ ਤੇ ਅਨੇਕਾਂ ਵਾਰ ਸਨਮਾਨੀ ਜਾ ਚੁੱਕੀ ਨਾਮਵਾਰ ਸਖ਼ਸ਼ੀਅਤ ਤੇ ਪਿੰਡ ਚੱਕ ਕਲਾਲ ਦੇ ਕਈ ਵਾਰ ਰਹੇ ਸਰਪੰਚ ਸ੍ਰੀ ਸੰਤੋਖ ਸਿੰਘ ਜੱਸੀ ਨੂੰ ਪੰਚਾਇਤ ਯੂਨੀਅਨ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਨਵਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਹ ਐਲਾਨ ਪੰਚਾਇਤ ਯੂਨੀਅਨ ਦੇ ਪ੍ਰਧਾਨ ਸ੍ਰੀ ਹਰਮਿੰਦਰ ਸਿੰਘ ਮਾਵੀ ਨੇ ਕਰਦਿਆ ਕਿਹਾ ਕਿ ਸ੍ਰੀ ਜੱਸੀ ਪਿਛਲੇ ਕਰੀਬ 20-22 ਸਾਲ ਤੋਂ ਲਗਾਤਾਰ ਯੂਨੀਅਨ ਨਾਲ ਜੁੜੇ ਹੋਏ ਹਨ ਤੇ ਯੂਨੀਅਨ ਦੇ ਹਰ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਆ ਰਹੇ ਹਨ। ਸ੍ਰੀ ਜੱਸੀ ਬੰਗਾ ਬਲਾਕ ਦੇ ਪ੍ਰਧਾਨ ਵੀ ਲੰਮਾ ਸਮੇਂ ਰਹੇ। ਹੁਣ ਜਿਲ੍ਹਾ ਪ੍ਰਧਾਨ ਬਣਨ ਤੇ ਉਨ੍ਹਾਂ ਕਿਹਾ ਕਿ ਉਹ 24 ਅਪ੍ਰੈਲ ਨੂੰ ਪੰਚਾਇਤ ਦਿਵਸ ਨੂੰ ਜਿਲ੍ਹੇ ਭਰ ਵਿੱਚ ਮਨਾਉਣਗੇ ਤੇ ਹਰ ਬਲਾਕ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਪੰਚਾ/ਪੰਚਾ ਨੂੰ ਆ ਰਹੀਆ ਲਗਾਤਾਰ ਮੁਸ਼ਕਲਾ ਦਾ ਹੱਲ ਸਰਕਾਰ ਪ੍ਰਸ਼ਾਸ਼ਨਕ ਉੱਚ ਅਧਿਕਾਰੀਆ ਤੇ ਪੰਚਾਇਤੀ ਨੁਮਾਇੰਦੀਆ ਨਾਲ ਪਹਿਲਾ ਮੁੜ ਬੈਠ ਕੇ ਹੱਲ ਕਰਨ ਨੂੰ ਤਰਜੀਹ ਦੇਣਗੇ। ਉਹਨਾ ਮੰਗਾਂ ਸਬੰਧੀ ਕਿਹਾ ਕਿ ਪੰਚਾਇਤਾ 29 ਵਿਭਾਗਾ ਦੇ ਵਿੱਤੀ ਤੇ ਪ੍ਰਸ਼ਾਸ਼ਨੀ ਹੱਲ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮੂਹ ਸਰਪੰਚਾ ਤੇ ਮੰਚਾ ਦੀਆ ਸਮੱਸਿਆਵਾ ਪਹਿਲਾ ਹੀ ਸਰਕਾਰ ਤੇ ਸਰਕਾਰ ਦੇ ਨੁਮਾਇੰਦਿਆ ਦੇ ਧਿਆਨ 'ਚ ਲਿਖਤੀ ਤੇ ਜਬਾਨੀ ਤੌਰ ਤੇ ਲਿਆਦਾ ਜਾ ਚੁੱਕਾ ਹੈ। ਸ੍ਰੀ ਜੱਸੀ ਦੀ ਇਸ ਨਿਯੁਕਤੀ ਤੇ ਜਿਲ੍ਹੇ ਦੀਆ ਪ੍ਰਮੱਖ ਹਸਤੀਆ, ਸਰਪੰਚ, ਪੰਚਾ ਨੇ ਖੁਸ਼ੀ ਦਾ ਇਜਹਾਰ ਕੀਤਾ। ਸ੍ਰੀ ਜੱਸੀ ਨੇ ਅਪੀਲ ਕਰਦਿਆ ਕਿਹਾ ਕਿ ਕਿਸੇ ਵੀ ਪੰਚਾਇਤ ਦੇ ਹੱਕਾ ਮਾਰਨ ਵਾਲੇ ਤੇ ਬਿਨਾ ਵਜ੍ਹਾ ਪ੍ਰੇਸ਼ਾਨ ਕਰਨ ਵਾਲੇ ਬਖਸ਼ੇ ਨਹੀਂ ਜਾਣਗੇ। ਉਨ੍ਹਾ ਅਖੀਰ ਵਿੱਚ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡਾ ਜਿਲ੍ਹਾ ਸ਼ਹੀਦਾਂ ਦੇ ਨਾਮ ਤੇ ਬਣਿਆ ਹੋਇਆ ਹੈ। ਇਸ ਨੂੰ ਹੋਰ ਬੁਲੰਦੀਆ ਤੇ ਲਿਜਾਉਣ ਲਈ ਯੂਨੀਅਨ ਪ੍ਰਸ਼ਾਸ਼ਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਨੂੰ ਤਰਜੀਹ ਦੇਵੇਗੀ।

# ਇੱਕ ਰੋਟੀ ਘੱਟ ਖਾ ਲਿਉ ਬੱਚੇ ਆਪਣੇ ਜਰੂਰ ਪੜ੍ਹਾਇਓ ਪੁਸਤਕ ਰਿਲੀਜ ਸਮਾਰੋਹ ਤੇ ਖੂਨਦਾਨ ਕੈਂਪ ਲੱਗਾ

**ਬੰਗਾ–** ਬੇ ਫਾਉਡੇਸ਼ਨ ਪੰਜਾਬ ਡਾ.ਬੀ.ਆਰ.ਅੰਬੇਡਕਰ ਵੈੱਲਫੇਅਰ ਸੁਸਾਇਟੀ ਅਤੇ ਪੰਚਾਇਤ ਯੂਨੀਅਨ ਬੰਗਾ ਵਲੋਂ ਮਸੰਦਾ ਪੱਟੀ ਬੰਗਾ ਵਿਖੇ ਸਾਂਝੇ ਤੌਰ ਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ 131ਵੇ ਜਨਮ ਦਿਹਾੜੇ ਮੌਕੇ ਪੁਸਤਕ ਰਿਲੀਜ ਸਮਾਰੋਹ ਤੇ ਖੂਨਦਾਨ ਕੈਂਪ ਲਗਾਇਆ ਗਿਆ।ਇਸ ਸਮਾਗਮ ਵਿੱਚ ਪੁਸਤਕ ਸੱਚ ਸਮੁੰਦਰ ਤੇ ਅਮਰੀਕਾ ਵਿੱਚ ਸ੍ਰੀ ਅਕਾਲ ਤਖਤ ਸ੍ਰੀ ਅਮ੍ਰਿਤਸਰ ਦੇ ਜਥੇਦਾਰ (ਡਾ.) ਹਰਪ੍ਰੀਤ ਸਿੰਘ ਵਲੋਂ ਰਿਲੀਜ ਕੀਤੀ ਗਈ। ਤਕਰੀਰ ਨੂੰ ਕਿਤਾਬਚੇ ਦੇ ਰੂਪ ਨੂੰ ਰਿਲੀਜ ਕੀਤਾ ਗਿਆ। ਇਸ ਮੌਕੇ 40 ਤੋਂ ਵੱਧ ਨੋਜਵਾਨ ਮੁੰਡੇ ਕੁੜੀਆ ਵਲੋਂ ਸਵੈ ਇੱਛਤ ਸਵੈ ਖੂਨਦਾਨ ਕੀਤਾ ਗਿਆ। ਇਸ ਸਮਾਗਮ ਵਿੱਚ ਪ੍ਰਮੁੱਖ ਸਖ਼ਸ਼ੀਅਤਾ ਵਿੱਚ ਸ. ਮਹਿੰਦਰ ਸਿੰਘ ਦੁਸਾਂਝ ਯੂ.ਐਨ.ੳ ਐਵਾਰਡੀ, ਉੱਘੇ ਸਹਿਤਕਾਰ ਡਾ. ਗੁਰਮੀਤ ਸਿੰਘ ਕਲਰਮਾਜਰੀ, ਸ. ਫਹਿਤਜੰਗ ਸਿੰਘ ਚੰਡੀਗੜ੍ਹ, ਵਕੀਲ ਚਰਨਜੀਤ ਸਿੰਘ ਘਈ, ਸ. ਹਰਮਿੰਦਰ ਸਿੰਘ ਮਾਵੀ (ਮੁਹਾਲੀ),ਪ੍ਰਧਾਨ ਪੰਚਾਇਤ ਯੂਨੀਅਨ ਪੰਜਾਬ, ਸ. ਬਰਜਿੰਦਰ ਸਿੰਘ ਹੁਸੈਨਪੁਰੀ, ਸ੍ਰੀ ਸਤਪਾਲ ਸਾਹਲੋਂ ਨੇ ਜਿੱਥੇ ਬਾਬਾ ਸਾਹਿਬ ਜੀ ਦੀ ਜਿੰਦਗੀ ਦੇ ਵੱਖ ਵੱਖ ਕੀਤੇ ਸੰਘਰਸ਼ਾ ਸਦਕਾ ਮਿਲੇ ਬਰਾਬਰਤਾ ਵਾਲੇ ਹੱਕਾ ਦੀ ਗੱਲ ਬੜੀ, ਬੇਬਾਕੀ ਤਰੀਕੇ ਨਾਲ ਕੀਤੀ ਗਈ। ਉੱਥੇ ਸਮੂਹ ਬੁਲਾਰਿਆ ਨੇ ਸਕੂਲੀ ਸਿੱਖਿਆ ਤੇ ਪ੍ਰਬੰਧਾ ਤੇ ਜੋਰ ਦਿੱਤਾ। ਇਸ ਮੌਕੇ ਮਿਸ਼ਨਰੀ ਗਾਇਕ ਧਰਮਿੰਦਰ ਮਸਾਣੀ ਨੇ ਇੱਕ ਰੋਟੀ ਘੱਟ ਖਾ ਲਿਓ ਬੱਚੇ ਆਪਣੇ ਜਰੂਰ ਪੜਾਇਓ ਰਾਂਹੀ ਆਪਣੀ ਬੁਲੰਦ ਅਵਾਜ ਚ ਸਭ ਨੂੰ ਪ੍ਰਭਾਵਿਤ ਕੀਤਾ। ਜਗਤਾਰ ਨਿਰਮਲ ਨੇ ਹੋਲੀ ਹੋਲੀ ਆਏ ਹਾਂ ਕਤਾਰ ਵਿੱਚ ਬਾਬਾ ਸਾਹਿਬ ਤੇਰੇ ਕਰਕੇ ਰਾਂਹੀ ਹਾਜਰੀ ਲਵਾਈ। ਇਸ ਮੌਕੇ ਭਾਰਤ ਦੀ ਉੱਘੀ ਪੰਜਾਬ ਦੀ ਫੁੱਟਬਾਲ ਖਿਡਾਰਨ ਮਨੀਸ਼ਾ ਕਲਿਆਣ ਨੂੰ 5100/-ਰੁਪਏ ਨਗਦ ਦੇ ਕੇ ਸਨਮਾਨ ਵੀ ਕੀਤਾ ਗਿਆ। ਇਸ ਸਮਾਗਮ ਚ ਲੋਕ ਸਭਾ ਆਨੰਦਪੁਰ ਤੋਂ ਸਾਂਸਦ ਸ੍ਰੀ ਮਨੀਸ਼ ਤਿਵਾੜੀ ਅਤੇ ਸ੍ਰੀ ਕੁਲਜੀਤ ਸਿੰਘ ਸਰਹਾਲ ਨੇ ਵੀ ਬਾਬਾ ਸਾਹਿਬ ਦੇ ਆਦਮ ਕੱਦ ਬੁੱਤ ਤੇ ਫੁੱਲ-ਮਲਾਵਾ ਭੇਂਟ ਕੀਤੀਆ। ਇਸ ਮੌਕੇ ਸਿਵਲ ਹਸਪਤਾਲ ਦੇ ਐਸ.ਐਮ.ੳ ਡਾ. ਬਲਵੀਰ ਸਿੰਘ ਦੀ ਅਗਵਾਈ ਹੇਠ ਕੰਮ ਕਰ ਰਹੀ ਬਲੱਡ ਬੈਂਕ ਦੀ ਸਮੁੱਚੀ ਟੀਮ ਨੇ ਆਪਣੀਆ ਸ਼ਾਨਦਾਰ ਸੇਵਾਵਾਂ ਦਿੱਤੀਆ।

ਇਸ ਮੌਕੇ ਸ੍ਰੀ ਅਮਰਜੀਤ ਖਟਕੜ ਖੁਰਦ ਜਿਲ੍ਹਾ ਪ੍ਰਧਾਨ ਗਜਟਡ ਨਾਨ ਗਜਟਡ ਐਸ.ਸੀ., ਬੀ.ਸੀ ਵੈੱਲਫੇਅਰ ਫੈਡਰੇਸ਼ਨ ਪੰਜਾਬ, ਸ੍ਰੀ ਸਨੀ ਕੁਮਾਰ ਮਜਾਰੀ, ਸ੍ਰੀ ਸੋਹਣ ਲਾਲ ਲਾਲੀ, ਪਵਨ ਕੁਮਾਰ, ਪਲਵਿੰਦਰ ਕੁਮਾਰ, ਸੋਢੀ ਲਾਲ, ਹਰਜੀਤ ਕੌਰ, ਦੀਪਕ ਸੱਲ੍ਹਣ, ਰਾਮਪਾਲ, ਹਰੀ ਕਿਸ਼ਨ ਬੰਗਾ, ਬਲਿਹਾਰ ਚੰਦ ਸੰਧੀ ਚੇਅਰਮੈਨ ਹੈਡੀਕੇਪਡ ਐਸੋਸ਼ੀਏਸ਼ਨ ਪੰਜਾਬ, ਨਰਿੰਦਰ ਮਾਹੀ, ਇੰਦਰਜੀਤ ਸਿੰਘ ਮਾਨ, ਕੁਲਦੀਪ ਚੰਦ, ਕੁਲਦੀਪ ਗਹਿਲ ਮਜਾਰੀ, ਜੋਗਿੰਦਰ ਸਿੰਘ ਜੰਡਿਆਲੀ, ਸਟੇਜ ਦੀ ਸੁਚੱਜੀ ਕਾਰਵਾਈ ਸੰਜੀਵ ਕੁਮਾਰ ਐਮਾਂ ਜੱਟਾਂ ਤੇ ਲੈਕਚਰਾਰ ਕ੍ਰਿਸ਼ਨ ਖਟਕੜ ਨੇ ਬਾਖੂਬੀ ਨਿਭਾਈ।


## ਵਰ ਦੀ ਲੋੜ

ਗੁਰਸਿੱਖ ਰਵਿਦਾਸੀਆ ਲੜਕੀ, ਉਮਰ 38 ਸਾਲ, ਦੰਦਾਂ ਦੀ ਡਾਕਟਰ, ਜੋ ਸੈਕਰਾਮੈਂਟੋ ਵਿਖੇ ਕੰਮ ਕਰਦੀ ਹੈ, ਲਈ ਵਰ ਦੀ ਲੋੜ ਹੈ। ਚਾਹਵਾਨ ਸੰਪਰਕ ਕਰ ਸਕਦੇ ਹਨ-

916-544-4368


# ਮੁਸਲਮ ਭਰਾਵਾਂ ਦੇ ਸਿੱਖਾਂ ਨੇ ਖੁਲ੍ਹਵਾਏ ਰੋਜ਼ੇ

**ਖੰਨਾ–** ਅੱਜ ਇੱਕ ਪਾਸੇ ਫਿਰਕੂ ਜਨੂੰਨੀ ਦੇਸ਼ ਦਾ ਧਰਮ ਨਿ-ਰਪੱਖ ਅਕਸ ਖਰਾਬ ਕਰਨ ਦੀ ਜਿੱਥੇ ਫਿਰਾਕ ਵਿੱਚ ਰਹਿੰਦੇ ਹਨ, ਓਥੇ ਅਜਿਹੇ ਲੋਕ ਵੀ ਮੌਜੂਦ ਹਨ ਜੋ ਭਾਈਚਾਰਕ ਸਾਂਝ ਲਈ ਤੇ ਨਫ਼ਰਤਾਂ ਖ਼ਤਮ ਕਰਨ ਲਈ ਉਪਰਾਲੇ ਕਰਦੇ ਰਹਿੰਦੇ ਹਨ। ਅਜਿਹੀ ਮਿਸਾਲ ਰਮਜ਼ਾਨ ਦੇ ਮਹੀਨੇ ਖੰਨਾ ਦੇ ਪਿੰਡ ਰਸੂਲੜਾ ਵਿਖੇ ਇਕ ਸਿੱਖ ਪਰਿਵਾਰ ਵੱਲੋਂ ਪੇਸ਼ ਕੀਤੀ ਗਈ। ਸਿੱਖ ਪਰਿਵਾਰ ਨੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਦਾਵਤ 'ਤੇ ਬੁਲਾ ਕੇ ਰੋਜ਼ੇ ਖੁਲ੍ਹਵਾਏ।

ਮੌਲਵੀ ਇਕਰਾਮਦੀਨ ਨੇ ਕਿਹਾ ਰਮਜ਼ਾਨ ਦਾ ਮਹੀਨਾ ਪਵਿੱਤਰ ਮਹੀਨਾ ਹੈ। ਇਸ ਮਹੀਨੇ ਰੋਜ਼ਾ ਖੁਲ੍ਹਵਾਉਣਾ ਵੀ ਇਕ ਵੱਡੀ ਸੇਵਾ ਹੈ। ਸਿੱਖ ਪਰਿਵਾਰ ਨੇ ਇਹ ਸੇਵਾ ਕਰਕੇ ਸਮਾਜ 'ਚ ਚੰਗੀ ਮਿਸਾਲ ਪੇਸ਼ ਕੀਤੀ ਹੈ। ਜਦਕਿ ਸਿੱਖ ਮੁਸਲਿਮ ਏਕਤਾ ਦੀ ਮਿਸਾਲ ਪੇਸ਼ ਕਰਨ ਵਾਲੇ ਅਵਤਾਰ ਸਿੰਘ ਔਜਲਾ ਨੇ ਕਿਹਾ ਭਾਰਤ ਧਰਮ ਨਿਰਪੱਖ ਦੇਸ਼ ਹੈ। ਸਾਨੂੰ ਸਾਰਿਆਂ ਨੂੰ ਜਾਤ-ਪਾਤ ਤੋਂ ਉਪਰ ਉਠ ਕੇ ਪ੍ਰੇਮ ਪਿਆਰ ਨਾਲ ਰਹਿਣਾ ਚਾਹੀਦਾ ਹੈ ਅੱਜ ਉਨ੍ਹਾਂ ਨੇ ਰੋਜ਼ੇ ਖੁਲ੍ਹਵਾਏ ਤਾਂ ਬਹੁਤ ਖੁਸ਼ੀ ਹੋਈ। ਪਿੰਡ ਵਾਸੀਆਂ ਨੇ ਵੀ ਆਪਸੀ ਭਾਈਚਾਰੇ ਨੂੰ ਮਜਬੂਤ ਕਰਨ ਲਈ ਸਿੱਖ ਪਰਿਵਾਰ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਮਾਸਟਰ ਸ਼ਿੰਗਾਰਾ ਸਿੰਘ ਨੇ ਕਿਹਾ ਜੋ ਮਿਸਾਲ ਅਵਤਾਰ ਸਿੰਘ ਨੇ ਪੇਸ਼ ਕੀਤੀ ਹੈ ਦੂਜਿਆਂ ਨੂੰ ਵੀ ਇਸ ਤੋਂ ਸੇਧ ਲੈਣੀ ਚਾਹੀਦੀ ਹੈ। ਸਮਾਜ 'ਚੋਂ ਧਰਮ ਤੇ ਜਾਤ-ਪਾਤ ਦੇ ਨਾਂਅ 'ਤੇ ਵੰਡੀਆਂ ਪਾਉਣ ਵਾਲੀਆਂ ਗੱਲਾਂ ਖ਼ਤਮ ਹੋਣੀਆਂ ਚਾਹੀਦੀਆਂ ਹਨ। ਇਸ ਮੌਕੇ ਕਾਦਰ ਅਲੀ, ਹਰਕੀਰਤ ਔਜਲਾ ਆਦਿ ਹਾਜ਼ਰ ਸਨ।

# ਸਿਆਟਲ ਦੇ ਗੁਰਦੀਪ ਸਿੰਘ ਸਿੱਧੂ ਕੌਮਾਂਤਰੀ ਬੁਲਾਰੇ ਵਜੋਂ ਸਨਮਾਨਿਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਦੇ ਮਹਾਰਾਜਾ ਪੈਲੇਸ ਵਿਚ ਸਿਆਟਲ ਦੇ ਮੁੱਖ ਬੁਲਾਰੇ ਗੁਰਦੀਪ ਸਿੰਘ ਸਿੱਧੂ ਨੂੰ ਕੌਮਾਂਤਰੀ ਬੁਲਾਰੇ ਵਜੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹਰਦੇਵ ਸਿੰਘ ਜੱਜ, ਪਰਮਜੀਤ ਸਿੰਘ ਖਹਿਰਾ, ਪਿੰਟੂ ਬਾਠ, ਮਨਮੋਹਨ ਸਿੰਘ ਧਾਲੀਵਾਲ, ਦਲਜੀਤ ਸਿੰਘ ਗਿੱਲ ਤੇ ਸੁਖਦੇਵ ਸਿੰਘ ਸੰਧੂ ਰੋੜਾਵਾਲਾ ਨੇ ਦੱਸਿਆ ਕਿ ਗੁਰਦੀਪ ਸਿੰਘ ਸਿੱਧੂ ਸਮਾਜ ਸੇਵੀ ਭਾਰਜਾ ਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਪ੍ਰੇਰਿਤ ਤੇ ਉਤਸ਼ਾਹਿਤ ਕਰਦੇ ਹਨ।

# ਅੰਬੇਦਕਰ ਨਗਰ ਵਿਖੇ ਬਾਬਾ ਸਾਹਿਬ ਡਾ.ਅੰਬੇਦਕਰ ਦਾ ਜਨਮ ਦਿਨ ਮਨਾਇਆ







**ਜਲੰਧਰ–** ਬੀਤੀ 10 ਅਪ੍ਰੈਲ 2022 ਨੂੰ ਯੁੱਗ ਪੁਰਸ਼, ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਜਨਮ ਦਿਨ ਸਥਾਨਕ ਅੰਬੇਦਕਰ ਨਗਰ ਵਿਖੇ ਮਨਾਇਆ ਗਿਆ, ਜਿਸ ਵਿਚ ਉਦਘਾਟਨ ਦੇ ਤੌਰ ’ਤੇ ਐਸ. ਡੀ. ਐਮ. ਲਾਲ ਵਿਸ਼ਵਾਸ ਜੀ ਨੇ ਹਿੱਸਾ ਲਿਆ। ਆਪਣੇ ਉਦਘਾਟਨੀ ਭਾਸ਼ਣ ਵਿਚ ਉਹਨਾਂ ਬੈਠੇ ਸਰੋਤਿਆਂ ਨੂੰ ਡਾ. ਅੰਬੇਡਕਰ ਦੇ ਜੀਵਨ ਅਤੇ ਫਲਸਫੇ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਬਿਕਰਮਜੀਤ ਸਿੰਘ ਥਿੰਦ ਵੱਲੋਂ ਵੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਡਾ. ਅੰਬੇਡਕਰ ਦੇ ਜੀਵਨ ਸੰਘਰਸ਼ ਤੇ ਚਾਨਣਾ ਪਾਇਆ। ਇਸ ਤੋਂ ਇਲਾਵਾ ਮੁੱਖ ਬੁਲਾਰੇ ਕੁਸ਼ਲ ਕੁਮਾਰ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸਮਾਜਿਕ ਕ੍ਰਾਂਤੀ ਦੇ ਵਿਚਾਰਾਂ ’ਤੇ ਚਰਚਾ ਕੀਤੀ। ਉਹਨਾਂ ਕਿਹਾ ਕਿ ਇਸ ਦੇਸ਼ ਦੇ ਅੰਦਰ ਰਾਜਨੀਤਿਕ ਕ੍ਰਾਂਤੀ ਤੋਂ ਪਹਿਲਾਂ ਸਮਾਜਿਕ ਕ੍ਰਾਂਤੀ ਦੀ ਲੋੜ ਹੈ। ਇਸ ਤੋਂ ਇਲਾਵਾ ਸਮਾਗਮ ਅੰਦਰ ਮੁੱਖ ਬੁਲਾਰੇ ਸਵਾਮੀ ਰਾਜਪਾਲ ਅਤੇ ਡਾ. ਜਸਵੰਤ ਸਿੰਘ ਥਿੰਦ ਨੇ ਵੀ ਸੰਬੋਧਨ ਕੀਤਾ।

ਇਸ ਤੋਂ ਇਲਾਵਾ ਜਤਿੰਦਰ ਕੁਮਾਰ (ਐਸ. ਡੀ. ਓ.), ਡਾ. ਸੱਤਪਾਲ, ਲਵਦੀਪ ਸਿੰਘ ਕਾਰਜਕਾਰੀ ਇੰਜੀਨੀਅਰ, ਕਮਲਜੀਤ ਸਿੰਘ ਕਾਲਾ, ਬਲਦੇਵ ਰਾਜ ਅਟਵਾਲ, ਮਲਕੀਤ ਸਿੰਘ ਮਾਹੀ, ਗੁਰਮੁਖ ਸਿੰਘ ਢੋਟ, ਨਾਇਬ ਤਹਿਸੀਲਦਾਰ ਕੁਲਵਰਨ ਸਿੰਘ, ਜਤਿੰਦਰ ਕੁਮਾਰ, ਹਰਜਿੰਦਰ ਹੈਰੀ, ਸ਼ਾਮ ਸੁੰਦਰ ਭੱਟੀ, ਸੁਖਵਿੰਦਰ ਸਿੰਘ, ਸ਼ਿੰਗਾਰਾ ਸਿੰਘ, ਅਵਤਾਰ ਸਿੰਘ, ਪ੍ਰੀਮ ਸਿੰਘ, ਹਨੀ, ਹਰਜਿੰਦਰ ਸਿੰਘ, ਬਲਬੀਰ ਸਿੰਘ, ਮਾਸਟਰ ਰਾਜਪਾਲ, ਮਾਸਟਰ ਅਵਤਾਰ ਸਿੰਘ ਭਾਦੋਲੰਗਾ, ਮਾਸਟਰ ਮਨੋਜ ਕੁਮਾਰ, ਬਾਲਕ੍ਰਿਸ਼ਨ ਪਟਵਾਰੀ ਆਦਿ ਹਾਜ਼ਰ ਸਨ।

# ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨ ਕਰਨ ਪੁੱਜੀ ਸੰਗਤ ਦਾ ਪਾਕਿ ਸਿੱਖਾਂ ਨੇ ਗੁਲਾਬ ਦੀਆਂ ਫੁੱਲ ਪੱਤੀਆਂ ਨਾਲ ਕੀਤਾ ਸਵਾਗਤ

**ਅੰਮ੍ਰਿਤਸਰ–** ਗੁਰੂ ਨਾਨਕ ਸਾਹਿਬ ਵੱਲੋਂ ਭੁੱਖੇ ਸਾਧੂਆਂ ਨੂੰ 20 ਰੁਪਏ ਵਿਚ ਲੰਗਰ ਛਕਾਉਣ ਦੀ ਯਾਦ ਵਿਚ ਉੱਸਰੇ ਅਸਥਾਨ ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨ ਦੀਦਾਰ ਕਰਨ ਪੁੱਜੀ ਸੰਗਤ ਦਾ ਪਾਕਿਸਤਾਨੀ ਸਿੱਖ ਆਗੂਆਂ ਨੇ ਗੁਲਾਬ ਦੀਆਂ ਫੁੱਲ ਪੱਤੀਆਂ ਨਾਲ ਸਵਾਗਤ ਕੀਤਾ। ਗੁਰਦੁਆਰੇ ਵਿਚ ਸੁਖਮਨੀ ਸਾਹਿਬ ਦੇ ਪਾਠ ਪਿੱਛੋਂ ਮੁੱਖ ਗ੍ਰੰਥੀ ਨੇ ਅਰਦਾਸ ਕੀਤੀ ਤੇ ਹੁਕਮਨਾਮਾ ਲਿਆ। ਇੱਥੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਥਾ ਲੀਡਰ ਬਲਵਿੰਦਰ ਸਿੰਘ ਵੈਈਪੁਈ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਉਹ ਸੰਗਤ ਨਾਲ ਇਸ ਅਸਥਾਨ ਦੇ ਦਰਸ਼ਨ ਦੀਦਾਰ ਕਰ ਕੇ ਖ਼ੁਦ ਨੂੰ ਵੱਡਭਾਗੀ ਸਮਝਦੇ ਹਨ, ਗੁਰੂ ਨਾਨਕ ਸਾਹਿਬ ਦੇ



ਪਿਤਾ ਮਹਿਤਾ ਕਾਲੂ ਜੀ ਨੇ 20 ਰੁਪਏ ਦਿੱਤੇ ਸਨ ਤੇ ਗੁਰੂ ਸਾਹਿਬ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਵਾਪਸ ਪਰਤ ਆਏ ਸਨ। ਇਸ ਮੌਕੇ ਗ੍ਰੰਥੀ ਭਾਈ ਗੁਰਦਾਸ ਸਿੰਘ ਨੇ ਸੰਗਤ ਨੂੰ ਗੁਰਦੁਆਰੇ ਦੇ ਇਤਿਹਾਸ ਬਾਰੇ ਦੱਸਿਆ। ਇਸ ਪਿੱਛੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ, ਔਕਾਫ਼ ਬੋਰਡ ਦੇ ਵਧੀਕ ਸਕੱਤਰ ਇਮਰਾਨ ਖਾਨ ਨੇ ਸਾਂਝੇ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਜਥਾ ਲੀਂਡਰ ਅਰਵਿੰਦਰ ਸਿੰਘ ਖ਼ਾਲਸਾ, ਬਲਵਿੰਦਰ ਸਿੰਘ ਵੇਈਂਪੁਈ, ਭਾਈ ਮਰਦਾਨਾ ਯਾਦਗਾਰੀ ਕੀਰਤਨ ਸੋਸਾਇਟੀ ਦੇ ਜਥਾ ਲੀਡਰ, ਖਾਲੜਾ ਮਿਸ਼ਨ ਕਮੇਟੀ, ਦਿੱਲੀ ਕਮੇਟੀ ਦੇ ਜਥਾ ਲੀਡਰਾਂ ਨੂੰ ਸਨਮਾਨਤ ਕੀਤਾ।

ਸ਼ਰਧਾਲੂ ਗੁਰਦੁਆਰਾ ਸੱਚਾ ਸੌਦਾ ਦੇ ਦਰਸ਼ਨ ਕਰਨ ਮਗਰੋਂ ਸ਼ਾਮ ਨੂੰ ਵਿਸ਼ੇਸ਼ ਏਸੀ ਬੱਸਾਂ ਰਾਹੀਂ ਭਾਰੀ ਸੁਰੱਖਿਆ ਪਹਿਰੇ ਵਿਚ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਪਰਤ ਆਏ। ਸੰਗਤ ਵਿਚ ਹਰ ਪਾਸੇ ਖ਼ੁਸ਼ੀਆਂ ਤੇ ਉਤਸ਼ਾਹ ਵਾਲਾ ਮਾਹੌਲ ਸੀ।

# ਵਿਸਾਖੀ ਦੇ ਮੌਕੇ ਬੰਗਾ ਦੇ ਪੰਜਾਬੀ ਗਾਇਕਾਂ ਦਾ ਸਨਮਾਨ

## ਵਿਰਸੇ ਨਾਲ ਜੁੜਣ ਅਤੇ ਰਹਿਬਰਾਂ ਦਾ ਮਿਸ਼ਨ ਅਪਣਾਉਣ ਦਾ ਹੋਕਾ

**ਬੰਗਾ, (ਰੇਸ਼ਮ ਕਰਨਾਣਵੀ)** – ਅੱਜ ‘ਵਿਸਾਖੀ ਮੁਬਾਰਕ’ ਸਮਾਗਮ ਵਿੱਚ ਬੰਗਾ ਹਲਕੇ ਨਾਲ ਸਬੰਧਤ ਛੇ ਪੰਜਾਬੀ ਗਾਇਕਾਂ ਦਾ ਸਨਮਾਨ ਕੀਤਾ ਗਿਆ। ਇਹ ਸਮਾਗਮ ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਕਰਵਾਇਆ ਗਿਆ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਮੋਹਣ ਮਾਹੀ, ਅਮਰਜੀਤ ਚਮਕੀਲਾ, ਜੀਤ ਬਾਹੜ੍ਹੋਵਾਲੀਆ, ਰਮਜ਼ਾਨਾ ਹੀਰ ਅਤੇ ਗਾਇਕ ਜੋੜੀ ਬਲਜਿੰਦਰ ਗੁਰੂ/ਜਸਵੀਰ ਕੌਰ ਸ਼ਾਮਲ ਸਨ।

ਇਹ ਸਨਮਾਨ ਰਸਮ ਡਾ। ਬਖਸ਼ੀਸ਼ ਸਿੰਘ, ਕਰਨ ਹਸਪਤਾਲ ਬੰਗਾ ਅਤੇ ਸੰਸਥਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਵਲੋਂ ਨਿਭਾਈ ਗਈ। ਉਹਨਾਂ ਵਿਚਾਰ ਸਾਂਝੇ ਕਰਦਿਆਂ ਲੋਕਾਂ ਨੂੰ ਆਪਣੇ ਵਿਰਸੇ ਅਤੇ ਰਹਿਬਰਾਂ ਦੇ ਮਿਸ਼ਨ ਨਾਲ ਜੁੜ੍ਹੇ ਰਹਿਣ ਦੀ ਅਪੀਲ ਕੀਤੀ। ਉਹਨਾਂ ਭਾਰਤੀ ਸੰਵਿਧਾਨ ਦੇ




ਨਿਰਮਾਤਾ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਅਤੇ ਖਾਲਸਾ ਦੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਅੱਜ ਦੇ ਦਿਨ ਨੂੰ ਸਮਾਜ ਲਈ ਵੱਡੀ ਪ੍ਰੇਰਨਾ ਪੈਦਾ ਕਰਨ ਵਾਲਾ ਦੱਸਿਆ।

ਇਸ ਮੌਕੇ ਦਵਿੰਦਰ ਬੇਗ਼ਮਪੁਰੀ ਮੀਤ ਪ੍ਰਧਾਨ ਪਟਵਾਰ ਯੂਨੀਅਨ ਪੰਜਾਬ, ਸੁਰਜੀਤ ਮਜਾਰੀ ਸਕੱਤਰ ਨਵਜੋਤ ਸਾਹਿਤ ਸੰਸਥਾ ਔੜ੍ਹ ਅਤੇ ਲਾਇਨਜ਼ ਸਤਪਾਲ ਮੰਡੇਰ ਲਾਇਨ ਕਲੱਬ ਮੁਕੰਦਪੁਰ, ਗਗਨਦੀਪ ਗਰਚਾ ਗਰਚਾ ਮਿਊਜ਼ਕ ਅਕੈਡਮੀ ਬੰਗਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਸਨਮਾਨਿਤ ਹੋਣ ਵਾਲੇ ਸਮੂਹ ਗਾਇਕਾਂ ਨੇ ਆਪੋ ਆਪਣੇ ਪ੍ਰਸਿੱਧ ਗੀਤ ਗਾ ਕੇ ਖ਼ੂਬ ਰੰਗ ਬੰਨ੍ਹਿਆ।

# ਸੁਮਨ ਅਤੇ ਹਰਸ਼ਰਨ ਕੌਰ ਨੇ ਜਿੱਤਿਆ ‘ਸਟਾਰ ਆਫ ਦਾ ਡੇਅ’ ਖਿਤਾਬ

**ਭਵਾਨੀਗੜ, (ਚਮਨਦੀਪ ਸ਼ਰਮਾ)–** ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਜੈਕਟ ਦੇ ਤਹਿਤ ਅੰਗਰੇਜ਼ੀ ਬੋਲਣ ਦੀ ਨਿਪੁੰਨਤਾ ਲਈ ਕਰਵਾਏ ਜਾ ਰਹੇ ਮੁਕਾਬਲਿਆਂ ਵਿੱਚ ਸਹੀਦ ਮੇਜਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰਹੇੜੀ ਦੇ ਵਿਦਿਆਰਥੀਆਂ ਨੇ ਚੰਗਾ ਪ੍ਰਦਰਸ਼ਨ ਰਾਹੀਂ ਆਪਣਾ ਦਬਦਬਾ ਬਣਾ ਰੱਖਿਆ ਹੈ। ਇਸ ਬਾਰੇ ਜਾਣਕਾਰੀ ਦੌਰਾਨ ਸਕੂਲ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਵਿਦਿਆਰਥਣ ਸੁਮਨਦੀਪ ਕੌਰ ਅਤੇ ਹਰਸ਼ਰਨ ਕੌਰ ਨੂੰ ਜਿਲਾ ਪੱਧਰੀ ਮੁਕਾਬਲਾ ਜਿੱਤਣ ਉਪਰੰਤ ਵਧਾਈ ਦਿੱਤੀ। ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਹੁਣ ਤੱਕ ਸਕੂਲ ਦੇ 18 ਵਿਦਿਆਰਥੀ ਜਿਲਾ ਪੱਧਰੀ ਮੁਕਾਬਲੇ ਵਿੱਚੋਂ




ਅੱਵਲ ਆਏ ਹਨ ਜਦਕਿ 63 ਬੱਚੇ ਬਲਾਕ ਵਿੱਚੋਂ ਜੇਤੂ ਰਹੇ ਹਨ। ਉਹਨਾਂ ਕਿਹਾ ਕਿ ਇਸ ਸ਼ਾਨਦਾਰ ਸਫਲਤਾ ਦਾ ਸਿਹਰਾ ਗਾਈਡ ਅਧਿਆਪਕ ਤਰੁਣਜੀਤ ਕੌਰ ਇੰਗਲਿਸ ਮਿਸਟ੍ਰੈੱਸ ਅਤੇ ਮਿਸ ਕਿਰਨਦੀਪ ਕੌਰ ਨੂੰ ਜਾਂਦਾ ਹੈ ਜਿਹਨਾਂ ਨੂੰ ਇੰਗਲਿਸ ਬੂਸਟਰ ਕਲੱਬ ਵਿੱਚ ਚੰਗੀ ਸੇਵਾ ਨਿਭਾਉਣ ਬਦਲੇ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਗਾਈਡ ਅਧਿਆਪਕ ਤਰੁਣਜੀਤ ਕੌਰ ਨੇ ਈਬੀਸੀ ਮੁਕਾਬਲਿਆਂ ਬਾਰੇ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਦੇ ਅੰਗਰੇਜ਼ੀ ਭਾਸ਼ਾ ਨੂੰ ਬੋਲਣ ਵਿੱਚ ਕਾਫੀ ਸੁਧਾਰ ਵੇਖਣ ਨੂੰ ਮਿਲਿਆ ਹੈ। ਅਧਿਆਪਕਾ ਕਿਰਨਜੀਤ ਕੌਰ ਨੇ ਕਿਹਾ ਕਿ ਸਿੱਖਿਆ ਵਿਭਾਗ ਦੁਆਰਾ ਬੱਚਿਆਂ ਨੂੰ ਅੰਗਰੇਜ਼ੀ ਬੋਲਣ ਵਿੱਚ ਪਰਪੱਕ ਕਰਨ ਖਾਂਤਰ ਸਕੂਲਾਂ ਅੰਦਰ ਸਪੈੱਲ ਲੌਂਗ, ਕੈਲੀਗਰਾਫੀ, ਲਿਸਨਿੰਗ ਲੈਬ, ਐਕਟੀਵਿਟੀਜ਼, ਰੀਡ ਟੂ ਮੀ ਐਪ ਆਦਿ ਵਰਗੇ ਕ੍ਰਾਂਤੀਕਾਰੀ ਕਦਮ ਚੁੱਕੇ ਜਾ ਰਹੇ ਹਨ ਜੋ ਕਿ ਭਵਿੱਖ ਵਿੱਚ ਬੱਚਿਆਂ ਦੇ ਲਈ ਯਕੀਕਨ ਲਾਹੇਵੰਦ ਹੋਣਗੇ। ਇਸ ਮੌਕੇ ਜਿਲਾ ਸਿੱਖਿਆ ਅਫਸਰ (ਸੈਸਿ) ਕੁਲਤਰਨਜੀਤ ਸਿੰਘ, ਡਿਪਟੀ ਡੀਈਓ ਅੰਮ੍ਰਿਤਪਾਲ ਸਿੰਘ, ਬਲਾਕ ਨੋਡਲ ਅਫਸਰ ਪ੍ਰੀਤਇੰਦਰ ਘਈ, ਡੀਐੱਮ ਦਵਿੰਦਰ ਸਿੰਘ ਨੇ ਸਕੂਲ ਨੂੰ ਵਧਾਈ ਦਿੱਤੀ।

# ਭਾਈਚਾਰਕ ਸਾਂਝ ਦਾ ਚਾਨਣ ਮੁਨਾਰਾ ਹੈ; ਜਲ੍ਹਿਆਂਵਾਲਾ ਬਾਗ਼

## ਦੇਸ਼ ਭਗਤਾਂ ਦੇ ਸਮਾਗਮ ਨੇ ਦਿੱਤਾ ਫ਼ਿਰਕੂ ਤੱਤਾਂ ਦੇ ਮਨਸ਼ੇ ਨਾਕਾਮ ਕਰਨ ਦਾ ਸੱਦਾ







**ਜਲੰਧਰ–** ਲੋਕਾਂ ਦੀ ਜ਼ੁਬਾਨਬੰਦੀ ਕਰਦੇ, ਜਮਹੂਰੀ ਹੱਕਾਂ ’ਤੇ ਝਪਟਦੇ ਅਤੇ ਸਾਮਰਾਜੀ ਗ਼ੁਲਾਮੀ ਦਾ ਸਿਕੰਜਾ ਕਸਣ ਦਾ ਕੰਮ ਕਰਦੇ ਕਾਲ਼ੇ ਕਾਨੂੰਨਾਂ ਖਿਲਾਫ਼ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ਼ ’ਚ ਪੁਰਅਮਨ ਰੋਸ ਪ੍ਰਗਟਾਵਾ ਕਰਦੇ ਲੋਕਾਂ ਉਪਰ ਗੋਲੀਆਂ ਦਾ ਮੀਂਹ ਵਰ੍ਹਾ ਕੇ, ਬਰਤਾਨਵੀ ਹਕੂਮਤ ਵੱਲੋਂ ਮਨਾਈ ਖ਼ੂਨੀ ਵਿਸਾਖੀ ਦੀ ਹਿਰਦੇਵੇਦਕ ਘਟਨਾ ਦੌਰਾਨ ਸ਼ਹਾਦਤ ਦਾ ਜਾਮ ਪੀਣ ਵਾਲੇ ਲੋਕਾਂ ਨੂੰ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਏ ਸਮਾਗਮ ’ਚ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਅਰਪਣ ਕੀਤੀ ਗਈ। ਬਾਗ਼ ਦੇ ਸ਼ਹੀਦਾਂ ਦੀ ਯਾਦ ’ਚ ਹਿੰਦੂ, ਸਿੱਖ, ਮੁਸਲਮਾਨ ਏਕਤਾ ਦਾ ਪ੍ਰਤੀਕ ਮੋਮਬੱਤੀਆਂ ਬਾਲਕੇ, ਸ਼ਮ੍ਹਾਂ ਰੌਸ਼ਨ ਕੀਤੀ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਇਸ ਮੌਕੇ ਖ਼ੂਨੀ ਸਾਕੇ ਦੇ ਇਤਿਹਾਸਕ ਹਵਾਲੇ ਸਾਂਝੇ ਕਰਦਿਆਂ ਕਿਹਾ ਕਿ ਇਹ ਸਾਮਰਾਜੀ ਦਾਬੇ ਖਿਲਾਫ਼ ਉਠਿਆ ਲੋਕ ਰੋਹ ਦਾ ਝੱਖੜ ਸੀ, ਜਿਸਨੂੰ ਖ਼ਾਮੋਸ਼ ਕਰਨ ਲਈ ਜਬਰ ਦੀਆਂ ਸਭੇ ਹੱਦਾਂ ਟੱਪੀਆਂ ਗਈਆਂ।

ਜਨਰਲ ਸਕੱਤਰ ਨੇ ਜਲ੍ਹਿਆਂਵਾਲਾ ਬਾਗ਼, ਵਿਸਾਖੀ ਦਿਹਾੜੇ ਦੀ ਮਹੱਤਤਾ ਅਤੇ ਡਾ. ਭੀਮ ਰਾਓ ਅੰਬੇਦਕਰ ਦੀ ਸਮਾਜ ਨੂੰ ਦੇਣ ਦਾ ਜ਼ਿਕਰ ਕਰਦਿਆਂ ਸਮਾਜ ’ਚੋਂ ਹਰ ਪ੍ਰਕਾਰ ਦਾ ਦਾਬਾ, ਵਿਤਕਰਾ, ਅਨਿਆਂ ਦੂਰ ਕਰਨ ਲਈ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੱਤਾ।

ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਪ੍ਰਸੰਗਕਤਾ ਅਤੇ ਸਾਰਥਕਤਾ ਇਹ ਹੈ ਕਿ ਜਲ੍ਹਿਆਂਵਾਲਾ ਬਾਗ਼ ਭਾਈਚਾਰਕ ਸਾਂਝ ਦਾ ਚਾਨਣ ਮੁਨਾਰਾ ਹੈ। ਉਹਨਾਂ ਕਿਹਾ ਕਿ ਕਾਲ਼ੇ ਕਾਨੂੰਨਾਂ ਖਿਲਾਫ਼ ਉਠੇ ਲੋਕਾਂ ਤੇ ਹਿਰਦੇਵੇਦਕ ਕਾਂਡ ਰਚਣ ਦੇ 103 ਸਾਲ ਬਾਅਦ ਅੱਜ ਵੀ ਕਾਲ਼ੇ ਕਾਨੂੰਨ ਮੜ੍ਹਨ ਅਤੇ ਬੁੱਧੀਜੀਵੀਆਂ ਨੂੰ ਜੇਲ੍ਹੀਂ ਡੱਕਣ ਦਾ ਸਿਲਸਿਲਾ ਜਾਰੀ ਹੈ।

ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਆਪਣੇ ਸੰਬੋਧਨ ’ਚ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਕਾਂਡ ਮੌਕੇ ਅਤੇ ਉਸ ਉਪਰੰਤ ਅੱਜ ਤੱਕ ਇਤਿਹਾਸ ਦੇ ਵਰਕੇ ਗਵਾਹ ਹਨ ਕਿ ਔਰਤਾਂ ਨੇ ਆਜ਼ਾਦੀ ਅਤੇ ਲੋਕ ਸੰਗਰਾਮ ਵਿੱਚ ਇਤਿਹਾਸਕ ਭੂਮਿਕਾ ਅਦਾ ਕੀਤੀ ਹੈ। ਆਉਣ ਵਾਲਾ ਕੱਲ੍ਹ ਵੀ ਲੋਕ ਲਹਿਰਾਂ ’ਚ ਔਰਤਾਂ ਦੀ ਸ਼ਮੂਲੀਅਤ ਨਾਲ ਰੌਸ਼ਨ ਹੋਏਗਾ। ਉਹਨਾਂ ਨੇ ਵਿਦਿਆਰਥੀਆਂ ਨਾਲ ਗੀਤ ਸਾਂਝਾ ਕੀਤਾ; 'ਜਗ ਮੇਰੇ ਦੀਵੇਆ, ਤੈਨੂੰ ਮੈਂ ਨਿੰਮਾ ਹੋਣ ਨਹੀਂ ਦੇਣਾ।'

ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਦਾ ਲਹੂ ਰੱਤਾ ਇਤਿਹਾਸ, ਮਜ਼ਦੂਰ, ਕਿਸਾਨ ਸਮੂਹ ਕਮਾਊ ਲੋਕਾਂ ਦੀਆਂ ਚੱਲ ਰਹੀਆਂ ਲਹਿਰਾਂ ਲਈ ਮਾਰਗ–ਦਰਸ਼ਕ ਹੈ।

ਕਮੇਟੀ ਮੈਂਬਰ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਦੀ ਲਹੂ ਰੱਤੀ ਮਿੱਟੀ ਨੂੰ ਨਤਮਸਤਕ ਹੁੰਦਿਆਂ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ ਅਤੇ ਨੌਜਵਾਨ ਭਾਰਤ ਸਭਾ ਵਰਗੀਆਂ ਲਹਿਰਾਂ ਮੁਲਕ ਦੇ ਮੁਕਤੀ ਸੰਗਰਾਮ ਦਾ ਝੰਡਾ ਲੈ ਕੇ ਅੱਗੇ ਵਧੀਆਂ।

ਸਮਾਗਮ ’ਚ ਪਾਸ ਕੀਤੇ ਮਤੇ ਰਾਹੀਂ ਮੰਗ ਕੀਤੀ ਗਈ ਕਿ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕੀਤਾ ਜਾਏ। ਪ੍ਰਵੇਸ਼ ਗਲੀ ’ਚ ਲਾਈਆਂ ਮੂਰਤੀਆਂ ਹਟਾਈਆਂ ਜਾਣ। ਗੋਲੀਆਂ ਦੇ ਨਿਸ਼ਾਨ ਅਤੇ ਸ਼ਹੀਦੀ ਖ਼ੂਹ ਆਦਿ ਦੀ ਇਤਿਹਾਸਕ ਦਿੱਖ ਬਹਾਲ ਕੀਤੀ ਜਾਏ।

ਜੇਲ੍ਹੀਂ ਡੱਕੇ ਬੁੱਧੀਜੀਵੀਆਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਏ। ਮੁਲਕ ਦੇ ਕਈ ਹਿੱਸਿਆਂ ਅੰਦਰ ਮੁਸਲਮਾਨ ਭਾਈਚਾਰੇ ਉਪਰ ਚੌਤਰਫ਼ੇ ਵਾਰ ਕਰਨ, ਜਲੀਲ ਕਰਨ, ਸਾੜ ਫੂਕ ਕਰਨ ਅਤੇ ਰੋਟੀ ਰੋਜ਼ੀ ਖੋਹਣ ਵਰਗੇ ਯੋਜਨਾਬੱਧ ਹੱਲੇ ਬੰਦ ਕੀਤੇ ਜਾਣ।

# ਪੰਜਾਬ ਸਮੇਤ ਕਈ ਸੂਬਿਆਂ ‘ਚ ਵਧਿਆ ਬਿਜਲੀ ਸੰਕਟ ਦਾ ਖ਼ਤਰਾ

**ਨਵੀਂ ਦਿੱਲੀ –** ਪੂਰੇ ਦੇਸ਼ ‘ਚ ਤੇਜ਼ ਹੋ ਰਹੀ ਗਰਮੀ ਤੇ ਇਕੋਨਾਮੀ ‘ਚ ਹੋ ਰਹੀ ਰਿਕਵਰੀ ਕਾਰਨ ਬਿਜਲੀ ਦੀ ਮੰਗ ਲਗਾਤਾਰ ਵਧ ਰਹੀ ਹੈ ਤੇ ਦੇਸ਼ ਸਾਹਮਣੇ ਬਿਜਲੀ ਸੰਕਟ ਹੋਰ ਡੂੰਘਾ ਹੋਣ ਦਾ ਖ਼ਤਰਾ ਵਧਣ ਲੱਗਾ ਹੈ। ਇਹ ਸਥਿਤੀ ਤਦੋਂ ਹੈ ਜਦੋਂ ਦੇਸ਼ ਦੀ ਸਭ ਤੋਂ ਵੱਡੀ ਕੋਲਾ ਕੰਪਨੀ ਕੋਲ ਇੰਡੀਆ ਲਿਮਟਿਡ ਨੇ ਇਸ ਸਮੇਂ ‘ਚ ਬਿਜਲੀ ਕੰਪਨੀਆਂ ਨੂੰ 14।2 ਫ਼ੀਸਦੀ ਜ਼ਿਆਦਾ ਕੋਲਾ ਸਪਲਾਈ ਕੀਤਾ ਹੈ ਤੇ ਮੰਗ ਪੂਰੀ ਕਰਨ ਲਈ ਅਪ੍ਰੈਲ ਮਹੀਨੇ ‘ਚ ਤਾਪ ਬਿਜਲੀ ਘਰਾਂ ਨੇ 9।5 ਫ਼ੀਸਦੀ ਜ਼ਿਆਦਾ ਬਿਜਲੀ ਬਣਾਈ ਹੈ। ਇਸ ਦੇ ਬਾਵਜੂਦ ਪੰਜਾਬ ਸਮੇਤ ਦਰਜਨ ਭਰ ਸੂਬਿਆਂ ਸਾਹਮਣੇ ਬਿਜਲੀ ਸੰਕਟ ਜ਼ਿਆਦਾ ਖ਼ਤਰਨਾਕ ਰੂਪ ਲੈ ਸਕਦਾ ਹੈ। ਸਿਰਫ਼ ਅਪ੍ਰੈਲ ਮਹੀਨੇ ਦੇ ਪਹਿਲੇ 15 ਦਿਨਾਂ ਦੀ ਗੱਲ ਕਰੀਏ ਤਾਂ ਦੇਸ਼ ਦੇ ਤਾਪ ਬਿਜਲੀ ਘਰਾਂ ਕੋਲ ਕੋਲੇ ਦਾ ਔਸਤ ਸਟਾਕ 9।6 ਦਿਨਾਂ ਤੋਂ ਘੱਟ ਕੇ 8–4 ਦਿਨਾਂ ਦਾ ਰਹਿ ਗਿਆ ਹੈ। ਅਪ੍ਰੈਲ 2022 ‘ਚ ਕੰਪਨੀ ਹਾਲੇ ਤਕ ਦਾ ਸਭ ਤੋਂ ਜ਼ਿਆਦਾ ਕੋਲਾ ਉਤਪਾਦਨ ਕਰਨ ਵੱਲ ਵਧ ਰਹੀ ਹੈ। ਬਿਜਲੀ ਸੈਕਟਰ ਦੇ ਇੰਜੀਨੀਅਰਾਂ ਦੇ ਸੰਗਠਨ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਅਪ੍ਰੈਲ, 2022 ‘ਚ ਪਹਿਲੇ 15 ਦਿਨਾਂ ‘ਚ ਦੇਸ਼ ‘ਚ ਬਿਜਲੀ ਦੀ ਮੰਗ ਪਿਛਲੇ 38 ਸਾਲਾਂ ਦੇ ਉੱਚ ਪੱਧਰ ‘ਤੇ ਰਹੀ ਹੈ। ਪੰਜਾਬ, ਆਂਧਰ ਪ੍ਰਦੇਸ਼, ਮਹ–ਾਰਾਸ਼ਟਰ, ਗੁਜਰਾਤ, ਝਾਰਖੰਡ, ਹਰਿਆਣਾ ‘ਚ 3.7 ਫ਼ੀਸਦੀ ਤੋਂ 8.7 ਫ਼ੀਸਦੀ ਤਕ ਬਿਜਲੀ ਦੀ ਕਟੌਤੀ ਹੋ ਰਹੀ ਹੈ। ਉੱਤਰ ਪ੍ਰਦੇਸ਼ ‘ਚ ਬਿਜਲੀ ਦੀ ਮੰਗ 21 ਹਜ਼ਾਰ ਮੈਗਾਵਾਟ ਹੈ ਜਦਕਿ ਸਪਲਾਈ 20 ਹਜ਼ਾਰ ਮੈਗਾਵਾਟ ਦੀ ਹੈ। ਸੰਗਠਨ ਨੇ ਕੋਲਾ ਢੁਆਈ ਲਈ ਵੈਗਨਾਂ ਦੀ ਕਮੀ ਦੀ ਸਮੱਸਿਆ ਨੂੰ ਇਕ ਵੱਡਾ ਕਾਰਨ ਦੱਸਦੇ ਹੋਏ ਕਿਹਾ ਕਿ ਸਾਰੇ ਪਲਾਂਟਾਂ ਨੂੰ ਉਚਿਤ ਮਾਤਰਾ ‘ਚ ਕੋਲਾ ਪਹੁੰਚਾਉਣ ਲਈ 453 ਰੇਲਵੇ ਰੈਕਾਂ ਦੀ ਲੋੜ ਹੈ ਜਦਕਿ ਕੁਝ ਦਿਨ ਪਹਿਲਾਂ ਤਕ ਸਿਰਫ਼ 379 ਰੈਕ ਹੀ ਉਪਲਬਧ ਸਨ। ਹੁਣ ਇਨ੍ਹਾਂ ਦੀ ਗਿਣਤੀ ਵਧ ਕੇ 415 ਹੋਈ ਹੈ। ਪੂਰੀ ਸਥਿਤੀ ਇਹ ਹੈ ਕਿ 12 ਸੂਬਿਆਂ ਦੇ ਤਾਪ ਬਿਜਲੀ ਘਰਾਂ ‘ਚ ਅੱਠ ਦਿਨਾਂ ਲਈ ਕੋਲਾ ਹੈ ਜਦਕਿ ਨਿਯਮਾਂ ਮੁਤਾਬਕ 24 ਦਿਨਾਂ ਦਾ ਕੋਲਾ ਹੋਣਾ ਚਾਹੀਦਾ ਹੈ।

ਬਿਜਲੀ ਘਰਾਂ ਕੋਲ ਕੋਲੇ ਦੀ ਉਪਲਬਧਤਾ ਬਾਰੇ ਕੋਲ ਇੰਡੀਆ ਵੱਲੋਂ ਦੱਸਿਆ ਗਿਆ ਹੈ ਕਿ ਕੰਪਨੀ ਅਪ੍ਰੈਲ 2022 ‘ਚ ਹਾਲੇ ਤਕ ਰੋਜ਼ਾਨਾ 16.4 ਲੱਖ ਟਨ ਕੋਲਾ ਸਪਲਾਈ ਕਰ ਰਹੀ ਹੈ ਜਦਕਿ ਅਪ੍ਰੈਲ 2021 ‘ਚ 14.3 ਲੱਖ ਟਨ ਕੋਲੇ ਦੀ ਸਪਲਾਈ ਕੀਤੀ ਜਾ ਰਹੀ ਸੀ। ਇਸ ਮਹੀਨੇ ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾਬਲੇ 27 ਫ਼ੀਸਦੀ ਜ਼ਿਆਦਾ ਕੋਲਾ ਕੱਢਿਆ ਗਿਆ ਹੈ। ਕੰਪਨੀ ਨੇ ਮੰਨਿਆ ਕਿ ਕੋਰੋਨਾ ਮਹਾਮਾਰੀ ਤੋਂ ਬਾਅਦ ਰਿਕਵਰੀ ਤੇ ਸਾਧਾਰਨ ਤੋਂ ਜ਼ਿਆਦਾ ਤਾਪਮਾਨ ਕਾਰਨ ਉਸਦੀ ਸਪਲਾਈ ਮੰਗ ਦੇ ਮੁਕਾਬਲੇ ਘੱਟ ਪੈ ਰਹੀ ਹੈ। ਪੰਜਾਬ, ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼ ਤੇ ਰਾਜਸਥਾਨ ‘ਚ ਵੱਧ ਤੋਂ ਵੱਧ ਤਾਪਮਾਨ ਸਾਧਾਰਨ ਦੇ ਮੁਕਾਬਲੇ 4–8 ਤੋਂ 6–2 ਡਿਗਰੀ ਜ਼ਿਆਦਾ ਹੈ। ਜ਼ਿਆਦਾ ਕੋਲਾ ਮਿਲਣ ਨਾਲ ਤਾਪ ਬਿਜਲੀ ਪਲਾਂਟਾਂ ਨੇ 1 ਤੋਂ 15 ਅਪ੍ਰੈਲ ਦਰਮਿਆਨ 3.5 ਅਰਬ ਯੂਨਿਟ ਬਿਜਲੀ ਉਤਪਾਦਨ ਕੀਤਾ ਹੈ ਜੋ 1–15 ਅਪ੍ਰੈਲ, 2021 ਦੇ ਮੁਕਾਬਲੇ 9.4 ਫ਼ੀਸਦੀ ਜ਼ਿਆਦਾ ਹੈ। ਇਸ ਵਿਚ ਦਰਾਮਦ ਕੋਲੇ ਨਾਲ ਹੋਣ ਵਾਲਾ ਬਿਜਲੀ ਉਤਪਾਦਨ ਵੀ ਸ਼ਾਮਲ ਹੈ। ਮਾਰਚ, 2022 ਦੇ ਮੁਕਾਬਲੇ ਅਪ੍ਰੈਲ, 2022 ‘ਚ 5.4 ਫ਼ੀਸਦੀ ਜ਼ਿਆਦਾ ਬਿਜਲੀ ਦਾ ਉਤਪਾਦਨ ਹੋ ਰਿਹਾ ਹੈ। ਕੋਲ ਇੰਡੀਆ ਨੇ ਅੰਤਰਰਾਸ਼ਟਰੀ ਬਾਜ਼ਾਰ ‘ਚ ਕੋਲੇ ਦੀਆਂ ਕੀਮਤਾਂ ‘ਚ ਭਾਰੀ ਵਾਧੇ ਵੱਲ ਧਿਆਨ ਦਿਵਾਇਆ ਹੈ ਤੇ ਕਿਹਾ ਹੈ ਕਿ ਦਰਾਮਦ ਕੋਲੇ ਦੇ ਮਹਿੰਗਾ ਹੋਣ ਨਾਲ ਦੇਸ਼ ਦੇ ਜ਼ਿਆਦਾਤਰ ਤਾਪ ਬਿਜਲੀ ਘਰਾਂ ਨੂੰ ਕੋਲਾ ਸਪਲਾਈ ਕਰਨ ਦੀ ਜ਼ਿੰਮੇਵਾਰੀ ਉਸਦੇ ਮੋਢੇ ‘ਤੇ ਹੈ। ਜੇਕਰ ਦਰਾਮਦ ਕੋਲੇ ਨਾਲ ਬਿਜਲੀ ਬਣਾਉਣ ਵਾਲੇ ਪਲਾਂਟ ਪਹਿਲਾਂ ਕੀਤੇ ਗਏ ਵਾਅਦੇ ਮੁਤਾਬਕ ਕੋਲਾ ਦਰਾਮਦ ਕਰਨ ਤਾਂ ਸਾਰੇ ਤਾਪ ਬਿਜਲੀ ਘਰਾਂ ਨੂੰ ਕੋਲਾ ਸਪਲਾਈ ਕਰਨ ਦਾ ਬੋਝ ਕੋਲ ਇੰਡੀਆ ‘ਤੇ ਘੱਟ ਹੋਵੇਗਾ। ਕੰਪਨੀ ਨੇ ਕੋਲਾ, ਬਿਜਲੀ ਤੇ ਰੇਲਵੇ ਮੰਤਰਾਲੇ ਨਾਲ ਲਗਾਤਾਰ ਸੰਪਰਕ ‘ਚ ਰਹਿੰਦੇ ਹੋਏ ਮਾਮਲੇ ਦਾ ਹੱਲ ਕੱਢਣ ਦੀ ਗੱਲ ਕਹੀ ਹੈ।

# ਨੰਗਲ ਵਿੱਚ ਸਿਖਿੱਆ ਦੇ ਮਸੀਹਾ ਪ੍ਰੋਗਰਾਮ ਕਰਵਾਇਆ ਗਿਆ ਹੈ

ਐਸ ਸੀ/ਬੀ ਸੀ ਇੰਪਲਾਇਜ਼ ਫੈਡਰੇਸ਼ਨਜ਼ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਪੰਜਾਬ ਵਲੋਂ ਮਿਲਕੇ ਸਿਖਿੱਆ ਦੇ ਮਸੀਹਾ ਮਹਾਤਮਾ ਜ਼ੋਤੀਬਾ ਫੂਲੇ, ਮਹਾਂਮਾਨਵ ਡਾਕਟਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ ਸਬੰਧੀ ਇੱਕ ਵਿਸ਼ੇਸ਼ ਪ੍ਰੋਗਰਾਮ ਬੀ ਬੀ ਐਮ ਬੀ ਆਡੀਟੋਰੀਅਮ ਨੰਗਲ ਨੇੜੇ ਫਾਇਰ



ਬ੍ਰਿਗੇਡ ਵਿੱਚ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਮੁੱਖ ਮੰਤਬ ਲੋਕਾਂ ਨੂੰ ਸਿੱਖਿਆ ਦੇ ਮਹੱਤਬ ਤੋ ਜਾਣੂ ਕਰਵਾਉਣਾ ਸੀ।ਇਸ ਪ੍ਰੋਗਰਾਮ ਵਿੱਚ ਸਮਾਜ ਦੇ ਵੱਖ ਵੱਖ ਵਰਗ ਦੇ ਲੋਕ ਜਿਨ੍ਹਾਂ ਵਿੱਚ ਬੁੱਧੀਜੀਵੀ ਵਰਗ, ਸੰਤ ਸਮਾਜ, ਅਧਿਆਪਕ, ਡਾਕਟਰ, ਵਕੀਲ, ਇੰਜਨੀਅਰ, ਸਰਕਾਰੀ ਅਧਿਕਾਰੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਇਸ ਪ੍ਰੋਗਰਾਮ ਵਿੱਚ ਸ਼੍ਰੀ ਗਿਆਨ ਚੰਦ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤਿ ਆਯੋਗ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਦਲਿਤ ਮੁੱਦਿਆਂ ਦੇ ਲੇਖਕ ਸੋਹਣ ਸਹਿਜਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੋਰ ਤੇ ਪਹੁੰਚੇ ਵੱਖ ਵੱਖ ਡੇਰਿਆਂ ਤੋਂ ਸੰਤ ਸਮਾਜ ਜਿਨ੍ਹਾਂ ਵਿੱਚ ਬਾਬਾ ਰਵਿੰਦਰ ਦਾਸ ਖਾਨਪੁਰ ਵਾਲੇ, ਬਾਬਾ ਸਤਨਾਮ ਸਿੰਘ ਭਨਿਆਰਾਂ ਵਾਲੇ, ਬਾਬਾ ਜਗਤਾਰ ਸਿੰਘ ਕੁਟੀਆ ਬਾਬਾ ਜਮਨਾ ਦਾਸ ਅਜੌਲੀ, ਬਾਬਾ ਗੋਪਾਲਾ ਨੰਦ ਪੱਸੀਵਾਲ, ਬਾਬਾ ਗੁਰਦੇਵ ਸਿੰਘ ਬੀਣੇਵਾਲ,ਆਦਿ ਸ਼ਾਮਿਲ ਸਨ ਨੇ ਇਸ ਪ੍ਰੋਗਰਾਮ ਦੀ ਅਗਵਾਈ ਕੀਤੀ। ਇਸ ਪ੍ਰੋਗਰਾਮ ਵਿੱਚ ਬਹੁਜਨ ਅੰਦੋਲਨ ਆਗੂ ਸਾਹਿਬ ਕਾਂਸ਼ੀ ਰਾਮ ਦੇ ਪਰਿਵਾਰ ਦੇ ਮੈਂਬਰ ਭੈਣ ਸਵਰਨ ਕੌਰ, ਵਕੀਲ ਲਖਵੀਰ ਸਿੰਘ, ਰਵਿੰਦਰ ਸਿੰਘ ਵਿਸ਼ੇਸ਼ ਤੋਰ ਤੇ ਪਹੁੰਚੇ। ਇਸ ਪ੍ਰੋਗਰਾਮ ਵਿੱਚ ਵੱਖ ਵੱਖ ਬੁੱਧੀਜੀਵੀ ਬੁਲਾਰਿਆਂ ਗਿਆਨ ਚੰਦ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤਿ ਆਯੋਗ, ਦਲਿਤ ਮੁੱਦਿਆਂ ਦੇ ਲੇਖਕ ਸੋਹਣ ਸਹਿਜਲ, ਡਾਕਟਰ ਤਜਿੰਦਰ ਸਿੰਘ ਥਿੰਦ, ਰਿਟਾਇਰਡ ਪ੍ਰਿੰਸੀਪਲ ਅਤੇ ਰਾਸ਼ਟਰੀ ਜਨਰਲ ਸਕੱਤਰ ਬਾਹਤੀ ਸਭਾ, ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਕੁਲਦੀਪ ਚੰਦ ਦੋਭੇਟਾ, ਐਸਸੀ/ਬੀਸੀ ਇੰਪਲਾਇਜ਼ ਫੈਡਰੇਸ਼ਨਜ਼ ਆਗੂ ਨਿਰਮਲਜੀਤ, ਮਨਜੀਤ ਕੁਮਾਰ, ਡਾਕਟਰ ਜਸ ਸਿਮਰਨ ਕਹਿਲ, ਆਦਿ ਨੇ ਇਸ ਪ੍ਰੋਗਰਾਮ ਦੇ ਮੰਤਬ ਬਾਰੇ ਦੱਸਿਆ ਅਤੇ ਸਿੱਖਿਆ ਦੇ ਮਹੱਤਬ ਸਬੰਧੀ ਅਪਣੇ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਆਗੂਆਂ ਨੇ ਸਦੀਆਂ ਤੱਕ ਸਿੱਖਿਆ ਤੋਂ ਬਾਂਝੇ ਰਹੇ ਵਰਗਾਂ ਜਿਨ੍ਹਾਂ ਵਿੱਚ ਦਲਿਤ, ਪੱਛੜੇ ਵਰਗ, ਮਹਿਲਾਵਾਂ ਆਦਿ ਸ਼ਾਮਿਲ ਸਨ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ ਅਤੇ ਇਨ੍ਹਾਂ ਵਰਗਾਂ ਨੂੰ ਸਿੱਖਿਅਤ ਕਰਨ ਲਈ ਵੱਖ ਵੱਖ ਰਹਿਵਰਾਂ ਮਹਾਤਮਾ ਜ਼ੋਤੀਬਾ ਫੂਲੇ, ਮਹਾਂਮਾਨਵ ਡਾਕਟਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਲਾਂਬੜਾ ਤੋਂ ਪਹੁੰਚੀ ਨਾਟਕ ਟੀਮ ਨੇ ਅਪਣੇ ਨਾਟਕਾਂ ਦੁਆਰਾ ਸਿੱਖਿਆ ਅਤੇ ਰਹਿਵਰਾਂ ਦੇ ਸੰਘਰਸ਼ਮਈ ਜੀਵਨ ਬਾਰੇ ਚਾਨਣਾਂ ਪਾਇਆ।

ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਚਲਾਏ ਜਾ ਰਹੇ ਸਿੱਖਿਆ ਸੈਂਟਰ ਦੇ ਬੱਚਿਆਂ ਨੇ ਅਧਿਆਪਕ ਨੀਰਜ ਬਾਲਾ ਦੀ ਅਗਵਾਈ ਵਿੱਚ ਰਹਿਵਰਾਂ ਦੇ ਸੰਘਰਸ਼ਮਈ ਜੀਵਨ ਬਾਰੇ ਕੋਰਿਉਗਰਾਫੀ ਪੇਸ਼ ਕੀਤੀ। ਇਸ ਪ੍ਰੋਗਰਾਮ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਦੇ ਆਗੂ ਰੋਟੇਰੀਅਨ ਪਰਮਿੰਦਰ ਸੰਧੂ ਦੀ ਅਗਵਾਈ ਵਿੱਚ ਟੀਮ ਨੇ ਬੱਚਿਆਂ ਲਈ ਕੁਇਜ ਦਾ ਆਯੋਜਨ ਕੀਤਾ ਜਿਸ ਵਿੱਚ ਲੱਗਭੱਗ ਸੱਤਰ ਬੱਚਿਆਂ ਨੇ ਭਾਗ ਲਿਆ ਅਤੇ ਪਹਿਲੇ ਦੂਜੇ ਅਤੇ ਤੀਜੇ ਨੰਬਰ ਤੇ ਰਹਿਣ ਵਾਲੇ ਬੱਚਿਆਂ ਨੂੰ ਨਗਦ ਇਨਾਮ ਦਿਤੇ ਗਏ।

ਸਟੇਜ ਸਕੱਤਰ ਦੀ ਭੁਮਿਕਾ ਉੱਘੇ ਰੰਗਕਰਮੀ ਰਾਜ ਘਈ ਨੇ ਬਾਖੂਬੀ ਨਿਭਾਈ ਅਤੇ ਪ੍ਰਬੰਧਕਾਂ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਕੇਵਲ ਕੁਮਾਰ ਦੀ ਟੀਮ ਵਲੋਂ ਚਾਹ ਪਕੋੜਿਆਂ ਦਾ ਲੰਗਰ ਲਗਾਇਆ ਗਿਆ। ਇਸ ਪ੍ਰੋਗਰਾਮ ਵਿੱਚ ਪੰਜਾਬ ਅਤੇ ਹਿਮਾਚਲ ਤੋਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ ਅਤੇ ਵੱਡੀ ਗਿਣਤੀ ਵਿੱਚ ਨੋਜਵਾਨ ਵੱਖ ਵੱਖ ਇਲਾਕਿਆਂ ਤੋਂ ਰੈਲੀ ਦੇ ਰੂਪ ਵਿੱਚ ਪਹੁੰਚੇ। ਇਸ ਪ੍ਰੋਗਰਾਮ ਵਿੱਚ ਲਗਾਏ ਗਏ ਪੋਸਟਰ ਅਤੇ ਸੈਲਫੀ ਸਟੈਂਡ ਲੋਕਾਂ ਨੂੰ ਆਕਰਸ਼ਿਤ ਕਰ ਰਹੇ ਸਨ ਅਤੇ ਵੱਡੀ ਗਿਣਤੀ ਵਿੱਚ ਲੋਕ ਆਏ ਹੋਏ ਮਹਿਮਾਨਾਂ ਨਾਲ ਯਾਦਗਾਰੀ ਸੈਲਫੀਆਂ ਲੈਂਦੇ ਵੇਖੇ ਗਏ।

**– ਕੁਲਦੀਪ ਚੰਦ 9417563054**

## ਯੂ.ਐਸ.ਏ. ਖਬਰਨਾਮਾ (ਹੁਸਨ ਲੜੋਆ ਬੰਗਾ)

# ਕੈਲੀਫੋਰਨੀਆ ਦੇ ਉੱਘੇ ਧਨਾਡ ਸਿੱਖ ਸ ਦੀਦਾਰ ਸਿੰਘ ਬੈਂਸ ਦੇ ਨਾਮ ਉੱਤੇ ਬਣੇਗਾ ਪਾਰਕ

**ਸੈਕਰਾਮੈਂਟੋ, ਕੈਲੀਫੋਰਨੀਆ–** ਦੁਨੀਆਂ ਵਿੱਚ ਆਪਣਾ ਮੁਕਾਮ ਰੱਖਣ ਵਾਲੇ ਯੂਬਾ ਸਿਟੀ, ਕੈਲੀਫੋਰਨੀਆ ਦੇ ਬਜ਼ੁੱਰਗ ਧਨਾਡ ਸਿੱਖ ਸਃ ਦੀਦਾਰ ਸਿੰਘ ਬੈਂਸ ਦੇ ਨਾਮ ਉੱਤੇ ਪਾਰਕ ਬਣਨ ਜਾ ਰਿਹਾ ਹੈ, ਅੱਜ ਇਸਦਾ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਟੱਕ ਲਾ ਕੇ ਇਸਦਾ ਉਦਘਾਟਨ ਵੀ ਕਰ ਦਿੱਤਾ। ਇਹ ਪਾਰਕ ਯੂਬਾ ਸਿਟੀ ਵਿੱਚ ਹਾਰਟਰ ਪਾਰਕਵੇਅ ਦੇ ਨੇੜੇ ਯੋਜਨਾਬੱਧ ਪੰਜ ਏਕੜ, ਉਤੇ ਕਰੀਬ ਤਿੰਨ ਮਿਲੀਅਨ ਦੀ ਲਾਗਤ ਨਾਲ ਬਣੇਗਾ। ਇਸ ਪਾਰਕ ਵਿੱਚ ਬੈਲਟ ਸਵਿੰਗ, ਇੱਕ 18,000 ਵਰਗ ਫੁੱਟ "ਬਾਈਕ ਪਾਰਕ", ਇੱਕ 96,000 ਵਰਗ ਫੁੱਟ ਜਨਰਲ ਪਲੇ ਟਰਫੇਡ ਮਨੋਰੰਜਨ ਖੇਤਰ,




ਤਿੰਨ ਡਿਸਕ ਗੋਲਫ ਗੋਲ, ਇੱਕ 5,000 ਵਰਗ ਫੁੱਟ ਬਾਸਕ-ਟਬਾਲ ਕੋਰਟ, ਇੱਕ 4,000 ਵਰਗ ਫੁੱਟ ਫਿਟਨੈਸ ਖੇਤਰ ਸ਼ਾਮਲ ਹੋਣਗੇ। ਪਿਕਨਿਕ ਟੇਬਲ, ਬਾਰਬੀਕਿਊ, ਅਤੇ 42 ਕਾਰਾਂ ਲਈ ਪਾਰਕਿੰਗ ਵਾਲਾ ਇੱਕ ਪੈਵੀਲੀਅਨ ਖੇਤਰ ਹੋਏਗਾ। ਸਃ ਦੀਦਾਰ ਸਿੰਘ ਬੈਂਸ ਜੋ ਗੁਰੂਦੁਆਰਾ ਟਾਇਰਾ ਬਿਊਨਾ ਰੋਡ ਯੂਬਾ ਸਿਟੀ ਦੇ ਸੰਸਥਾਪਕ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਜਿਨ੍ਹਾਂ ਨੇ ਵਿਸ਼ਵ ਸਿੱਖ ਸੰਗਠਨ ਦਾ ਗਠਨ ਵੀ ਕੀਤਾ ਸੀ। ਇਸ ਉਘਾਟਨ ਵੇਲੇ ਸ ਦਿਦਾਰ ਸਿੰਘ ਬੈਂਸ ਸਿਹਤ ਸਾਜਗਾਰ ਨਾ ਹੋਣ ਦੇ ਬਾਵਜੂਦ ਵੀ ਵੀਲ ਚੇਅਰ ਤੇ ਹਾਜਿਰ ਸਨ ਤੇ ਇਸ ਸ, ਬੈਂਸ ਦਾ ਸਾਰਾ ਪਰਿਵਾਰ ਵੀ ਹਾਜਿਰ ਸੀ।

# ਯੂਐਸ ਕਾਂਗਰਸਮੈਨ ਰਿਚਰਡ ਨੀਲ ਨੇ "1984 ਸਿੱਖ ਨਸਲਕੁਸ਼ੀ" ਤੇ ਲਾਈ ਮੋਹਰ, ਸਿੱਖ ਆਗੂਆਂ ਵਲੋਂ ਭਰਵਾਂ ਸਵਾਗਤ

**ਸੈਕਰਾਮੈਂਟੋ, ਕੈਲੀਫੋਰਨੀਆ–** ਸਿੱਖਾਂ ਦੀ ਅੰਤਰਰਾਸ਼ਟਰੀ ਪ੍ਰਤੀਨਿਧ ਸੰਸਥਾ, ਵਰਲਡ ਸਿੱਖ ਪਾਰਲੀਮੈਂਟ ਜੋ ਕਿ ਪਿਛਲੇ 5 ਸਾਲਾਂ ਤੋਂ ਸਿੱਖ ਨਸਲਕੁਸ਼ੀ ਨੂੰ ਅਮਰੀਕੀ ਕਾਂਗਰਸ ਦੇ ਰਿਕਾਰਡ ਵਿੱਚ ਮਾਨਤਾ ਦਵਾਉਣ ਲਈ ਕੰਮ ਕਰ ਰਹੀ ਹੈ। ਇਸ ਸਾਲ ਵਿਸਾਖੀ ਦੇ ਮੌਕੇ 'ਤੇ ਜਦੋਂ ਕਾਂਗਰਸਮੈਨ ਰਿਚਰਡ ਨੀਲ ਨੇ ਸਿੱਖਾਂ ਨੂੰ ਵਿਸਾਖੀ ਦੀ ਵਧਾਈ ਦੇਣ ਲਈ ਕਾਂਗਰਸ ਵਿੱਚ ਆਪਣੀ ਸਟੇਟਮੈਂਟ ਦਿੱਤੀ ਅਤੇ ਵਿਸਾਖੀ ਨੂੰ ਰਾਸ਼ਟਰੀ ਸਿੱਖ ਦਿਵਸ ਵਜੋਂ ਮਾਨਤਾ ਦਿੱਤੀ, ਤਾਂ ਕਾਗਰਸਮੈਨ ਨੇ ਇਹ ਵੀ ਜ਼ਿਕਰ ਕੀਤਾ ਕਿ ਸਿੱਖਾਂ 'ਤੇ ਜ਼ੁਲਮ ਹੋਏ ਹਨ ਅਤੇ ਸਿੱਖ ਕੌਮ ਭਾਰਤ ਵਿੱਚ 1984 ਦੀ ਸਿੱਖ ਨਸਲਕੁਸ਼ੀ ਦਾ ਵੀ ਸ਼ਿਕਾਰ ਹੋਈ ਹੈ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ, "ਕਾਂਗਰਸ ਵਿੱਚ ਵਿਸਾਖੀ ਦੀ ਮਾਨਤਾ ਇਹ ਸਿੱਖ ਕੌਮ ਦੀ ਵੱਡੀ ਪ੍ਰਾਪਤੀ ਹੈ ਅਤੇ ਅਸੀਂ ਸਿੱਖ ਨਸਲਕੁਸ਼ੀ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਦਿਵਾਉਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਾਂਗੇ"। ਗੁਰਨਿੰਦਰ ਸਿੰਘ ਧਾਲੀਵਾਲ ਜੋ ਮੈਸਾਚਿਉਸਟਸ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੇ ਸਥਾਨਕ ਪ੍ਰਤੀਨਿਧੀ ਹਨ, ਨੇ ਕਿਹਾ, "ਮੈਂ ਵੱਖ-ਵੱਖ ਮੌਕਿਆਂ 'ਤੇ ਸਿੱਖ ਭਾਈਚਾਰੇ ਨੂੰ ਮਾਨਤਾ ਦੇਣ ਲਈ ਕਾਂਗਰਸਮੈਨ ਦਾ ਧੰਨਵਾਦ ਕਰਦਾ ਹਾਂ ਅਤੇ ਮੈਂ ਭਵਿੱਖ ਵਿੱਚ



ਵੀ ਉਨ੍ਹਾਂ ਨਾਲ ਕੰਮ ਕਰਨ ਦੀ ਉਮੀਦ ਕਰਦਾ ਹਾਂ"। ਸਵਰਨਜੀਤ ਸਿੰਘ ਖਾਲਸਾ ਜੋ ਕਿ ਨੌਰਵਿਚ, ਕਨੈਕਟੀਕਟ ਦੇ ਸਿਟੀ ਕੌਂਸਲ ਮੈਂਬਰ ਵੀ ਹਨ ਅਤੇ ਕਨੈਕਟੀਕਟ ਸਟੇਟ ਤੋਂ ਸਿੱਖ ਨਸਲਕੁਸ਼ੀ ਬਾਰੇ ਅਮਰੀਕਾ ਵਿੱਚ ਪਹਿਲੀ ਮਾਨਤਾ (2018) ਦੀ ਅਗਵਾਈ ਕਰ ਚੁਕੇ ਹਨ, ਨੇ ਕਿਹਾ, "ਅਸੀਂ ਹੁਣੇ ਕੰਮ ਸ਼ੁਰੂ ਕੀਤਾ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਯੂਐਸ 1984 ਸਿੱਖ ਨਸਲਕੁਸ਼ੀ ਨੂੰ ਉਸੇ ਤਰ੍ਹਾਂ ਮਾਨਤਾ ਦੇਵੇਗਾ ਜਿਵੇਂ ਉਨ੍ਹਾਂ ਨੇ ਅਰਮੀਨੀਆਈ ਨਸਲਕੁਸ਼ੀ ਨੂੰ ਦਿਤੀ ਸੀ। ਵਰਲਡ ਸਿੱਖ ਪਾਰਲੀਮੈਂਟ ਦੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਅਤੇ ਯੂ।ਕੇ ਤੋਂ ਸਃ ਜੋਗਾ ਸਿੰਘ ਨੇ ਵੀ ਇਸ ਮਾਨਤਾ ਲਈ ਅਮਰੀਕੀ ਅਧਿਕਾਰੀਆਂ ਤੇ ਕਾਂਗਰਸਮੈਨ ਦਾ ਧੰਨਵਾਦ ਕੀਤਾ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਸਪੋਕਸਮੈਨ ਸ ਹਰਜਿੰਦਰ ਸਿੰਘ ਨੇ ਨੈਸ਼ਨਲ ਸਿੱਖ ਡੇ ਤੋਂ ਬਾਦ ਸਿੱਖ ਨਸਲਕੁਸ਼ੀ ਤੇ ਵਿਸਾਖੀ ਨੂੰ ਮਾਨਤਾ ਮਿਲਣ ਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾ ਪ੍ਰਿਤਪਾਲ ਸਿੰਘ ਨੇ ਇਸ ਪ੍ਰਾਪਤੀ ਖੁਸ਼ੀ ਪਰਗਟ ਕਰਦਿਆਂ ਸਮੁੱਚੀ ਸਿੱਖ ਲੀਡਰਸ਼ਿਪ ਦੇ ਕੰਮ ਤੇ ਤਸੱਲੀ ਜਤਾਈ, ਤੇ ਹੋਰ ਕੌਮੀ ਮਸਲਿਆਂ ਤੇ ਕੰਮ ਕਰਦੇ ਰਹਿਣ ਲਈ ਸਹਿਯੋਗ ਦਾ ਭਰੋਸਾ ਦਿੱਤਾ।

# ਹਾਈ ਸਕੂਲ ਵਿਚ ਚਾਕੂ ਮਾਰ ਕੇ 15 ਸਾਲਾ ਵਿਦਿਆਰਥਣ ਦੀ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ–** ਕੈਲੀਫੋਰਨੀਆ ਦੇ ਇਕ ਹਾਈ ਸਕੂਲ ਵਿਚ ਦਾਖਲ ਹੋ ਕੇ ਇਕ ਵਿਅਕਤੀ ਨੇ 15 ਸਾਲਾ ਵਿਦਿਆਰਥਣ ਦੀ ਚਾਕੂ ਨਾਲ ਹਮਲਾ ਕਰਕੇ ਹੱਤਿਆ ਕਰ ਦਿੱਤੀ। ਸਟਾਕਟਨ ਪੁਲਿਸ ਵਿਭਾਗ ਨੇ ਹੱਤਿਆ ਦੇ ਦੋਸ਼ ਵਿਚ 52 ਸਾਲਾ ਐਨਥਨੀ ਗਰੇਅ ਨਾਮੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਿਸ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀ ਦਾ ਮ੍ਰਿਤਕ ਨਾਲ ਰਿਸ਼ਤਾ ਕੀ ਸੀ ਤੇ ਉਸ ਨੇ ਉਸ ਦੀ ਹੱਤਿਆ ਕਿਉਂ ਕੀਤੀ, ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਸੈਕਰਾਮੈਂਟੋ ਦੇ ਦੱਖਣ ਵਿਚ ਤਕਰੀਬਨ 50 ਕਿਲੋਮੀਟਰ ਦੂਰ ਸਟੈਗ ਹਾਈ ਸਕੂਲ ਸਟਾਕਟਨ ਵਿਚ ਵਾਪਰੀ। ਸਕੂਲ ਡਿਸਟ੍ਰਿਕਟ ਸੁਪਰਡੈਂਟ ਜੌਹਨ ਰਮੀਰੇਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗਰੇਅ ਕੈਂਪਸ ਗੇਟ ਰਾਹੀਂ ਹਾਈ ਸਕੂਲ ਦੇ ਅੰਦਰ ਦਾਖਲ ਹੋਇਆ ਤੇ ਇਸ ਤੋਂ ਪਹਿਲਾਂ ਕਿ ਸੁਰੱਖਿਆ ਸਟਾਫ ਉਸ ਨੂੰ ਰੋਕਦਾ ਉਸ ਨੇ ਵਿਦਿਆਰਥਣ ਉਪਰ ਹਮਲਾ ਕਰ ਦਿੱਤਾ। ਜ਼ਖਮੀ ਹਾਲਤ ਵਿਚ ਵਿਦਿਆਰਥਣ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਤੋਂ ਬਾਅਦ ਸਕੂਲ ਨੂੰ ਬੰਦ ਕਰ ਦਿੱਤਾ ਗਿਆ। ਬਾਅਦ ਵਿਚ ਸਕੂਲ ਡਿਸਟ੍ਰਿਕਟ ਨੇ ਐਲਾਨ ਕੀਤਾ ਕਿ ਸਕੂਲ ਵਿਚ ਕਲਾਸਾਂ ਕਲ ਤੋਂ ਆਮ ਵਾਂਗ ਜਾਰੀ ਰਹਿਣਗੀਆਂ। ਸਕੂਲ ਕੈਂਪਸ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ।

ਸ਼ੱਕੀ ਦੋਸ਼ੀ ਗਰੇਅ ਨੂੰ ਸੈਨ ਜੋਆਕੁਇਨ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਉਸ ਨੂੰ ਬੁੱਧਵਾਰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# 32 ਸਾਲ ਜੇਲ ਵਿਚ ਸਜ਼ਾ ਭੁਗਤਣ ਉਪਰੰਤ ਜੱਜ ਨੇ ਕੀਤਾ ਬਰੀ

ਸੈਕਰਾਮੈਂਟੋ 20 ਅਪ੍ਰੈਲ- ਸਨ ਫਰਾਂਸਿਸਕੋ ਵਿਚ ਆਪਣੇ ਦੋਸਤ ਦੇ ਕਤਲ ਦੇ ਦੋਸ਼ ਵਿਚ 32 ਸਾਲ ਜੇਲ ਵਿਚ ਬਿਤਾਉਣ ਉਪਰੰਤ ਜੋਆਕੁਇਨ ਸੀਰੀਆ ਨਾਮੀ ਵਿਅਕਤੀ ਨੂੰ ਨਿਰ-ਦੋਸ਼ ਕਰਾਰ ਦਿੰਦਿਆਂ ਅਦਾਲਤ ਨੇ ਬਰੀ ਕਰ ਦਿੱਤਾ। ਸਨ ਫਰਾਂਸਿਸਕੋ ਡਿਸਟ੍ਰਿਕਟ ਅਟ-ਾਰਨੀ ਦੇ ਇਨੋਸੈਂਸ ਕਮਿਸ਼ਨ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਛਾਣਬੀਣ ਤੇ ਜਾਂਚ ਕਰਨ ਉਪਰੰਤ ਸੀਰੀਆ ਨੂੰ ਨਿਰਦੋਸ਼ ਪਾਇਆ ਗਿਆ। ਇਹ ਜਾਣਕਾਰੀ ਸਨ ਫਰਾਂਸਿਸਕੋ ਡਿਸਟ੍ਰਿਕਟ ਅਟਾਰਨੀ ਚੈਸਾ ਬੋਡਿਨ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਇਸ ਸਮੇ ਸੀਰੀਆ ਦੀ ਉਮਰ 61 ਸਾਲ ਹੈ। ਉਸ ਨੂੰ 1991 ਵਿਚ ਫਲਿਕਸ ਬਸਟੈਰੀਕਾ ਨਾਮੀ ਆਪਣੇ ਦੋਸਤ ਦੇ ਕਤਲ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਹਾਲਾਂ ਕਿ ਸੀਰੀਆ ਦੇ ਕਤਲ ਸਮੇ ਮੌਕੇ 'ਤੇ ਹਾਜਰ ਹੋਣ ਦੇ ਕੋਈ ਸਬੂਤ ਮੌਜੂਦ ਨਹੀਂ ਸਨ ਪਰੰਤੂ ਸਨ ਫਰਾਂਸਿਸਕੋ ਦੇ ਪੁਲਿਸ ਅਫਸਰਾਂ ਨੇ ਸੁਣੀਆਂ ਸੁਣਾਈਆਂ ਗੱਲਾਂ ਤੇ ਇਕ ਗੇਟਵੇਅ ਡਰਾਈਵਰ ਜਾਰਜ ਵਾਰੇਲਾ ਦੇ ਬਿਆਨ ਦੇ ਆਧਾਰ 'ਤੇ ਸੀਰੀਆ ਨੂੰ ਦੋਸ਼ੀ ਕਰਾਰ ਦਿੱਤਾ। ਡਿਸਟ੍ਰਿਕਟ ਅਟਾਰਨੀ ਅਨੁਸਾਰ ਵਾਰੇਲਾ ਨੇ ਪੁਲਿਸ ਦੇ ਭਾਰੀ ਦਬਾਅ ਹੇਠ ਸੀਰੀਆ ਦੀ ਕਾਤਲ ਵਜੋਂ ਪਛਾਣ ਕੀਤੀ ਸੀ।



# ਕਤਲ ਤੇ ਲੁੱਟਮਾਰ ਦੇ ਮਾਮਲੇ ਵਿਚ ਮੌਤ ਦੀ ਸਜ਼ਾ 'ਤੇ ਅਮਲ ਵਿਚ ਜਿਲਾ ਅਟਾਰਨੀ ਜਨਰਲ ਨੇ ਪਾਇਆ ਅੜਿਕਾ, ਪੀੜ੍ਹਤ ਪਰਿਵਾਰ ਵਿਚ ਵਿਆਪਕ ਰੋਸ

**ਸੈਕਰਾਮੈਂਟੋ 19 ਅਪ੍ਰੈਲ (ਹੁਸਨ ਲੜੋਆ ਬੰਗਾ)–** ਪਾਬਲੋ ਕਾਸਟਰੋ ਨਾਮੀ ਵਿਅਕਤੀ ਦੀ ਹੱਤਿਆ ਕਰਨ ਤੇ ਲੁੱਟਮਾਰ ਕਰਨ ਦੇ ਮਾਮਲੇ ਵਿਚ ਦੋਸ਼ੀ ਜੌਹਨ ਹੈਨਰੀ ਰਮੀਰੇਜ਼ ਦੀ ਫਾਂਸੀ ਦੀ ਸਜ਼ਾ 'ਤੇ ਅਮਲ ਇਸ ਸਾਲ ਅਕਤੂਬਰ ਵਿਚ ਤੈਅ ਹੋਣ ਉਪਰੰਤ ਟੈਕਸਾਸ ਦੇ ਇਕ ਅਟਾਰਨੀ ਜਨਰਲ ਨੇ ਮੌਤ ਦੀ ਸਜ਼ਾ ਦਾ ਵਾਰੰਟ ਵਾਪਿਸ ਲੈ ਲਿਆ ਹੈ ਜਿਸ ਕਾਰਨ ਰਮੀਰੇਜ਼ ਦੀ ਫਾਂਸੀ ਫਿਲਹਾਲ ਟਲ ਗਈ ਹੈ। ਪਾਬਲੋ ਕਾਸਟਰੋ ਨੂੰ 2004 ਵਿਚ ਕੋਰਪਸ ਕ੍ਰਿਸਟੀ ਵਿਚ ਇਕ ਗਰੌਸਰੀ ਸਟੋਰ ਦੀ ਪਾਰਕਿੰਗ ਵਿਚ ਬੁਰੀ ਤਰਾਂ ਕਤਲ ਕਰ ਦਿੱਤਾ ਗਿਆ ਸੀ। ਉਸ ਉਪਰ 29 ਵਾਰ ਛੁਰੇ ਨਾਲ ਹਮਲਾ ਕੀਤਾ ਗਿਆ। ਰਮੀਰੇਜ਼ ਨੇ ਇਸ ਘਟਨਾ ਤੋਂ ਬਾਅਦ ਚਾਕੂ ਦੀ ਨੋਕ 'ਤੇ ਇਕ ਹੋਰ ਵਿਅਕਤੀ ਨੂੰ ਲੁੱਟਿਆ ਤੇ ਗ੍ਰਿਫਤਾਰੀ ਤੋਂ ਬਚਣ ਲਈ ਮੈਕਸੀਕੋ ਭੱਜ ਗਿਆ। ਉਹ ਸਾਢੇ ਤਿੰਨ ਸਾਲ ਗ੍ਰਿਫਤਾਰੀ ਤੋਂ ਬਚਦਾ ਰਿਹਾ। ਅਦਾਲਤ ਨੇ ਇਸ ਮਾਮਲੇ ਵਿਚ ਰਮੀਰੇਜ਼ ਨੂੰ ਦੋਸ਼ੀ ਕਰਾਰ ਦਿੱਤਾ ਤੇ ਫਾਂਸੀ ਦੀ ਸਜ਼ਾ ਸੁਣਾਈ। ਲੰਘੀ 12 ਅਪ੍ਰੈਲ ਨੂੰ ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਨੇ ਰਮੀਰੇਜ਼ ਨੂੰ ਫਾਂਸੀ ਦੀ ਸਜ਼ਾ ਦੇਣ ਲਈ 5 ਅਕਤੂਬਰ 2022 ਤਰੀਕ ਨਿਸ਼ਚਤ



ਕੀਤੀ। ਪਰੰਤੂ ਇਸ ਦੇ ਦੋ ਦਿਨਾਂ ਬਾਅਦ ਨੂਸੈਸ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ ਮਾਰਕ ਗੋਨਜ਼ਾਲੇਜ਼ ਨੇ ਇਕ ਦਰਖਾਸਤ ਦਾਇਰ ਕਰਕੇ ਰਮੀਰੇਜ਼ ਦੇ ਮੌਤ ਦੇ ਵਾਰੰਟ ਵਾਪਿਸ ਲੈ ਲਏ। ਉਸ ਨੇ ਕਿਹਾ ਹੈ ਕਿ ਮੌਤ ਦੀ ਸਜ਼ਾ ਅਨੈਤਿਕ ਕਾਰਵਾਈ ਹੈ ਤੇ ਮੌਤ ਦੀ ਸਜ਼ਾ ਕਿਸੇ ਨੂੰ ਵੀ ਨਹੀਂ ਦਿੱਤੀ ਜਾਣੀ ਚਾਹੀਦੀ। ਇਥੇ ਜਿਕਰਯੋਗ ਹੈ ਕਿ ਗੋਨਜ਼ਾਲੇਜ਼ ਦੇ ਦਫਤਰ ਨੇ ਮੌਤ ਦੀ ਸਜ਼ਾ ਤੈਅ ਕਰਨ ਲਈ ਬੇਨਤੀ ਕੀਤੀ ਸੀ ਪਰੰਤੂ ਗੋਨਜ਼ਾਲੇਜ਼ ਨੇ ਕਿਹਾ ਹੈ ਕਿ ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਨੇ ਫੈਸਲਾ ਲੈਣ ਤੋਂ ਪਹਿਲਾਂ ਉਸ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ। ਗੋਨਜ਼ਾਲੇਜ਼ ਦਾ ਦੂਸਰਾ ਕਾਰਜਕਾਲ 2024 ਨੂੰ ਖਤਮ ਹੋਣਾ ਹੈ ਇਸ ਤੋਂ ਬਾਅਦ ਉਨਾਂ ਦੀ ਜਗਾ 'ਤੇ ਆਉਣ ਵਾਲਾ ਡਿਸਟ੍ਰਿਕਟ ਅਟ-ਾਰਨੀ ਮੌਤ ਦੇ ਵਾਰੰਟ ਬਹਾਲ ਕਰ ਸਕਦਾ ਹੈ। ਕਾਸਟਰੋ ਦੇ ਪਰਿਵਾਰ ਨੇ ਗੋਨਜ਼ਾਲੇਜ਼ ਦੇ ਫੈਸਲੇ ਉਪਰ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਹੈ। ਕਾਸਟਰੋ ਦੇ ਪੁੱਤਰ ਫਰਨਾਡੋ ਨੇ ਕਿਹਾ ਹੈ ਕਿ ਗੋਨਜ਼ਾਲੇਜ਼ ਦਾ ਨਿਰਨਾ ਸੁਣ ਕੇ ਉਸ ਦਾ ਖੂਨ ਖੌਲ ਰਿਹਾ ਹੈ। ਉਸ ਨੇ ਕਿਹਾ "ਜਦੋਂ ਮੇਰੇ ਪਿਤਾ ਨੂੰ ਮਾਰਿਆ ਗਿਆ ਸੀ ਤਾਂ ਮੈ ਉਸ ਵੇਲੇ 11 ਸਾਲਾਂ ਦਾ ਸੀ। ਮੇਰੇ ਪਿਤਾ ਦਾ ਕਤਲ ਕਰਕੇ ਮੇਰੇ ਕੋਲੋਂ ਮੇਰਾ ਬਚਪਨ ਖੋਹ ਲਿਆ ਗਿਆ। ਮੇਰਾ ਬਚਪਨ ਰੁਲ ਗਿਆ। ਮੈ ਹਮਸ਼ਾਂ ਸੋਚਦਾ ਹਾਂ ਕਿ ਮੇਰੇ ਪਿਤਾ ਦੀ ਮੌਤ ਦਾ ਅਧਿਆਏ ਬੰਦ ਹੋਣ ਦੇ ਨੇੜੇ ਹੈ ਤੇ ਦੋਸ਼ੀ ਨੂੰ ਕੀਤੇ ਦੀ ਸਜ਼ਾ ਮਿਲੇਗੀ ਪਰੰਤੂ ਹਰ ਵਾਰ ਇਸ ਵਿਚ ਅੜਿਕਾ ਪੈ ਜਾਂਦਾ ਹੈ।

# ਸਕਾਟਲੈਂਡ: ਖਾਲਸਾ ਸਾਜਨਾ ਦਿਵਸ ਸੰਬੰਧੀ ਤਿੰਨ ਰੋਜ਼ਾ ਧਾਰਮਿਕ ਸਮਾਗਮ ਸੰਪੰਨ










**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਧਾਰਮਿਕ ਸਰਗਰਮੀਆਂ ਮੁੜ ਜ਼ੋਰ ਫੜ੍ਹ ਰਹੀਆਂ ਹਨ। ਵਿਸਾਖੀ ਅਤੇ ਖ਼ਾਲਸਾ ਸਾਜਨਾ ਦਿਵਸ ਦੇ ਜਸ਼ਨਾਂ ਨੂੰ ਗੁਰਬਾਣੀ ਦਾ ਓਟ ਆਸਰਾ ਲੈ ਕੇ ਮਨਾਉਣ ਹਿਤ ਵੱਖ ਵੱਖ ਗੁਰੂਘਰਾਂ ਵਿੱਚ ਧਾਰਮਿਕ ਸਮਾਗਮ ਕਰਵਾਏ ਗਏ। ਗੁਰੂ ਨਾਨਕ ਸਿੱਖ ਗੁਰਦੁਆਰਾ ਓਟੈਗੋ ਸਟ੍ਰੀਟ ਵਿਖੇ ਤਿੰਨ ਰੋਜ਼ਾ ਧਾਰਮਿਕ ਸਮਾਗਮ ਗੁਰੂਘਰ ਕਮੇਟੀ ਦੇ ਬਾਨੀ ਮੋਢੀਆਂ ਵਿੱਚੋਂ ਇੱਕ ਸਵ: ਸ੍ਰ ਨਿਹਾਲ ਸਿੰਘ ਭੰਮਰਾ ਜੀ ਤੇ ਸਵ: ਮਾਤਾ ਸੁਰਜੀਤ ਕੌਰ ਭੰਮਰਾ ਜੀ ਦੇ ਪਰਿਵਾਰ ਵੱਲੋਂ ਕਰਵਾਏ ਗਏ। ਇਹਨਾਂ ਸਮਾਗਮਾਂ ਦੌਰਾਨ ਤਿੰਨੇ ਦਿਨ ਹੀ ਸੰਗਤਾਂ ਵੱਲੋਂ ਹਾਜ਼ਰੀ ਭਰੀ ਜਾਂਦੀ ਰਹੀ। ਸਮਾਗਮ ਦੇ ਆਖ਼ਰੀ ਦਿਨ ਗੁਰੂ ਘਰ ਦੇ ਵਜੀਰ ਭਾਈ ਅਰਵਿੰਦਰ ਸਿੰਘ, ਭਾਈ ਤੇਜਵੰਤ ਸਿੰਘ ਜੀ ਵੱਲੋਂ ਰਸਭਿੰਨੇ ਕੀਰਤਨ ਰਾਹੀਂ ਹਾਜ਼ਰੀ ਲਗਵਾਈ ਗਈ। ਉਹਨਾਂ ਵੱਲੋਂ ਗਾਇਨ ਕੀਤੀ ਆਰਤੀ ਤੇ ਸੰਗਤਾਂ ਵੱਲੋਂ ਕੀਤੀ ਫੁੱਲਾਂ ਦੀ ਵਰਖਾ ਅਲੌਕਿਕ ਨਜ਼ਾਰਾ ਪੇਸ਼ ਕਰ ਗਈ। ਇਸ ਸਮੇਂ ਜਿੱਥੇ ਭਾਈ ਹਰਦੀਪ ਸਿੰਘ ਸੋਢੀ ਤੇ ਸਨਦੀਪ ਸਿੰਘ ਦੀਹਰੇ ਵੱਲੋਂ ਕੀਰਤਨ ਰਾਹੀ ਸਾਂਝ ਪਾਈ ਗਈ ਉੱਥੇ ਗਾਇਕ ਕਰਮਜੀਤ ਮੀਨੀਆਂ ਵੱਲੋਂ 'ਦਸ਼ਮੇਸ਼ ਪਿਤਾ ਸਿੱਖੀ ਦਾ ਮਹਿਲ ਬਣਾ ਚੱਲਿਆ' ਗੀਤ ਰਾਹੀ ਇਸ ਸਮਾਗਮ ਦਾ ਹਿੱਸਾ ਬਣਿਆ ਗਿਆ।

ਇਸ ਸਮੇਂ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਦੌਰਾਨ ਚੋਲਾ ਚੜ੍ਹਾਉਣ ਦੀ ਰਸਮ ਵੀ ਅਦਾ ਕੀਤੀ ਗਈ। ਸਮਾਗਮ ਦੀ ਸਫਲਤਾ ਸੰਬੰਧੀ ਮੁੱਖ ਸੇਵਾਦਾਰ ਭੁਪਿੰਦਰ ਸਿੰਘ ਬਰ੍ਹਮੀ, ਮੀਤ ਪ੍ਰਧਾਨ ਜਸਵੀਰ ਸਿੰਘ ਬਮਰਾਹ, ਸਕੱਤਰ ਸਰਦਾਰਾ ਸਿੰਘ ਜੰਡੂ, ਸੋਹਣ ਸਿੰਘ ਸੋਂਦ, ਹਰਜੀਤ ਸਿੰਘ ਗਾਬੜੀਆ, ਹੈਰੀ ਮੋਗਾ ਆਦਿ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸਕਾਟਲੈਂਡ ਦੇ ਵੱਖ ਵੱਖ ਕਸਬਿਆਂ ਵਿੱਚੋਂ ਪਹੁੰਚੀਆਂ ਸੰਗਤਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਸਕਾਟਲੈਂਡ : ਆਸਟਰੇਲੀਆ ਵਸਦੇ ਗ਼ਜ਼ਲਗੋ ਜਸਵੰਤ ਵਾਗਲਾ ਦੀ ਪੁਸਤਕ 'ਸਿਲਸਿਲਾ' ਲੋਕ ਅਰਪਣ





**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਕਲਮਕਾਰਾਂ ਨੂੰ ਦਿੱਤਾ ਗਿਆ ਮਾਣ ਉਹਨਾਂ ਨੂੰ ਮਾਨਸਿਕ ਤੌਰ 'ਤੇ ਹੌਸਲਾ ਦਿੰਦਾ ਹੈ ਤੇ ਉਹੀ ਹੌਸਲਾ ਉਹਨਾਂ ਕਲਮਕਾਰਾਂ ਨੂੰ ਨਰੋਈ ਸਾਹਿਤ ਸਿਰਜਣਾ ਦੇ ਰਾਹ ਤੋਰਦਾ ਹੈ। ਇਸੇ ਮਨਸ਼ੇ ਤਹਿਤ 'ਪੰਜ ਦਰਿਆ' ਸਕਾਟਲੈਂਡ ਟੀਮ ਵੱਲੋਂ ਸਾਹਿਤਕਾਰ ਖੇਤਰ ਦੇ ਮਰਜੀਵੜਿਆਂ ਨੂੰ ਸਮੇਂ ਸਮੇਂ 'ਤੇ ਮਾਣ ਸਨਮਾਨ ਦਿੱਤਾ ਜਾਂਦਾ ਹੈ।

ਆਸਟਰੇਲੀਆ ਵਸਦੇ ਪ੍ਰਸਿੱਧ ਸ਼ਾਇਰ ਜਸਵੰਤ ਵਾਗਲਾ ਦੇ ਗਜ਼ਲ ਸੰਗ੍ਰਹਿ ਸਿਲਸਿਲਾ ਨੂੰ ਲੋਕ ਅਰਪਣ ਕਰਨ ਹਿਤ ਉਲੀਕੇ ਸਮਾਗਮ ਵਿੱਚ ਬੁਲਾਰਿਆਂ ਵੱਲੋਂ ਸਾਹਿਤਕਾਰਾਂ ਦੀ ਪਿੱਠ ਥਾਪੜਨ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਜਿਕਰਯੋਗ ਹੈ ਕਿ ਜਸਵੰਤ ਵਾਗਲਾ ਗ਼ਜ਼ਲ ਦੇ ਖੇਤਰ ਵਿੱਚ ਵੱਡਾ ਨਾਮ ਜਨਾਬ ਗੁਰਦਿਆਲ ਰੌਸ਼ਨ ਜੀ ਦੇ ਸ਼ਾਗਿਰਦ ਹਨ। ਉਹਨਾਂ ਦੇ ਇਸ ਗਜ਼ਲ ਸੰਗ੍ਰਹਿ ਦੀ ਖ਼ਾਸੀਅਤ ਹੈ ਕਿ ਪੁਸਤਕ ਲੋਕ ਅਰਪਣ ਹੋਣ ਤੋਂ ਪਹਿਲਾਂ ਹੀ ਇਸ ਪੁਸਤਕ ਵਿੱਚ ਦਰਜ ਹੋਈਆਂ ਬਹੁਤ ਸਾਰੀਆਂ ਰਚਨਾਵਾਂ ਵੱਖ ਵੱਖ ਫ਼ਨਕਾਰਾਂ ਵੱਲੋਂ ਗਾਈਆਂ ਵੀ ਜਾ ਚੁੱਕੀਆਂ ਹਨ। ਰਚਨਾਵਾਂ ਨੂੰ ਕਾਗਜ਼ੀ ਰੂਪ ਵਿੱਚ ਪਾਠਕਾਂ ਦੀਆਂ ਅੱਖਾਂ ਤੱਕ ਪਹੁੰਚਾਉਣ ਦੇ ਨਾਲ ਨਾਲ ਗਜ਼ਲਾਂ ਨੂੰ ਗਾ ਕੇ ਤੇ ਵੀਡੀਓ ਰੂਪ ਵਿੱਚ ਸ੍ਰੋਤਿਆਂ ਤੇ ਦਰਸ਼ਕਾਂ ਤੱਕ ਪਹੁੰਚਾਉਣ ਦੇ ਉੱਦਮ ਦੀ ਵੀ ਹਾਜ਼ਰੀਨ ਨੇ ਭਰਵੀ ਤਾਰੀਫ਼ ਕੀਤੀ। ਇਸ ਸਮੇਂ ਪ੍ਰਬੰਧਕ ਟੀਮ ਵੱਲੋਂ ਕਰਮਜੀਤ ਮੀਨੀਆਂ ਨੇ ਦੂਰੋਂ ਨੇੜਿਉਂ ਆਏ ਸਾਹਿਤਕ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਅੱਗੇ ਤੋਂ ਵੀ ਅਜਿਹੇ ਸਮਾਗਮ ਉਲੀਕਦੇ ਰਹਿਣ ਦਾ ਵਾਅਦਾ ਦੁਹਰਾਇਆ। ਇਸ ਸਮੇਂ ਸਕ-ਾਟਲੈਂਡ ਦੇ ਪ੍ਰਸਿੱਧ ਸ਼ਾਇਰ ਅਮਨਦੀਪ ਸਿੰਘ ਅਮਨ, ਬਾਬਾ ਬੁੱਢਾ ਦਲ ਗਲਾਸਗੋ ਦੇ ਮੁੱਖ ਸੇਵਾਦਾਰ ਹਰਜੀਤ ਸਿੰਘ ਖਹਿਰਾ, ਬਿੱਟੂ ਗਲਾਸਗੋ ਆਦਿ ਵੱਲੋਂ ਆਪਣੇ ਸੰਬੋਧਨ ਦੌਰਾਨ ਜਸਵੰਤ ਵਾਗਲਾ ਨੂੰ ਪੁਸਤਕ ਲੋਕ ਅਰਪਣ ਹੋਣ ਦੀ ਵਧਾਈ ਪੇਸ਼ ਕੀਤੀ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਦਿਆਲ ਸਿੰਘ ਬਾਗ੍ਹੀ, ਅਨੂਪ ਵਾਲੀਆ, ਬਲਬੀਰ ਸਿੰਘ ਫਰਵਾਹਾ, ਗੁਰਮੀਤ ਸਿੰਘ ਹਿੰਮਤਪੁਰਾ, ਕੁਲਦੀਪ ਸਿੰਘ ਗਰੇਵਾਲ, ਪਰਮਿੰਦਰ ਸਿੰਘ ਭੰਮਰਾ, ਮਹਿਕ ਪੰਜਾਬ ਦੀ ਗਿੱਧਾ ਗਰੁੱਪ ਵੱਲੋਂ ਅਮ੍ਰਿਤ ਕੌਰ ਸਰਾਓ, ਨਿਰਮਲ ਕੌਰ ਗਿੱਲ, ਰੋਜੀ ਬਮਰਾਹ, ਹਰਜਿੰਦਰ ਕੌਰ ਮੀਨੀਆਂ, ਨੀਲਮ ਖੁਰਮੀ, ਜਸਪਾਲ ਕੌਰ ਭੰਮਰਾ, ਅਮ੍ਰਿਤ ਕੌਰ ਚੀਤਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਟੋਕੀਓ ਪੈਰਾਓਲੰਪਿਕਸ 2021, ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਤੇ ਪੰਜਾਬ ਦੇ ਜੇਤੂ ਪੈਰਾ ਖਿਡਾਰੀਆਂ ਦਾ ਸਨਮਾਨ ਸਮਾਰੋਹ ਕਰਵਾਇਆ

**ਹੁਸ਼ਿਆਰਪੁਰ–** ਟੋਕੀਓ ਪੈਰਾਓਲੰਪਿਕਸ 2021 ਵਿੱਚ ਹਿੱਸਾ ਲੈਣ ਵਾਲੇ ਅੰਤਰ ਰਾਸ਼ਟਰੀ ਅਤੇ ਨੈਸ਼ਨਲ ਪੱਧਰ ਤੇ ਮੈਡਲ ਜਿੱਤਣ ਵਾਲੇ ਪੰਜਾਬ ਦੇ ਖਿਡਾਰੀਆਂ ਦਾ ਅੱਜ ਮਿਤੀ 19 ਅਪ੍ਰੈਲ 2022 ਨੂੰ ਪੰਜਾਬ ਪੈਰਾ ਸਪੋਰਟਸ ਐਸੋਈਏਸ਼ਨ ਵੱਲੋਂ ਸਨਮਾਨ ਸਮਾਰੋਹ ਧੂਮ ਧਾਮ ਨਾਲ ਕਰਵਾਇਆ ਗਿਆ। ਇਹ "ਪੈਰਾਓਲੰਪਿਕ ਆਨਰ ਸਰਮਨੀ" ਪ੍ਰੋਗਰਾਮ ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਹੁਸ਼ਿਆਰਪੁਰ ਵਿਖੇ ਕਰਵਾਈ ਗਈ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਅਵਿਨਾਸ਼ ਰਾਏ ਖੰਨਾ, ਚੀਫ਼ ਪੈਟਰਨ ਪੈਰਾ ਓਲੰਪਿਕ ਕਮੇਟੀ ਆਫ਼ ਇੰਡੀਆ, ਬੀਜੇਪੀ ਸਟੇਟ ਪ੍ਰਧਾਨ ਹਿਮਾਚਲ ਪ੍ਰਦੇਸ਼ ਤੇ ਸਾਬਕਾ ਐਮ।ਪੀ ਹੁਸ਼ਿਆਰਪੁਰ ਸਨ ਜਿੰਨ੍ਹਾਂ ਦੀ ਅਗਵਾਈ ਵਿੱਚ ਇਹ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਗੁਰਸ਼ਰਨ ਸਿੰਘ ਸੈਕਟਰੀ ਜਨਰਲ ਪੀ ਸੀ ਆਈ, ਅਸ਼ੋਕ ਬੇਦੀ ਚੀਫ਼ ਸੀ ਐਨ ਐਨ ਤੇ ਐਡੀਸ਼ਨਲ ਸੈਕਟਰੀ ਪੀ ਸੀ ਆਈ, ਮਹਿੰਦਰ ਸਿੰਘ ਕੇ।ਪੀ ਸਾਬਕਾ ਐਮ।ਪੀ, ਰਿਆਤ ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ, ਡਾ। ਚੰਦਰ ਮੋਹਨ ਕੈਂਪਸ ਡਾਇਰੈਕਟਰ ਸਨ।




ਪੰਜਾਬ ਪੈਰਾ ਸਪੋਰਟਸ ਦੇ ਆਗੂਆਂ ਜਸਪ੍ਰੀਤ ਸਿੰਘ ਧਾਲੀਵਾਲ, ਸ਼ਮਿੰਦਰ ਸਿੰਘ ਢਿੱਲੋਂ, ਪ੍ਰਮੋਦ ਧੀਰ, ਦਵਿੰਦਰ ਸਿੰਘ ਟਫ਼ੀ ਬਰਾੜ, ਡਾ। ਰਮਨਦੀਪ ਸਿੰਘ ਅਤੇ ਕੋਚ ਗਗਨਦੀਪ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਵੱਲੋਂ ਪਹਿਲੀ ਵਾਰ ਪੰਜਾਬ ਵਿੱਚ ਇਸ ਤਰ੍ਹਾਂ ਦਾ ਪੈਰਾ ਖਿਡਾਰੀਆਂ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ ਹੈ। ਉਹਨਾਂ ਨੇ ਦੱਸਿਆ ਅੱਜ ਦੇ ਸਮਾਗਮ ਵਿੱਚ ਪੰਜਾਬ ਦੇ ਅੰਤਰਰਾਸ਼ਟਰੀ ਮੈਡਲ ਜੇਤੂਆਂ ਨੂੰ 21000 ਰੁਪਏ ਅਤੇ ਨੈਸ਼ਨਲ ਮੈਡਲ ਜੇਤੂ ਪੈਰਾ ਖਿਡਾਰੀਆਂ ਨੂੰ 11000 ਰੁਪਏ ਨਕਦ,ਟਰਾਫ਼ੀਆਂ ਅਤੇ ਸ਼ਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਪੰਜਾਬ ਦੇ ਪੈਰਾਓਲੰਪਿਕ, ਏਸ਼ੀਅਨ ਤੇ ਕਾਮਨਵੈਲਥ ਗੇਮਜ ਦੇ ਮੈਡਲ ਜੇਤੂ ਪਾਵਰ ਲਿਫ਼ਟਿੰਗ ਖਿਡਾਰੀ ਰਜਿੰਦਰ ਸਿੰਘ ਰਹੇਲੂ, ਪੈਰਾਓਲੰਪਿਕ ਪੈਰਾਬੈਡਮਿੰਟਨ ਖਿਡਾਰਨ ਪਲਕ ਕੋਹਲੀ, ਏਸ਼ੀਅਨ ਪੈਰਾ ਗੇਮਜ਼ 2018 ਤੇ ਵਰਲਡ ਚੈਂਪੀਅਨਸ਼ਿਪ 2021-22 ਦੇ ਮੈਡਲ ਜੇਤੂ ਪੈਰਾ ਖਿਡਾਰੀ ਪਰਮਜੀਤ ਕੁਮਾਰ, ਅੰਤਰ ਰਾਸ਼ਟਰੀ ਪੱਧਰ ਤੇ ਪੈਰਾ ਐਥਲੈਟਿਕਸ ਤੇ ਪੈਰਾ ਤਾਈਕਮਾਂਡੋ ਵਿੱਚ ਮੈਡਲ ਜੇਤੂ ਖਿਡਾਰਨ ਵੀਨਾ ਅਰੋੜਾ, ਏਸ਼ੀਅਨ ਪੈਰਾ ਗੇਮਜ਼ 2018 ਦੇ ਮੈਡਲ ਜੇਤੂ ਮੁਹੰਮਦ ਯਸਿਰ ਖਿਡਾਰੀਆਂ ਸਮੇਤ 35 ਤੋਂ ਵੱਧ ਪੰਜਾਬ ਦੇ ਪੈਰਾ ਖਿਡਾਰੀਆਂ ਅਤੇ ਹੋਰ ਪ੍ਰਬੰਧਕਾਂ ਨੂੰ ਸਨਮਾਨਿਤ ਕੀਤਾ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਲਈ ਸੋਨਾਲਿਕਾ ਟਰੈਕਟਰਜ਼ ਵੱਲੋਂ ਅਮ੍ਰਿਤ ਸਾਗਰ ਮਿੱਤਲ ਵਾਈਸ ਚੇਅਰਮੈਨ ਸੋਨਾਲਿਕਾ ਟਰੈਕਟਰਜ਼ ਅਤੇ ਰਜਨੀਸ਼ ਕੁਮਾਰ ਸੰਦਲ ਹੈੱਡ ਲੀਗਲ ਐਂਡ ਸੀ ਐਸ ਆਰ ਵੱਲੋਂ ਪਹੁੰਚ ਕੇ ਖਿਡਾਰੀਆਂ ਨੂੰ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਪ੍ਰਬੰਧਕਾਂ ਵੱਲੋਂ ਸਮੂਹ ਪੈਰਾ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਗਿਆ ਤੇ ਸਭ ਦਾ ਸਵਾਗਤ ਕੀਤਾ ਗਿਆ। ਪੰਜਾਬ ਦੇ ਸਮੂਹ ਪੈਰਾ ਖਿਡਾਰੀਆਂ ਨੇ ਸਨਮਾਨ ਸਮਾਰੋਹ ਲਈ ਸਭ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਗੁਰਪ੍ਰੀਤ ਸਿੰਘ ਧਾਲੀਵਾਲ, ਜਗਰੂਪ ਸਿੰਘ ਸੂਬਾ, ਜਸਵਿੰਦਰ ਸਿੰਘ ਜੱਸ ਧਾਲੀਵਾਲ, ਮਨਪ੍ਰੀਤ ਸਿੰਘ ਸੇਖੋਂ, ਰੀਸ਼ੂ ਗਰਗ, ਅਮਨਦੀਪ ਸਿੰਘ ਬਰਾੜ, ਯਾਦਵਿੰਦਰ ਕੌਰ, ਕੋਚ ਗਗਨਦੀਪ ਸਿੰਘ, ਜਸਵੰਤ ਸਿੰਘ ਢਿੱਲੋਂ, ਜਸਇੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

**-ਪ੍ਰਮੋਦ ਧੀਰ**

# ਤੂੰ ਵੀ ਬਦਲ ਜ਼ਮਾਨਾ ਬਦਲ ਗਿਆ !!!

## ਵਿਸ਼ਵ ਨਾਗਰਿਕ ਬਣਨ ‘ਤੇ ਗਲੋਬਲ ਪਿੰਡ ’ਚ ਸਥਾਪਤ ਹੋਣਾ ਸਮੇਂ ਦੀ ਲੋੜ

ਪੰਜਾਬੀ ਦੀ ਇੱਕ ਮਸ਼ਹੂਰ ਕਹਾਵਤ ਰਹੀ ਹੈ ਕਿ ਤੂੰ ਵੀ ਬਦਲ ਜਮਾਨਾ ਬਦਲ ਗਿਆ। ਸੱਚਮੁੱਚ ਵਰਤਮਾਨ ਸਮੇਂ ਦਾ ਸੱਚ ਹੈ ਕਿ ਜਮਾਨਾ (ਦੁਨੀਆਂ/ਸਮਾਜ) ਬਦਲ ਚੁੱਕਾ ਹੈ, ਬਦਲ ਰਿਹਾ ਹੈ।

ਜੇ ਦੁਨੀਆਂ ਦੇ ਕੇਂਦਰ ਬਿੰਦੂ ਬਾਰੇ ਗੱਲ ਕਰੀਏ ਤਾਂ ਧਰਮ ਨੂੰ ਮੰਨਣ ਵਾਲੇ ਰੱਬ, ਪ੍ਰਮਾਤਮਾ, ਈਸ਼ਵਰ, ਅੱਲ੍ਹਾ, ਗੌਡ, ਵਾਹਿਗੁਰੂ ਆਦਿ ਦਾ ਨਾਮ ਦਿੰਦੇ ਹਨ ਕਿ ਸਾਰੀ ਪ੍ਰਣਾਲੀ, ਵਿਧੀ ਵਿਧਾਨ ਇੱਕ ਅਦਿੱਖ ਸ਼ਕਤੀ ਹੀ ਚਲਾਉਂਦੀ ਹੈ। ਪਰ ਵਿਗਿਆਨ ਇਸ ਗੱਲ ਤੋਂ ਇਨਕਾਰੀ ਹੈ। ਵਿਗਿਆਨ ਨੇ ਦੁਨੀਆਂ ਨੂੰ ਨਵੀਆਂ ਖੋਜਾਂ-ਤਕਨੀਕਾਂ ਨਾਲ ‘ਗਲੋਬਲ ਪਿੰਡ’ ਬਣਾ ਦਿੱਤਾ ਹੈ। ਵਿਗਿਆਨ ਇਹ ਮੰਨਦਾ ਹੈ ਕਿ ਅਰਬਾਂ ਸਾਲ ਪਹਿਲਾਂ ਅੱਗ ਦੇ ਗੋਲੇ ਹੌਲੀ ਹੌਲੀ ਠੰਡੇ ਹੋਏ। ਜਿਨ੍ਹਾਂ ਵਿੱਚ ਧਰਤੀ ਇੱਕ ਗ੍ਰਿਹ ਹੈ। ਜਿੱਥੇ ਸਮੁੰਦਰ ਤੇ ਪਹਾੜ ਹਨ। ਜਿਨ੍ਹਾਂ ਤੇ ਵਿਗਿਆਨ ਨੇ ਬਹੁਤੇ ਥਾਂ ਤੇ ਆਪਣੀ ਪਕੜ ਬਣਾ ਲਈ ਹੈ। ਅਜੇ ਵੀ ਘੋਰ ਸਮੱਸਿਆਵਾਂ ਹਨ ਜਿਨ੍ਹਾਂ ਲਈ ਵਿਗਿਆਨੀ ਭਾਵ ਸਾਇੰਸਦਾਨ ਸੁਲਝਾਉਣ ਲਈ ਖੋਜਾਂ/ਪ੍ਰਯੋਗਸ਼ਾਲਾ ਲਈ ਦ੍ਰਿੜਤਾਂ ਨਾਲ ਲਗਾਤਾਰ ਲੱਗੇ ਹੋਏ ਹਨ।

ਅਜੇ ਕੱਲ੍ਹ ਦੀ ਗੱਲ ਹੈ ਕਿ ਸੁਣਦੇ ਸਾਅ ਕਿ ਟਾਇਮ (ਸਮਾਂ) ਦੇਖਣ ਲਈ ਪ੍ਰਛਾਵੇਂ ਤੋਂ ਅੰਦਾਜਾ ਲਗਾਇਆ ਜਾਂਦਾ ਸੀ। ਸਵੇਰੇ ਕੁੱਕੜ ਦੀ ਬਾਂਗ ਤੋਂ ਹੀ ਅੰਦਾਜਾ ਲਗਾਇਆ ਜਾਂਦਾ ਸੀ। ਪਿੰਡਾਂ ਦੇ ‘ਦਰਵਾਜੇ’ ਤੋਂ ਹੀ ਪਿੰਡ ਦਾ ਮੂੰਹ ਮੱਥਾ ਵਾਚਿਆ ਜਾਂਦਾ ਸੀ। ਸਾਂਝੇ ਪ੍ਰੀਵਾਰਾਂ ਦਾ ਰਿਵਾਜ਼ ਸੀ। ਪ੍ਰੀਵਾਰ ਜਾਂ ਪ੍ਰੀਵਾਰਾਂ ਦੇ ਬਜ਼ੁਰਗਾਂ ਨੇ ਕਿਸੇ ਵੀ ਮਸਲੇ ਵਿਆਹ-ਸ਼ਾਦੀ ਆਦਿ ਬਾਰੇ ਜੋ ਕਹਿ ਦਿੱਤਾ ਉਸ ਨੂੰ ਸਭ ਸਿਰ ਮੱਥੇ ਪ੍ਰਵਾਨ ਕਰਦੇ ਸਨ। ਜਮੀਨਾ-ਜਾਇਦਾਦਾਂ ਵੇਚਣ ਨੂੰ ਮਾੜਾ ਸਮਝਿਆ ਜਾਂਦਾ ਸੀ। ਪਿੰਡ ਦੀਆਂ ਧੀਆਂ ਨੂੰ ਸਾਰੇ ਪਿੰਡ ਦੀਆਂ ਧੀਆਂ ਮੰਨਣ ਦੀ ਪ੍ਰੰਪਰਾ ਰਹੀ। ਇਸੇ ਕਾਰਨ ਕਰਕੇ ਜਦੋਂ ਵਿਆਹ-ਸ਼ਾਦੀ ਹੁੰਦੀ ਸੀ ਜੇਕਰ ਪਿੰਡ ਦੀ ਧੀ ਧਿਆਣੀ ਉਸੇ ਉਸੇ ਪਿੰਡ ਚ ਵਿਆਹੀ ਹੁੰਦੀ ਸੀ ਤਾਂ ਵਿਆਹ ਪ੍ਰੀਵਾਰ ਵਾਲੇ ਉਸ ਨੂੰ ਸੁਨੇਹਾ ਘੱਲ ਘੱਲ ਕੇ ਵਿਆਹ ਵਾਲੇ ਘਰ ਆਉਣ ਲਈ ਸੁਨੇਹਾ ਦਿੰਦੇ ਸਨ ਤੇ ‘ਮਨੌਤ’ ਕਰਦੇ ਸਨ, ਜੋ ਅੱਜ ਵੀ ਕਿਤੇ-ਕਿਤੇ ਜਾਰੀ ਹਨ। ਪਰ ਸਮੇਂ ਨੇ ਬਹੁਤ ਬਦਲਾਅ ਲਿਆ ਦਿੱਤਾ ਹੈ। ਕਦੇ ਸੱਤ ਸਮੁੰਦਰ ਪਾਰ ਭਾਵ ਵਿਦੇਸ਼ ਜਾਣ ਨੂੰ ਮਾੜਾ ਸਮਝਿਆ ਜਾਂਦਾ ਸੀ, ਪਰ ਅੱਜ ਹਰ ਕੋਈ ਸਿਸਟਮ ਤੋਂ ਤੰਗ ਹੈ ਤੇ ਜਾਇਜ-ਨਜਾਇਜ ਤਰੀਕੇ ਵਰਤ ਕੇ ਬਾਹਰ ਜਾ ਕੇ ਤਮਾਮ ਹਲਾਤਾਂ ਦੇ ਬਾਵਜੂਦ ਵਿਦੇਸ਼ ਜਾਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਗੱਲ ਆਪਣੇ ਪੰਜਾਬ ਦੀ ਕਰੀਏ ਤਾਂ ਪੰਜਾਬ ਸਿੱਖ ਧਰਮ ਕੇਂਦਰ ਬਿੰਦੂ ਹੈ ਜਿੱਥੇ ਸਿੱਖ ਧਰਮ ਵਧਿਆ-ਫੁੱਲਿਆ ਹੈ। ਅੱਜ ਵੀ ਸਵੇਰੇ-ਸ਼ਾਮ ਹਰ ਗੁਰੂਦੁਆਰਾ ਸਾਹਿਬ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ ਹੀ ਨਹੀਂ ਸਗੋਂ ਅਰਥਾਂ ਸਮੇਤ ਵਿਆਖਿਆ ਹੁੰਦੀ ਹੈ। ਇਸ਼ ਦੇ ਬਾਵਜੂਦ ਇੱਥੇ ਹਰ ਧਰਮ ਦਾ ਸਤਿਕਾਰ ਕੀਤਾ ਜਾਂਦਾ ਹੈ। ਕਰੀਬ ਸਾਰੇ ਧਰਮ ਸ਼ਰਾਬ ਜਾਂ ਕਿਸੇ ਹੋਰ ਪ੍ਰਕਾਰ ਦੇ ਨਸ਼ਿਆਂ ਦੇ ਉਲਟ ਹਨ। ਪਰ ਬੜੇ ਦੁੱਖ ਅਤੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸ਼ਰਾਬ ਪੀਣ ਵਿੱਚ ਸਾਰੇ ਭਾਰਤ ਵਿੱਚੋਂ ਪੰਜਾਬ ਸਭ ਤੋਂ ਮੋਹਰੀ ਹੈ। ਨਸ਼ਿਆਂ ਬਾਰੇ ਤਾਂ ਬੱਚਾ-ਬੱਚਾ ਜਾਣਦਾ ਹੈ। ਇਹ ਸਵਾਲ ਸਾਰਿਆ ਵਾਸਤੇ ਹੈ ਤੇ ਜਵਾਬ ਵੀ ਦੇਣਾ ਪਵੇਗਾ ? ਕੀ ਅਸੀਂ ਧਰਮ ਤੋਂ ਬੇਮੁੱਖ ਹਾਂ ? ਜਾਂ ਕੇਵਲ ਮਖੌਟਾ ਹੀ ਪਾਇਆ ਹੋਇਆ ਹੈ। ਕੀ ਇਹ ਧਰਮ ਦੀ ਬੇਅਦਬੀ ਨਹੀਂ ? ਕੀ ਅਸੀਂ ਸਾਰੇ ਜ਼ਿੰਮੇਵਾਰ ਨਹੀਂ ਹਾਂ ?

ਪੜ੍ਹਦਿਆਂ, ਲਿਖਦਿਆਂ ਇਸ਼ ਬਾਰੇ ਵਡਮੁਲੀ ਜਾਣਕਾਰੀ ਮਿਲਦੀ ਹੈ ਇਕ ਯੁੱਗ ਮਿਥਿਆਸ ਦਾ ਰਿਹਾ, ਇਕ ਧਰਮ ਦਾ ਤੇ ਅੱਜ ਵਿਗਿਆਨ ਦਾ ਯੁਗ ਹੈ।

ਗੱਲ ਮੁੜ ਪੰਜਾਬ ਦੀ ਕਰੀਏ ਤਾਂ ਇਕ ਸਮਾਂ ਸੀ ਜਦੋਂ ਪੰਜਾਬ ਸੱਭ ਤੋਂ ਅਮੀਰ ਸੂਬਾ ਮੰਨਿਆਂ ਜਾਂਦਾ ਸੀ। ਕਿਸੇ ਜਮਾਨੇ ਚ ਪੰਜਾਬ ਸਮੁੱਚੇ ਦੇਸ਼ ਚ ਖੇਤੀਬਾੜੀ ਦੀ ਰਾਜਧਾਨੀ ਮੰਨ੍ਹਿਆ ਜਾਂਦਾ ਸੀ।ਪਰ ਅੱਜ ਅਮੀਰ ਸੂਬੇ ਤੇ ਖੇਤੀ ਦੀ ਰਾਜਧਾਨੀ ਦੀ ਮਿਥ ਟੁੱਟ ਚੁੱਕੀ ਹੈ। ਕੁੱਝ ਅੰਕੜੇ ਤਾਂ ਇਹ ਵੀ ਸਾਹਮਣੇ ਹਨ ਕਿ 70 ਹਜ਼ਾਰ ਕਰੋੜ ਰੁਪਏ ਦੀਆਂ ਜਾਇਦਾਦਾਂ ਵੇਚ ਕੇ ਨੌਜਵਾਨ ਪੀੜ੍ਹੀ ਵਿਦੇਸ਼ਾਂ ਵੱਲ ਕੂਚ ਕਰ ਰਹੀ ਹੈ। ਪੰਜਾਬ ਵਿੱਚ ਪੁਰਾਣੇ ਸਮੇਂ ਦੀਆਂ ਤਸਵੀਰਾਂ ਬੋਲਦੀਆਂ ਹਨ ਕਿ ਪੰਜਾਬ ਚ ਸਰਦਾਰ ਹੀ ਸਰਦਾਰ (ਪੱਗਾਂ ਵਾਲੇ) ਨਜ਼ਰ ਆਉਂਦੇ ਸਨ। ਬੀਬੀਆਂ, ਭੈਣਾਂ ਸਿਰ ਤੇ ਚੁੰਨੀਆਂ ਸਜਾਈਆਂ ਨਜ਼ਰ ਆਉਂਦੀਆਂ ਸਨ। ਇਹ ਸੀ ਸਾਡੀ ਮਹਾਨ ਵਰਾਸਤ ਪਰ ਹੁਣ ?

ਘਸੀਆਂ ਪੁਰਾਣੀਆ ਪੈਂਟਾਂ ਪਾ ਕੇ ਇਹਨੂੰ ਕਹਿੰਦੇ ਜੀਨ,
ਨੀ ਮਜਾਜ ਪੱਟੀ ਦੇ ਆਏ ਕਿੱਧਰੋਂ ਸ਼ਕੀਨ।

ਇਹੋ ਲੱਗਦਾ ਫੈਸ਼ਨ ਦੀ ਚਾਲ ਤੱਕ ਕੇ, ਕੁੜੀਆਂ ਕੱਚ ਦੇ ਸੂਟ ਸਵਾਵਣਗੀਆਂ,
ਇਹਨਾਂ ਵਾਲਾਂ ਦੇ ਬਣਨਗੇ ਵੇਲ ਬੂਟੇ, ਰੇਡੀਓ, ਟੈਲੀਵੀਜ਼ਨ ਗੁੱਟਾਂ ਤੇ ਲਗਾਉਣਗੀਆਂ।
(1990 ਚ ਲਿਖੀਆਂ ਇਕ ਗੀਤਕਾਰ ਦੀਆਂ ਲਾਈਨਾਂ)

ਗੱਲ ਜ਼ਮਾਨੇ ਬਦਲਣ ਦੀ ਹੋ ਰਹੀ ਹੈ ਤਾਂ ਪਹਿਲਾਂ ਮਥਿਆਸ ਯੁਗ ਚ ਨਾਇਕ ਦੇਵਤਾ ਸੀ। ਧਰਮ ਅਧਾਰਿਤ ਯੁੱਗ ਵਿੱਚ ਨਾਇਕ ਰੱਬ ਤੇ ਵਿਗਿਆਨਕ ਯੁੱਗ ਵਿੱਚ ਨਾਇਕ ਮਨੁੱਖ ਹੈ। ਪਰ ਅੱਜ ਸਾਨੂੰ ਅਜਿਹੇ ਇਨਸਾਨਾਂ ਦੀ ਲੋੜ ਹੈ ਜਿਹੜੇ ਸਮੁੱਚੀ ਮਾਨਵਤਾ ਅਤੇ ਸਮੁੱਚੇ ਵਿਸ਼ਵ ਦੇ ਸੰਦਰਭ ਵਿੱਚ ਸੋਚ ਸਕਣ ਦੀ ਸਮਰਥਾ ਰੱਖ ਸਕਣ।

ਇਕ ਸਮੇਂ ਜਦੋਂ ਪ੍ਰੰਪਰਾ, ਪ੍ਰਥਾ, ਰਵਾਇਤਾਂ ਦੇ ਨਾਮ ਤੇ ਮਨੁੱਖ ਯੁਗਾਂ ਯੁੱਗ ਸਦੀਆਂ ਤੋਂ ਜਿਉਂਦਾ ਆਇਆ। ਤਬਦੀਲੀ ਤੇ ਬੇਵਿਸ਼ਵਾਸੀ ਕਾਰਨ ਫਿਰ ਦਸਤਾਵੇਜ਼ ਬਣਨੇ ਸ਼ੁਰੂ ਹੋਏ। ਅੱਜ ਬਹੁਤੇ ਦੇਸ਼ ਸਮੇਤ ਸਾਡੇ ਆਪਣੇ ਦੇਸ਼ ਭਾਰਤ ਵਿੱਚ ਲਿਖਤੀ ਕਾਨੂੰਨੀ ਦਸਤਾਵੇਜ਼ ਸੰਵਿਧਾਨ ਹੈ। ਇਹ ਦੁਨੀਆਂ ਦੇ ਸੱਭ ਤੋਂ ਵੱਡੇ ਦੇਸ਼ ਦੇ ਲੋਕਤੰਤਰ ਦੀ ਖੂਬਸੂਰਤੀ ਦੀ ਇਕ ਮਿਸਾਲ ਹੈ।

ਇਹ ਮੰਨਿਆ ਜਾਂਦਾ ਹੈ ਕਿ ਸੱਚ ਬੋਲਣ ਵਾਲੇ ਨੂੰ ਫਾਂਸੀ ਲੱਗਦੀ ਹੈ। ਵਿਸ਼ਵ ਪੱਧਰ ਤੇ ਸੱਭ ਤੋਂ ਠੋਸ ਉਦਾਹਰਣ ਤੇ ਅੱਜ ਵੀ ਸੱਭ ਤੋਂ ਵੱਧ ਬੁੱਧੀਮਾਨ ਮੰਨੇ ਗਏ ਸਕਰਾਤ ਨੂੰ ਖੁੱਦ ‘ਗੁਨਾਹ’ ਕਬੂਲ ਕਰਕੇ ਖੁਸ਼ੀ-ਖੁਸ਼ੀ ਜ਼ਹਿਰ ਦਾ ਪਿਆਲਾ ਪੀਣਾ ਪਿਆ ਸੀ। ਅੱਜ ਇਤਿਹਾਸ ਚ ਆਪਣਾ ਨਾਮ ‘ਗਿਆਨ’ ‘ਦਲੀਲ’ ‘ਤਰਕ’ ਦੇ ਯੁੱਗ ਵਿੱਚ ਸੁਨਿਹਰੀ ਅੱਖਰਾਂ ਵਿੱਚ ਲਿਖ ਹੋ ਚੁੱਕਾ ਹੈ। ਅੱਜ ਜਦੋਂ ਵੀ ਗਿਆਨ ਦੀ ਗੱਲ ਹੁੰਦੀ ਹੈ ਤਾਂ ਅਕਸਰ ਸੁਕਰਾਤ ਤੋਂ ਸ਼ੁਰੂ ਹੋ ਕੇ ਸੁਕਰਾਤ ਤੇ ਆ ਕੇ ਰੁੱਕ ਜਾਂਦੀ ਹੈ।



ਕਦੇ ਦੁਨੀਆਂ ਵਿੱਚ ਅਮੀਰ-ਗਰੀਬ ਦੋ ਵਰਗ ਹੀ ਸਨ ਪਰ ਸਾਡੇ ਆਪਣੇ ਵਤਨ ਵਿੱਚ 4 ਵਰਨ ਸਨ ਤੇ ਅੱਗੇ ਹਜ਼ਾਰਾਂ ਜਾਤਾਂ-ਉਪ ਜਾਤਾਂ। ਸਮੇਂ ਨੇ ਕਰਵਟ ਬਦਲੀ ਵਰਨਾ ਮੁਤਾਬਕ ਸੱਭ ਤੋਂ ਹੇਠਲੇ ਵਰਨ ਨੂੰ ਸ਼ੂਦਰ ਜਾਂ ਅਛੂਤ ਕਿਹਾ ਜਾਂਦਾ ਸੀ। ਸਦੀਆਂ ਤੱਕ ਨੀਚ ਤੇ ਪਛੂਆਂ ਵਰਗੇ ਸਮਝੇ ਜਾਂਦੇ ਇਸ ਵਰਗ ਚ ਜੇ ਦੁਨੀਆਂ ਭਰ ਵਿੱਚ ਸੱਭ ਤੋਂ ਵੱਧ ਕਿਸੇ ਨੂੰ ਚੇਤੇ ਕੀਤਾ ਜਾਂਦਾ ਹੈ, ਜਿਸ ਦੇ ਜਨਮ ਦਿਨ ਨੂੰ ਹੀ ‘ਗਿਆਨ ਦੇ ਪ੍ਰਤੀਕ’ ਦੇ ਦੌਰ ਅੱਜ ਮਨਾਇਆ ਜਾਣ ਲੱਗਾ ਤਾਂ ਡਾ। ਭੀਮ ਰਾਓ ਅੰਬੇਡਕਰ ਹਨ। ਅੱਜ ਸੰਸਾਰ ਭਰ ਵਿੱਚ ਸੱਭ ਤੋਂ ਵੱਧ ਬੁੱਤ ਕਿਸੇ ਸਖਸ਼ੀਅਤ ਦੇ ਹਨ ਤਾਂ ਉਹ ਵੀ ਡਾ ਭੀਮ ਰਾਓ ਅੰਬੇਡਕਰ ਸਾਹਿਬ ਦੇ ਹਨ। ਗੱਲ ਸੱਚੀ ਹੈ ਕਿ “ਤੂੰ ਵੀ ਬਦਲ ਜ਼ਮਾਨਾ ਬਦਲ ਗਿਆ”।

ਕਦੇ ਕਬੂਤਰਾਂ ਰਾਹੀਂ ਆਪਣੇ ਪਿਆਰਿਆਂ ਨੂੰ ਖਤ ਭੇਜਣ, ਆਪਣੇ ਪ੍ਰੀਵਾਰ ਤੇ ਪਿਆਰਿਆਂ ਨੂੰ ਅਨਪੜ੍ਹ ਹੋਣ ਕਾਰਣ ਦੂਜੇ ਪੜ੍ਹੇ ਲਿਖਿਆਂ ਤੋਂ ਖਤ ਲਿਖਾਉਣੇ ਤੇ ਫਿਰ ਜਵਾਬ ਵਿੱਚ ਲਿਖਣਾ ਕਿ ‘ਖਤ ਪੜ੍ਹਨ ਸੁਣਨ ਵਾਲਿਆਂ ਨੂੰ ਸਾਡੇ ਵਲੋਂ ਸਤਿ ਸ਼੍ਰੀ ਅਕਾਲ, ਨਮਸਤੇ ਜਾਂ ਸਤਿਕਾਰ ਵਜੋਂ ਖੂਬਸੂਰਤ ਸ਼ਬਦ ਲਿਖਣੇ ਬੀਤੇ ਜ਼ਮਾਨੇ ਦੀ ਗੱਲ ਹੋ ਗਈ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਮੋਬਾਇਲ। ਇੰਟਰਨੈਟ, ਫੇਸਬੁੱਕ, ਵ੍ਹਟਸਅੱਪ, ਟਵੀਟ, ਇੰਨਸਾਗ੍ਰਾਮ, ਸ਼ੇਅਰਚੈਟ ਆਦਿ ਤੱਕ ਸਮਾਂ ਹਰ ਦਿਨ ਹਰ ਪਲ-ਪਲ ਸਾਡੇ ਮੋਬਾਇਲ ਤੇ ਸਾਨੂੰ ਸਮੁੱਚੇ ਵਿਸ਼ਵ ਦੇ ਹਰ ਖੇਤਰ ਦੀ ਖਬਰ ਲਗਾਤਾਰ ਦੇ ਰਿਹਾ ਹੈ।

ਕੁੱਝ ਇਹ ਵੰਨ੍ਹਗੀਆਂ ਵਿਸ਼ੇ ਦੀ ਰੋਚਕਤਾ ਹਿੱਤ
ਨਾ ਅਗਲੇ ਜਨਮ ਦੀ ਤੂੰ ਆਸ ਵਿੱਚ ਹਸਰਤ ਦਬਾ ਕੋਈ,
ਆ ਏਸੇ ਜਨਮ ਵਿੱਚ ਹੀ ਮਾਣੀਏ ਪਲ ਪਿਆਰ ਦਾ ਕੋਈ।

(ਵਾਹਿਦ)



ਸੰਤੋਖ ਸਿੰਘ ਜੱਸੀ
91-70876-19800

ਭਵਿੱਖ ਦਾ ਇਥਬਾਰ ਨਾ ਕਰੋ, ਚਾਹੇ ਕਿੰਨਾ ਵੀ ਵਧੀਆ ਲੱਗਦਾ ਹੋਵੇ
ਅਤੀਤ ਨੂੰ ਆਪਣੀ ਕਬਰ ਵਿੱਚ ਰਹਿਣ ਦਿਉ ਜੋ ਕਰਨਾ ਹੈ ਹੁਣ ਦੇ ਜਿਉਂਦੇ ਪਲ ਵਿੱਚ ਕਰੋ

(ਲਾਂਗ ਫੈਲੋ)

ਮੈਂ ਗੁਲਾਮ ਨਹੀਂ ਤੇ ਨਾ ਹੀ ਮਾਲਕ ਹੋਵਾਂਗਾ
– ਲੋਕਤੰਤਰ ਦੀ ਇਹ ਹੀ ਵਿਆਖਿਆ ਹੈ
ਲੋਕਤੰਤਰ ਲੋਕਾਂ ਦੀ ਲੋਕਾਂ ਵਲੋਂ ਲੋਕਾਂ ਖਾਤਰ ਬਣੀ ਸਰਕਾਰ।

(ਇਬਰਾਹਿਮ ਲਿੰਕਨ)

ਅਸੀਂ ਕੇਵਲ ਵਰਤਮਾਨ ਸਮੇਂ ਨੂੰ ਵਿਅਰਥ ਗੁਆ ਸਕਦੇ ਹਾਂ
ਪਰ ਇਸ਼ ਦੇ ਸਿੱਟੇ ਭਵਿੱਖ ਵਿੱਚ ਭੁਗਤਣੇ ਪੈਂਦੇ ਹਨ

(ਡਾ ਕਪੂਰ)

ਐ ਖਾਕ- ਨਸੀਨੋ- ਵੋਹ ਵਕਤ ਕਰੀਬ ਆ ਪਹੰਚਾ ਹੈ
ਜਬ ਤਖ਼ਤ ਗਿਰਾਏ ਜਾਏਂਗੇ, ਜਬ ਤਾਜ ਉਛਾਲੇ ਜਾਏਂਗੇ

ਕਾਲਾ ਰੰਗ ਭਾਵਨਾਤਮਕ ਰੂਪ ਵਿੱਚ ਬੁਰਾ ਲੱਗਦਾ ਹੈ
ਪਰ ਬਲੈਕ ਬੋਰਡ ਵਿਦਿਆਰਥੀਆਂ ਨੂੰ ਰੌਸ਼ਨ ਬਣਾਉਂਦੇ ਹਨ

(ਏਪੀਜੇ ਅਬਦੁਲ ਕਲਾਮ)

ਅਣਲਿਖਿਆ ਵੀ ਪੜ੍ਹ ਲੈਂਦਾ ਹਾਂ ਤੇਰਾ ਲਿਖਿਆ ਮੈਂ
ਹਰ ਇੱਕ ਗੱਲ ਤੂੰ ਮੈਸੇਜ਼ ਵਿੱਚ ਨਾ ਲਿਖਿਆ ਕਰ

(ਰਾਜ ਲਾਲੀ ਬਟਾਲਾ)

ਤੂੰ ਸਾਧਾਂ ਦਾ ਡੇਰਾ ਘੁੰਮ ਲਿਆ
ਮੈਂ ਇਕ ਪੁਸਤਕ ਵਾਚ ਲਵਾਂ।
ਕਿਸ ਚੋਂ ਹਾਸਿਲ ਕੀ ਹੋਇਆ ਹੈ
ਇਹ ਵੀ ਪਹਿਲਾਂ ਜਾਂਚ ਲਵਾਂ।

(ਸੁਖਚਰਨ ਸਿੱਧੂ)

ਬੁਲੰਦੀਆਂ ਦੇਖ ਕੇ ਪ੍ਰੇਸ਼ਾਨ ਹੈਂ ਲੋਕ,
ਪਰ ਕਿਸੀ ਨੇ ਮੇਰੇ ਪੈਰ ਕੇ ਛਾਲੇ ਨਹੀਂ ਦੇਖੇ

(ਐਡਮਿਨ ਹਲੇਰੀ, ਨਿਉਜ਼ੀਲੈਂਡ)

ਗੱਲ ਗੀਤ ਸੰਗੀਤ ਦੀ ਕਰੀਏ ਤਾਂ ਕਦੇ ‘ਟੈਲੀਵੀਜ਼ਨ ਲੈਂਦੇ ਵੇ ਤਸਵੀਰਾਂ ਬੋਲਦੀਆਂ’ ਤੋਂ ਫਿਰ ਤੇਰੇ ਦਿਲ ਦੇ ਟੈਲੀਵੀਜ਼ਨ ਤੇ ਕਈ ਕਈ ਕਈ ਚੈਨਲ ਚੱਲਦੇ ਹਨ।

ਵਕਤ ਬਦਲ ਗਿਆ ਹੈ, ਲਗਾਤਾਰ ਬਦਲ ਰਿਹਾ ਹੈ। ਮੌਜੂਦਾ ਸਮੇਂ ਚ ਸਾਨੂੰ ਵਿਸ਼ਵ ਨਾਗਰਿਕ ਬਣਨ ਲਈ ‘ਗਲੋਬਲ ਪਿੰਡ’ ਵਿੱਚ ਆਪਣੇ ਆਪ ਨੂੰ ਸਥਾਪਤ ਕਰਨਾ ਪੈਣਾ ਹੈ।

ਰਾਜਨੀਤੀ ਦੇ ਸਿਆਸਤਦਾਨ ਸਾਡੇ ਹੁਕਮਰਾਨ ਬਣਦੇ ਸਨ। ਕਦੇ ਚੋਣ ਪ੍ਰੀਕਿਰਿਆ ਸਮੇਂ ਬੈਲਡ ਬਾਕਸ (ਡੱਬੇ) ਵਿੱਚ ਬੈਲਟ ਪੇਪਰ ਤੇ ਵੋਟਾਂ ਪਾਈਆਂ ਜਾਂਦੀਆਂ ਸਨ। ਫਿਰ ਈ।ਵੀ।ਐਮ। ਮਸ਼ੀਨਾਂ ਰਾਹੀਂ ਵੋਟਾਂ ਪੈਣ ਲੱਗੀਆਂ ਇਹ ਸੱਭ ਬਦਲਦੇ ਜ਼ਮਾਨੇ ਦੀਆਂ ਉਦਾਹਰਨਾਂ ਹਨ।

ਕਦੇ ਧੀਆਂ, ਲੜਕੀਆਂ, ਔਰਤਾਂ ਨੂੰ ਘਰ ਦੀ ਚਾਰ ਦਿਵਾਰੀ ਤੋਂ ਬਾਹਰ ਜਾਣ ਦੀ ਮਨਾਹੀ ਸੀ, ਸਮੇਂ ਸਮੇਂ ਹੋਏ ਮਹਾਂਪੁਰਸ਼ਾਂ ਦੇ ਉਪਦੇਸ਼ਾਂ, ਕਾਨੂੰਨੀ ਅਧਿਕਾਰ ਮਿਲਣ ਉਪਰੰਤ ਅੱਜ ਦੇ ਜ਼ਮਾਨੇ ਚ ਚਾਰੇ ਪਾਸੇ ਔਰਤ ਦੀ ਲਿਆਕਤ, ਪ੍ਰਾਪਤੀਆਂ, ਸੰਘਰਸ਼ਾਂ ਸਦਕਾ ਅੰਬਰਾਂ ਨੂੰ ਛੂੰਹਦੀਆਂ ਨਜ਼ਰ ਆਉਣ ਲੱਗੀਆਂ ਹਨ। ਬਦਲੇ ਹੋਏ ਜ਼ਮਾਨੇ ਚ ਸਾਨੂੰ ਔਰਤ ਦਾ ਸਤਿਕਾਰ ਕਰਨਾ ਬਣਦਾ ਹੈ, ਮੌਕੇ ਦੇਣੇ ਚਾਹੀਦੇ ਹਨ ਕਿਉਂਕਿ ਜੇ ਨਾ ਬਦਲੇ ਤਾਂ ਕਾਨੂੰਨ ਤੁਹਾਨੂੰ ਇਨਸਾਫ ਦੇ ਕਟਿਹਰੇ ਚ ਖੜਾ ਕਰੇਗਾ। ਜਿਨ੍ਹਾਂ ਨੂੰ ਕਦੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਰਿਹਾ। ਵਕਤ ਬਦਲਿਆ ਹੁਣ ਵਿਆਹ ਵੇਲੇ ਇਸ ਸ਼ੁਭ-ਕਾਮਨਾਵਾਂ ਦਾ ਦੌਰ ਹੈ ਜਦੋਂ ਪਤਨੀ ਦਾ ਸਾਥ ਮਿਲਣ ਕਰਕੇ ਤੁਸੀਂ ਤਾਂ ਚੰਗੇ ਭਾਗਾਂ ਵਾਲੇ ਹੋ ਹੀ, ਤੁਸੀਂ ਸਾਬਤ ਕਰਨਾ ਹੈ ਕਿ ਤੁਹਾਡੀ ਪਤਨੀ ਵੀ ਖੁਸ਼-ਕਿਸਮਤ ਹੈ, ਜਿਸ ਨੂੰ ਤੁਸੀਂ ਮਿਲ ਰਹੇ ਹੋ, ਪਤਨੀ ਦਾ ਸਤਿਕਾਰ ਕਰਨਾ, ਤੁਹਾਨੂੰ ਜ਼ਿੰਦਗੀ ਵਿੱਚ ਕਿਸੇ ਚੀਜ਼ ਦੀ ਘਾਟ ਨਹੀਂ ਰਹੇਗੀ। ਬਦਲਦੇ ਜ਼ਮਾਨੇ ਚ ਸਾਨੂੰ ਬੀਤੇ ਵਕਤ ਤੋਂ ਸਾਵਧਾਨ ਤੇ ‘ਵਕਤ ਦੇ ਸਫੇ’ ਤੇ ਆਉਣ ਲਈ ਬਦਲਣਾ ਹੀ ਪੈਣਾ ਹੈ।

# ਸੁਪਰ ਸਿੱਖ ਦੌੜ ਵਿੱਚ ਪੇਸਰ ਰਣਜੀਤ ਸ਼ਰਮਾ ਸਨਮਾਨਿਤ

**ਪਟਿਆਲਾ, 19 ਅਪ੍ਰੈਲ (ਚਮਨਦੀਪ ਸ਼ਰਮਾ)** ਸ਼੍ਰੀ ਆਨੰਦਪੁਰ ਸਾਹਿਬ ਵਿੱਚ ਸਮਾਪਤ ਹੋਈ ਸੁਪਰ ਸਿੱਖ ਵਿਸਾਖੀ ਮੈਰਾਥਨ ਵਿੱਚ ਸ਼ਹਿਰ ਦੇ ਮੰਨੇ ਪ੍ਰਮੰਨੇ ਅਥਲੀਟ ਰਣਜੀਤ ਸ਼ਰਮਾ ਨੇ ਬਤੌਰ ਪੇਸਰ ਭਾਗ ਲਿਆ ਸੀ ਜਿਸ ਲਈ ਆਯੋਜਕਾਂ ਵੱਲੋਂ ਉਸਨੂੰ ਮੈਡਲ, ਟਰਾਫੀ, ਸਰਟੀਫਿਕੇਟ ਦੇ ਕੇ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਪੇਸਰ ਨੇ ਆਪਣੀ ਦੌੜ ਨੂੰ ਪ੍ਰਬੰਧਕਾਂ ਦੁਆਰਾ ਦਿੱਤੇ ਗਏ ਸਮੇਂ ਵਿੱਚ ਹੀ ਆਪਣੀ ਦੌੜ ਨੂੰ ਮੁਕੰਮਲ ਕਰਨਾ ਹੁੰਦਾ ਹੈ। ਇਸ ਤਰਾਂ ਹੋਰ ਰਨਰਜ਼ ਪੇਸਰ ਦੇ ਨਾਲ ਚੱਲ ਕੇ ਆਪਣੀ ਰੇਸ ਖਤਮ ਕਰਦੇ ਹਨ। ਇਸ ਦੌੜਾਕ ਨੂੰ ਹਾਫ ਮੈਰਾਥਨ ਲਈ 1 ਘੰਟਾ 45 ਮਿੰਟ ਦਾ ਟਾਈਮ ਮਿਲਿਆ ਸੀ। ਰਣਜੀਤ ਸ਼ਰਮਾ ਨੇ ਦੱਸਿਆ ਕਿ ਉਹ ਪੇਸਰ ਦੀ ਭੂਮਿਕਾ ਅਦਾ



ਕਰਕੇ ਬਹੁਤ ਹੀ ਖੁਸ਼ ਹੈ ਕਿਉਂਕਿ ਪੇਸਰ ਦੀ ਚੋਣ ਕਰਨ ਤੋਂ ਪਹਿਲਾ ਰਨਰ ਦਾ ਟਰੈਕ ਰਿਕਾਰਡ ਚੈੱਕ ਕੀਤਾ ਜਾਂਦਾ ਹੈ। ਉਸਨੇ ਕਿਹਾ ਕਿ ਇਸ ਤਰਾਂ ਕਾਬਲਿਅਤ ਦੇ ਅਧਾਰ ਤੇ ਪੇਸਰ ਦੀ ਪੇਸ਼ਕਸ ਹੋਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਉਸਨੇ ਨੌਜਵਾਨਾਂ ਨੂੰ ਆਨਲਾਈਨ ਗੇਮਜ਼ ਵਿੱਚ ਆਪਣਾ ਸਮਾਂ ਬਰਬਾਦ ਕਰਨ ਦੀ ਬਜਾਇ ਅਥਲੈਟਿਕਸ ਵਿੱਚ ਭਾਗ ਲੈਣ ਦੀ ਅਪੀਲ ਕੀਤੀ ਤਾਂ ਜੋ ਆਪਣੇ ਸਰੀਰ ਨੂੰ ਫਿੱਟ ਰੱਖ ਕੇ ਦੇਸ਼ ਦੀ ਤਰੱਕੀ ਵਿੱਚ ਬਣਦਾ ਯੋਗਦਾਨ ਪਾਇਆ ਜਾ ਸਕੇ। ਇੱਥੇ ਦੱਸਣਾ ਬਣਦਾ ਹੈ ਕਿ ਰਣਜੀਤ ਸ਼ਰਮਾ ਦਾ ਛੋਟਾ ਭਰਾ ਸੰਦੀਪ ਸ਼ਰਮਾ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਕਿੰਗਜ਼ ਇਲੈਵਨ ਪੰਜਾਬ ਵਿੱਚ ਬਤੌਰ ਗੇਂਦਬਾਜ਼ ਖੇਡ ਰਿਹਾ ਹੈ।

# ਦਲਿਤਾ ਤੇਰੀ ਜੂਨ ਬੁਰੀ ਸਿਰ ਢਾਹ ਪੱਠਿਆਂ ਨੂੰ ਜਾਣਾ



ਸੰਤੋਖ ਸਿੰਘ ਜੱਸੀ
91-70876-19800

ਇਤਿਹਾਸ ਨੂੰ ਜਾਚਿਆਂ, ਵਾਚਿਆਂ ਪਤਾ ਲੱਗਦਾ ਹੈ ਕਿ ਇਤਿਹਾਸ ਉਸੇ ਦੇ ਹੱਕ ਵਿੱਚ ਲਿਖਿਆ ਗਿਆ ਹੈ ਜਿਸ ਦੇ ਹੱਥ ਵਿੱਚ ਹਕੂਮਤ ਭਾਵ ਰਾਜ ਭਾਗ (ਹੁਕਮਰਾਨ ਧਿਰ) ਰਿਹਾ। ਭਾਰਤ ਦੇ ਇਤਿਹਾਸ ਵਿੱਚ ਇਤਿਹਾਸ ਕਿਤਾਬਾਂ, ਸਰੋਤਾਂ, ਤੱਥਸਾਰਾ। ਇਤਿਹਾਸਕ ਹਵਾਲਿਆਂ, ਸੰਸਾਰ ਪ੍ਰਸਿੱਧ ਦਰਸ਼ਨਿਕਾ ਨੇ ਵੱਖ ਵੱਖ ਵਿਚਾਰਾਂ ਤੇ ਖੋਜ ਦੀ ਨਵਾਤਨ ਜਾਣਕਾਰੀਆਂ ਦੀ ਸਾਇਡ ਮੁਤਾਬਕ ਸਾਰਅੰਸ਼ ਹੈ ਕਿ ਦੇਸ਼ ਆਰੀਆ ਤੇ ਅਨਾਰੀਆ, ਵਿਦੇਸ਼ੀਆਂ ਤੇ ਮੂਲਨਿਵਾਸੀਆਂ ਵਿਚਕਾਰ ਸੰਘਰਸ਼ ਦਾ ਸਾਡਾ ਸਦੀਆਂ ਪੁਰਾਣਾ ਇਤਿਹਾਸ ਹੈ । ਅੱਜ ਦੇ ਕਰੋੜਾਂ ਲੋਕ ਜਿਨ੍ਹਾਂ ਚ ਭਾਵੇਂ ਕਈਆਂ ਨੇ ਅੰਬਰਾਂ ਨੂੰ ਵੀ ਛੂਹ ਲਿਆ ਦੁਨੀਆਂ ਨੇ ਉਹਨਾਂ ਕਾਬਲੀਅਤ, ਲਿਆਕਤ, ਦੂਰ-ਅੰਦੇਸ਼ੀ ਸੋਚ ਦਾ ਲੋਹਾ ਮੰਨ੍ਹ ਲਿਆ ਹੈ ਪਰ ਫਿਰ ਵੀ ਭਾਰਤ ਦੀ ਧਰਤੀ ਦੇ ਜਾਤੀ ਮਾਨਸਿਕਤਾ ਦੀ ਸੌੜੀ ਸੋਚ ਦੇ ਅਖੌਤੀ ਖੋਜੀ ਉਹਨਾਂ ਦੀ ਜਾਤ ਹੀ ਖੋਜੀ ਹੀ ਜਾਂਦੇ ਨੇ ।

ਉਘੀ ਉਲੰਪਿਕ ਜੇਤੂ ਖਿਡਾਰੀ ਵੀ।ਪੀ। ਸਿੱਧੂ ਦੀ ਜਾਤ ਖੋਜਣ ਚ ਲੱਗੇ ਹੋਏ ਹਨ । ਇਹ ਖਾਸ ਖਬਰ ਪੰਜਾਬ ਦੇ ਇਕ ਚੋਟੀ ਦੇ ਖੋਜੀ ਪੱਤਰਕਾਰ ਨੇ ਤਰੋ-ਤਾਜਾ ਇੰਟਰਵਿਊ 'ਚ ਕਹੀ ।

ਦਰਅਸਲ 'ਦੁੱਖ ਤਾਂ ਬਥੇਰੇ ਪਰ ਦੱਸਣੇ ਨੀ ਯਾਰ ਨੂੰ ਆਪੇ ਮਿਹਰ ਪੈਜੂ ਕਦੇ ਮੇਰੀ ਸਰਕਾਰ ਨੂੰ'। ਪਿੰਡ ਪਿੰਡ ਦੀਆਂ ਔਰਤਾਂ ਦੇ ਸਵੇਰੇ ਤੇ ਸ਼ਾਮ ਨੂੰ ਸਿਰਾਂ ਤੇ ਦੂਜਿਆਂ ਦੇ ਬੰਨ੍ਹਆਂ ਖੇਤਾਂ ਬੇਅਬਾਦ ਥਾਵਾਂ ਤੋਂ ਆਪਣੀ 'ਪੂੰਜੀ' ਪਛੂਆਂ ਲਈ ਪੱਠੇ ਸਦੀਆਂ ਤੋਂ ਚੁੱਕਣੇ ਪੈਂਦੇ ਆ ਰਹੇ ਹਨ ਤਾਂ ਇਸ ਦਾ ਜਵਾਬ ਜੇ ਕੋਈ ਤਰਕ ਹੈ, ਵਿਗਿਆਨ, ਸੱਚਾਈ ਜਾਂ ਕਿਸੇ ਧਰਮ ਦੀ ਇਹ ਚੰਗਿਆਈ ਹੈ ਤਾਂ ਜਰੂਰ ਦੱਸਣਾਂ ਕਿ ਇਹ ਦਲਿਤਾਂ ਲਈ 'ਰਾਖਵਾਂਕਰਨ' ਹੈ ? ਜੋ ਉਹ ਸਦੀਆਂ ਤੋਂ ਸਿਰਾਂ ਤੇ ਪੱਠੇ ਢੋਹਣ ਲੱਗੇ ਹੋਏ ਹਨ ।

ਇਹ ਕੁਦਰਤ ਦਾ ਨਿਯਮ ਹੈ ਕਿ ਧਰਤੀ ਤੇ ਪੁਰਸ਼ਾਂ ਤੇ ਔਰਤਾਂ ਦੀ ਆਬਾਦੀ ਦਾ ਉਨੁਪਾਤ ਕਰੀਬ ਕਰੀਬ ਬਰਾਬਰਤਾ ਦਾ ਹੈ ਪਰ ਇਕ ਖਾਸ ਸਮਾਜ ਦੇ ਹੀ ਇਹ ਜ਼ੁੰਮੇਵਾਰੀ ਕਿਉਂ?

ਦਰਅਸਲ ਆਜਾਦੀ ਉਪਰੰਤ ਪੰਜਾਬ ਦੇ ਦਲਿਤਾਂ ਦੇ ਦਰਦਾਂ ਨੂੰ ਡੂੰਘਾਈ, ਬਾਰੀਕੀ ਤੇ ਅਨੁਭਵ ਤੇ ਘਰਾਂ ਦੀਆਂ ਔਰਤਾਂ ਜੋ ਇਹ ਕੰਮ ਕਰ ਰਹੀਆਂ ਸਨ, ਬਾਬਤ ਆਜ਼ਾਦੀ ਉਪਰੰਤ ਕਾਨੂੰਨੀ ਮਨੁੱਖੀ ਹੱਕ ਦੇਣ ਵਾਲੇ, ਗਿਆਨ ਦੇ ਸਾਗਰ ਡਾ। ਅੰਬੇਡਕਰ ਸਾਹਿਬ ਨਾਲ ਵੀ ਇਹ ਦਰਦ ਸਾਂਝਾ ਕੀਤਾ ਸੀ । ਜਿਸ ਤੇ ਇਸ ਗੱਲ ਤੇ ਉਹਨਾਂ ਲੜਾਈ ਬੰਬਾਂ, ਬੰਦੂਕਾਂ ਨਾਲ ਨਹੀਂ ਲੜੀ ਸਗੋਂ ਅਕਲ ਨਾਲ ਸਾਡੀ ਦੁਨੀਆਂ ਚ 'ਮੇਡ ਇਨ ਜਪਾਨ' (ਓਧਓ ੀਂ ਝਓਫਓ) ਦੀਆਂ ਘੜੀਆਂ ਭੁੱਲ ਗਏ । ਅਮਰੀਕਾ ਦੇ ਰਾਸ਼ਟਰਪਤੀ ਮਹਿਲਾਂ ਵਿੱਚ ਵੀ ਤੁਹਾਨੂੰ MADE IN JAPAN ਮਿਲੇਗਾ । ਅਮਰੀਕਾ ਵਿੱਚ ਨੀਗਰੋ ਲੋਕਾਂ ਨੂੰ ਗੁਲਾਮ ਬਣਾ ਕੇ ਜੰਜੀਰਾਂ-ਸੰਗਲਾਂ ਨਾਲ ਬੰਨ੍ਹਿਆ ਜਾਂਦਾ ਸੀ ਨੇ, ਸਬਕ ਸਿੱਖਿਆ ਆਪਣੇ ਰਾਸ਼ਟਰਪਤੀ ਬਣਾਏ ਤੇ ਅੱਜ ਅਮਰੀਕਾ ਦੁਨੀਆਂ ਨੂੰ ਬਰਾਬਰਤਾ ਦੀਆਂ ਮੱਤਾਂ ਦੇ ਰਿਹਾ ਹੈ । ਯਹੂਦੀਆਂ ਨੂੰ ਤੇਲ ਦੇ ਡਰੰਮਾਂ ਚ ਪਾ ਕੇ ਸਾੜਿਆ ਗਿਆ ਨੇ ਸਬਕ ਸਿੱਖਿਆ ਅਤੇ ਇਜ਼ਰਾਈਲ ਦੀ ਫੌਜ ਦੁਨੀਆਂ ਦੀ ਇਕ ਨੰਬਰ ਦੀ ਫੌਜ ਮੰਨ੍ਹੀਂ ਗਈ ।

ਪਰ ਅਸੀਂ ? ਵਿਸ਼ਵ ਵਿੱਚ ਵਰਗ ਹਨ ਪਰ ਸਾਡੇ ਹਿੱਸੇ ਚਾਰ ਵਰਨ । ਦੇਸ਼ ਖਾਤਰ ਮਰ ਮਿਟਣ ਵਾਲਿਆਂ ਨੂੰ ਪੈਰਾਂ ਚ ਪੈਦਾ ਹੋਣਾ ਸਦੀਆ ਤੋ ਦੱਸਿਆ ਗਿਆ । ਅਸੀਂ ਵੀ ਮੰਨ੍ਹ



ਲਿਆ ਕਿਉਂਕਿ ਜਦੋਂ ਮਨੁੱਖ ਦੇ ਚਾਰੇ ਦਿਸ਼ਾਵਾਂ ਤੇ ਹਰ ਪੱਖੋਂ ਹਮਲਾ ਹੁੰਦਾ ਹੈ ਬੰਦਾ ਗਿਰ ਜਾਂਦਾ, ਡੋਲ ਜਾਂਦਾ, ਗੁਲਾਮੀ ਕਬੂਲ ਕਰਦੇ । ਕਈ ਸੂਰਮੇ ਲੜਕੇ ਸ਼ਹੀਦ ਹੁੰਦੇ, ਕਈ ਭੱਜ ਕੇ ਜਾਨ ਬਚਾ ਲੈਂਦੇ । ਪਰ ਦਲਿਤਾਂ ਦਾ ਇਤਿਹਾਸ ਖੋਜਿਆਂ ਪਤਾ ਲੱਗਦਾ ਹੈ ਕਿ ਬਾਬਾ ਸਾਹਿਬ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਵੀ ਕਿਹਾ ਸੀ ਕਿ ਦੇਸ਼ ਦੀ ਦਲਿਤ ਵਸੋਂ ਜਮੀਨ-ਜਾਇਦਾਦ ਤੋਂ ਵਾਂਝੀ ਹੈ ਉਹਨਾਂ ਵਾਸਤੇ ਘੱਟੋ-ਘੱਟ 6 ਲੱਖ ਏਕੜ ਜ਼ਮੀਨ ਮੁਹੱਈਆ ਕਰਵਾਈ ਜਾਵੇ ਕਿਉਂਕਿ ਦੇਸ਼ ਦੀ ਵੰਡ ਸਮੇਂ 50 ਲੱਖ ਏਕੜ ਜ਼ਮੀਨ ਮੁਸਲਮਾਨ ਭਾਈਚਾਰੇ ਦੇ ਲੋਕ ਵਟਵਾਰੇ ਸਮੇਂ ਛੱਡ ਗਏ ਸਨ । ਪਰ ਬਾਬਾ ਸਾਹਿਬ ਦੀ ਇਹ ਗੱਲ ਮੌਕੇ ਦੀ ਹਕੂਮਤ ਨੇ ਨਾ ਮੰਨੀਂ । ਜਿਸ ਕਾਰਨ ਅੱਜ ਵੀ ਕਰੋੜਾਂ ਲੜਕੀਆਂ, ਧੀਆਂ, ਔਰਤਾਂ, ਮਾਵਾਂ ਦੀ ਪੂੰਜੀ ਬਹੁਤਿਆਂ ਪਾਸ ਪਸ਼ੂ ਹੀ ਹਨ ਤੇ ਉਹਨਾਂ ਦੀ ਖੁਰਾਕ/ਭੋਜਨ ਪੱਠੇ ਪਾਉਣ ਲਈ ਜ਼ਮੀਨ ਨਾ ਹੋਣ ਕਾਰਣ ਘੱਟੋ-ਘੱਟ ਦੋ ਵੇਲੇ ਦੂਜਿਆਂ ਦੇ ਖੇਤਾਂ ਦਾ ਸਹਾਰਾ ਲੈਣਾ ਪੈਂਦਾ ਆ ਰਿਹਾ ਹੈ । ਕੁੱਝ ਇਨਸਾਨੀਅਤ ਪਸੰਦ ਲੋਕਾਂ ਤੋਂ ਇਲਾਵਾ ਬਹੁਗਿਣਤੀ ਅੱਜ ਵੀ ਧੀਆਂ-ਭੈਣਾਂ ਨਾਲ ਭੱਦੇ ਮਜ਼ਾਕ, ਛੇੜਖਾਨੀ, ਬੱਦ-ਤਮੀਜ਼ੀ, ਬਲਾਤਕਾਰ, ਜਬਰ-ਦਨਾਹ ਤੇ ਮਜਬੂਰੀਆਂ ਦਾ ਫਾਇਦਾ ਉਠਾਉਂਦੇ ਹਨ । ਉਹਨਾਂ ਦਾ ਸਮਾਜਿਕ, ਸਰੀਰਕ, ਮਾਨਸਿਕ ਸ਼ੋਸ਼ਣ ਕਰਦੇ ਆ ਰਹੇ ਹਨ । ਇਹ ਸਮਾਜ ਦੇ ਗੈਰਤਮੰਦਾਂ ਦਾ ਸਵਾਲ ਹੈ । ਜਿੱਥੇ 35 ਮਹਾਂਪੁਰਸ਼ਾਂ ਦੀ ਬਾਣੀ ਵਾਲਾ ਸਿੱਖ ਧਰਮ ਹੋਵੇ ਤੇ ਧਰਮ ਜਿਹਨਾਂ ਨੀਚਾਂ ਨੂੰ ਉਚਾ ਕਰਨ ਦਾ ਉਪਦੇਸ਼ ਦਿੰਦਾ ਹੋਵੇ ਉਸ ਹੀ ਧਰਮ ਦੀ ਗੱਲ ਕਰਨ ਵਾਲੇ ਅਜਿਹੀ ਬਦਸਲੂਕੀ ਕਰਨ ਤਾਂ ਸਵਾਲ ਤਾਂ ਜਵਾਬ ਮੰਗਦਾ ਰਹੇਗਾ ।

ਇਹਨਾਂ ਨੂੰ ਸਾਰੇ ਪੜ੍ਹਾਵਾਂ ਚ ਲੰਘਣਾ ਪਿਆ । ਜਿਸ ਕਰਕੇ ਕਈ ਆਦਿਵਾਸੀ, ਕਈ ਦਰਾਵੜ, ਮੂਲਨੁਵਾਸੀ ਇੱਥੋਂ ਤੱਕ 6743 ਜਾਤਾਂ ਭਾਰਤ ਚ ਬਣਾ ਕੇ ਪਾੜਾ ਇੰਨਾਂ ਗਹਿਰਾ ਪਾਇਆ ਕਿ ਅਸਲ ਵਿੱਚ ਇੱਕੋ ਧੰਓ ਵਾਲੇ ਇਕ ਦੂਜੇ ਪ੍ਰਤੀ ਨਫਰਤ, ਧੜੇਬੰਦੀ, ਪਾਰਟੀਬਾਜ਼ੀ ਬਣਾ ਕੇ ਸਮਾਜ ਨਾਲ ਨਹੀਂ ਸਗੋਂ ਮਾਨਵਤਾ ਨਾਲ ਧਰੋਹ ਕਮਾ ਰਹੇ ਹਨ ।

ਗੱਲ ਪੰਜਾਬ ਦੀ ਐਸ।ਸੀ ਅਬਾਦੀ ਦੀ ਕਰੀਏ 39 ਜਾਤਾਂ ਦਾ ਸਮੂਹ ਹੈ । ਕਰੀਬ 35 ਪ੍ਰਤੀਸ਼ਤ ਅਬਾਦੀ ਹੈ ਜ਼ਮੀਨ ਨਾ ਦੇ ਬਰਾਬਰ । ਕਹਿੰਦੇ ਨੇ ਪੱਲੇ ਨਹੀਂ ਧੇਲਾ ਕਰਦੀ ਫਿਰੇ ਮੇਲਾ ਮੇਲਾ। ਇਹ ਵੀ ਦਲਿਤਾਂ ਤੇ ਕੀਤੀ ਇੱਕ ਭੱਦੀ ਟਿੱਪਣੀ ਹੀ ਕੀਤੀ ਮੰਨਣੀ ਪਵੇਗੀ ।

ਮੁੱਕਦੀ ਗੱਲ ਸਾਰਅੰਸ਼ ਰਾਜਸੱਤਾ ਤੋਂ ਬਿਨਾਂ ਧਰਨੇ, ਮੁਜਾਹਰੇ, ਜਾਮ ਜਿੰਨੇ ਮਰਜੀ ਲਗਾ ਲਵੋ, ਕੁੱਝ ਸੁਣੀ ਜਾਵੇਗੀ । ਕਈਆਂ ਦੀਆਂ ਜ਼ਿੰਦਗੀਆਂ/ਪ੍ਰੀਵਾਰ/ ਖਾਨਦਾਨ ਇਹਨਾਂ ਸੰਘਰਸ਼ਾਂ ਨੇ ਖਾ ਲਏ ਪਰ ਜੇ ਸਾਰੀਆਂ ਬਿਮਾਰੀਆਂ ਦਾ ਇਲਾਜ ਇੱਕੋ ਡਾਕਟਰ ਕੋਲ ਹੋਵੇ ਤਾਂ ਇਹ ਚੰਗਾ ਨਹੀਂ ਲੱਗੇਗਾ। ਸੋਚਿਓ, ਵਿਚਾਰਿਓ ਤੁਹਾਡਾ ਮੁੱਖ ਮੰਤਰੀ, ਤੁਹਾਡੀ ਪੰਜਾਬ ਚ ਸਰਕਾਰ, ਕੇਂਦਰ ਚ ਭਾਰਤ ਦੀ ਸਰਕਾਰ ਬਣ ਸਕਦੀ । ਦੂਜਿਆਂ ਖਾਤਰ ਕੁਰਬਾਨੀ ਕਰਨ ਵਾਲੀ ਜਮਾਤ ਕਦੇ ਆਪ ਅਜ਼ਾਦ ਸੋਚ ਬਣਾ ਕੇ, ਇਕ ਡੰਡੇ, ਇਕ ਝੰਡੇ ਹੇਠ ਇਕੱਠੇ ਦੇਖ ਲਵੋ । ਦੁਨੀਆਂ ਤੋ ਚੰਗਾ ਸਬਕ ਮਿਲੇ ਤਾਂ ਲੈ ਲੈਣਾ ਚਾਹੀਦਾ ਹੈ ਤਾਂ ਆਪਣੀਆਂ ਸਰਕਾਰਾਂ ਬਣਾਉ।

ਯਾਦ ਰੱਖਿਉ ਜੇਕਰ ਹੁਣ ਵੀ ਜਦ ਸੰਵਿਧਾਨ ਤੁਹਾਨੂੰ ਲਿਖ ਕੇ ਗਰੰਟੀ ਦਿੰਦਾ ਹੈ ਤੁਹਾਡੇ ਲਈ ਵੋਟ ਪਾਉਣ ਸਮੇਂ ਵੀ ਤੁਹਾਡੇ ਆਲੇ-ਦੁਆਲੇ ਪਰਦਾ ਕੀਤਾ ਹੋਵੇਗਾ ਤਾਂ ਕੀ ਤੁਸੀਂ ਆਪਣਈ ਅਜ਼ਾਦੀ ਨਾਲ ਵੋਟ ਪਾ ਕੇ ਆਣੇ ਦੁੱਖਾਂ ਦਾ ਨਾਸ ਕਰ ਸਕਦੇ ਹੋ । ਇਹ ਕੰਮ ਕਿੰਨਾਂ ਕੁ ਔਖਾ ਹੈ?

ਨਹੀਂ, ਸਾਰੀ ਜ਼ਿੰਦਗੀ ਤੁਸੀਂ ਅਮਰ ਨਹੀਂ ਰਹਿਣਾ । ਇਕ ਦਿਨ ਜਾਣਾ ਹੀ ਪੈਣਾ ਹੈ । ਇਤਿਹਾਸ ਚ ਇਹ ਨਹੀਂ ਪੁੱਛਿਆ ਜਾਂਦਾ ਕਿ ਕਿਹੜੀ ਕੌਮ ਨੇ ਕਿੰਨੇ ਦਸਤੂਰ ਜੰਮੇ, ਮੁੱਲ ਉਹਨਾਂ ਹੀ ਲੋਕਾਂ ਦਾ ਪੈਂਦਾ ਹੈ ।

"ਦੇਖ ਖੁੱਲੀਆਂ ਅੱਖਾਂ ਦੇ ਨਾਲ ਸੁਪਨੇ,
ਸੁੱਤਿਆਂ ਦੇ ਕਿਹੜੇ ਤਾਜ ਸੱਜਦੇ"

ਦਲਿਤੋ, ਸ਼ੋਸ਼ਤੋ, ਬਹੁਜਨੋ ਤੁਹਾਡੀ ਜੂਨ ਤਾਂ ਹੀ ਸੁਧਰੇਗੀ ਜਦ ਤੁਸੀਂ ਖੁਦ ਧਾਰ ਲਿਆ, ਵਰਨਾ ਸਦੀਆਂ ਗੁਜਰ ਗਈਆਂ ਮਹਾਂਪੁਰਸ਼ ਆ ਕੇ ਆਪਣਾ ਫਰਜ਼ ਨਿਭਾ ਗਏ ਪਰ ਅਸੀਂ ਅਜੇ ਖੁਦ ਭੁਲੇ ਭੁਲੇਖੇ ਚ ਹਨੇਰ੍ਹੀ ਰਾਤ ਕੱਟ ਰਹੇ ਹਾਂ । ਚਾਨਣ ਤੁਹਾਡੀ ਉਡੀਕ ਕਰ ਰਿਹਾ ਹੈ ਪਰ ਬਦਲਨਾ ਸਾਨੂੰ ਖੁਦ ਹੀ ਪੈਣਾ ਹੈ ।

ਸਮੇਂ ਦਾ ਸੱਚੋ ਸੱਚ ਹੈ । ਮੰਨਣਾ ਨਾ ਮੰਨਣਾ ਸਾਡੇ ਤੇ ਨਿਰਭਰ ਕਰਦਾ ਹੈ । ਅਨੇਕਤਾ ਵਿੱਚ ਏਕਤਾ ਹੈ । ਇਕੱਠ ਲੋਹੇ ਦੀ ਲੱਠ ਹੈ। ਬੇਸ਼ੱਕ ਗੱਲ ਪੁਰਾਣੀ ਸੁਣਦੇ ਆਏ ਹਾਂ ਪ੍ਰੰਤੂ ਅੱਜ ਵੀ ਉਨੀਂ ਹੀ ਸਾਰਥਿਕ ਹੈ । ਬਦਲੋ ਤੇ ਆਪਣੀ ਦੁਨੀਆਂ ਵਸਾਵੋ।

# ਸਵਿਸ ਓਪਨ ਬੈਡਮਿੰਟਨ ਵਿਚ ਭਾਰਤੀ ਖਿਡਾਰੀਆਂ ਦੇ ਵਧਦੇ ਕਦਮ

ਪ੍ਰੋਫੈਸਰ ਜਤਿੰਦਰ ਬੀਰ ਸਿੰਘ

ਸਾਡੇ ਬੈਡਮਿੰਟਨ ਖੇਡ ਦੇ ਪ੍ਰੇਮੀ ਇਹ ਜਾਣ ਕੇ ਬਹੁਤ ਖੁਸ਼ ਹੋਏ ਹਨ ਕਿ ਹੁਣ ਕੇਵਲ ਇਸਤਰੀ ਵਰਗ ਵਿਚ ਹੀ ਨਹੀਂ ਸਗੋਂ ਪੁਰਸ਼ ਵਰਗ ਵਿਚ ਵੀ ਸਾਡੇ ਕੁਝ ਖਿਡਾਰੀ ਉਤਮ ਖੇਡ ਦਾ ਪ੍ਰਗਟਾਵਾ ਕਰਨ ਲੱਗ ਪਏ ਹਨ। ਇਸ ਸਮੇਂ ਸਵਿਸ ਓਪਨ ਬੈਡਮਿੰਟਨ ਵਿਚ ਇਹ ਖੁਸ਼ੀ ਭਰੀ ਖ਼ਬਰ ਆਈ ਹੈ ਕਿ ਸਾਡੇ ਤਿੰਨ ਨਾਮਵਰ ਖਿਡਾਰੀ ਸ੍ਰੀਕਾਂਤ, ਪੀ।ਵੀ। ਸਿੰਧੂ ਅਤੇ ਐਸ।ਐਸ। ਪ੍ਰਨਾਏ ਇਸ ਪ੍ਰਤਿਸ਼ਠਤ ਟੂਰਨਾਮੈਂਟ ਵਿਚ ਆਪੋ-ਆਪਣੇ ਰਾਊਂਡ ਦੇ ਮੁੱਢਲੇ ਮੈਚ ਜਿੱਤ ਕੇ ਸੈਮੀਫਾਈਨਲ ਵਿਚ ਪਹੁੰਚ ਗਏ ਹਨ।

ਅਜਿਹਾ ਖੁਸ਼ਗਵਾਰ ਮੌਕਾ ਕਦੇ ਕਦਾਈਂ ਹੀ ਆਉਂਦਾ ਹੈ, ਜਦੋਂ ਕਿ ਇਹ ਕਿਹਾ ਜਾਂਦਾ ਹੈ ਕਿ ਭਾਰਤ ਨੇ ਪੁਰਸ਼ਾਂ ਦੇ ਵਰਗ ਵਿਚ ਆਪਣੇ ਤੋਂ ਵੱਧ ਰੈਂਕ ਦੇ ਖਿਡਾਰੀ ਨੂੰ ਹਰਾਇਆ ਹੈ। ਸਵਿਸ ਓਪਨ ਵਿਚ ਸਾਡੇ 7 ਨੰਬਰ ਦੇ ਸ੍ਰੀਕਾਂਤ ਨੇ ਜਿਸ ਢੰਗ ਨਾਲ ਵਿਸ਼ਵ ਦੇ 3 ਨੰਬਰ ਦੇ ਖਿਡਾਰੀ ਡੈਨਮਾਰਕ ਦੇ ਇੰਟਨਸੇਨ ਨੂੰ ਜਿਸ ਢੰਗ ਨਾਲ ਸੰਘਰਸ਼ਮਈ ਢੰਗ ਨਾਲ 21-19,19-21 22-20 ਨਾਲ ਹਾਰ ਦਿੱਤੀ ਉਸ ਦੀ ਸਲਾਹੁਣਾ ਕਰਨੀ ਬਣਦੀ ਹੈ। ਪਹਿਲੀ ਤੇ ਦੂਜੀ ਗੇਮ ਲਗਭਗ ਇਕੋ ਤਰ੍ਹਾਂ ਹੀ ਖੇਡੀ ਗਈ, ਤੇ ਅੰਕ ਵੀ ਇਕੋ ਜਿਹੇ ਸਨ ਤੇ ਇਵੇਂ ਜਾਪਦਾ ਸੀ ਜਿਵੇਂ ਇਹ ਅੰਕ ਵੀ ਪਹਿਲਾਂ ਮਿੱਥ ਕੇ ਲਏ ਗਏ ਹਨ। ਪਰ ਇਸ ਤਰ੍ਹਾਂ ਨਹੀਂ ਹੋਇਆ ਸਗੋਂ ਇਹ ਇਕ ਇਤਿਫ਼ਾਕ ਸੀ ਕਿ ਪਹਿਲੀਆਂ ਦੋ ਗੇਮਾਂ ਜਿਵੇਂ ਨਾਪ ਤੋਲ ਕੇ ਬਣਾਈਆਂ ਗਈਆਂ ਹਨ।






ਹੁਣ ਉਸ ਦਾ ਮੁਕਾਬਲਾ ਏਸ਼ੀਆ ਦੇ ਸੋਨੇ ਦਾ ਮੈਡਲ ਜਿੱਤਣ ਵਾਲੇ ਜਾਨਸਨ ਕ੍ਰਿਸਟੀ ਨਾਲ ਹੋਵੇਗਾ। ਇਸ ਤਰ੍ਹਾਂ ਸਾਡੇ 3 ਖਿਡਾਰੀ ਸਿੰਧੂ, ਪ੍ਰਨਾਏ, ਸ੍ਰੀਕਾਂਤ ਸੈਮੀਫਾਈਨਲ ਤੱਕ ਗਏ ਹਨ। ਇਸਤਰੀ ਵਰਗ ਵਿਚ ਸਿੰਧੂ ਨੇ ਥਾਈਲੈਂਡ ਦੀ ਖਿਡਾਰਨ ਬੁਸਾਸਨ ਨੂੰ 21-16, 21-8 ਨਾਲ ਕਰਾਰੀ ਹਾਰ ਦਿੱਤੀ। ਇਹ ਮੈਚ ਕੇਵਲ 49 ਮਿੰਟ ਤੱਕ ਚਲਿਆ। ਸਿੰਧੂ ਦਾ ਬੁਸਾਸਨ ਨਾਲ ਖੇਡਣ ਦਾ ਰਿਕਾਰਡ ਬਹੁਤ ਉੱਤਮ ਰਿਹਾ ਹੈ। ਦੋਵਾਂ ਨੇ ਅਜੇ ਤੱਕ 17 ਮੈਚ ਖੇਡੇ ਹਨ ਜਿਸ ਵਿਚ 16 ਵਾਰ ਸਿੰਧੂ ਨੇ ਇਕ ਪਾਸੜ ਜਿੱਤ ਪ੍ਰਾਪਤ ਕੀਤੀ ਹੈ।

ਕੇਵਲ ਇਕ ਵਾਰ ਹੀ ਸਿੰਘਾਪੁਰ ਓਪਨ ਵਿਚ ਸਿੰਧੂ ਥਾਈਲੈਂਡ ਦੀ ਇਸ ਕੁੜੀ ਤੋਂ ਹਾਰੀ ਹੈ। ਦੂਸਰੇ ਪਾਸੇ ਜੋ ਆਸ ਪਹਿਲਾਂ ਸ੍ਰੀਕਾਂਤ ਨੇ ਜਗਾਈ ਸੀ, ਉਹ ਪੂਰੀ ਨਹੀਂ ਕਰ ਸਕਿਆ ਤੇ ਕ੍ਰਿਸਟੀ ਤੋਂ ਹਾਰ ਗਿਆ। ਕੁਲ ਮਿਲਾ ਕੇ ਸਵਿਸ ਓਪਨ ਭਾਰਤ ਲਈ ਖੁਸ਼ੀਆਂ ਲੈ ਕੇ ਆਇਆ ਹੈ। ਪੀ।ਵੀ। ਸਿੰਧੂ ਜੋ ਆਰੰਭਕ ਦੌਰ ਦਾ ਸੰਕਟ ਛੇਤੀ ਬਾਹਰ ਹੋ ਜਾਣ ਦਾ ਸੰਤਾਪ ਭੁਗਤ ਰਹੀ ਸੀ ਉਸ 'ਤੇ ਉਸ ਨੇ ਕਾਬੂ ਪਾ ਲਿਆ ਹੈ। ਪਿਛਲੇ ਦੋ ਟੂਰਨਾਮੈਂਟ ਜਰਮਨ ਓਪਨ ਤੇ ਆਲ ਇੰਗਲੈਂਡ ਕੱਪ ਦੀ ਜੋ ਨਮੋਸ਼ੀ ਸਾਡੀ ਖਿਡਾਰਨ ਪੀ।ਵੀ। ਸਿੰਧੂ ਨੇ ਭੋਗੀ ਹੈ ਉਹ ਹੁਣ ਦੂਰ ਹੋ ਗਈ ਹੈ, ਸਭ ਪਾਸੇ ਵਧਾਈਆਂ ਮਿਲ ਰਹੀਆਂ ਹਨ।

## ਫੇਸ-ਬੁੱਕ ਤੇ ਫੀਲਡ ਦਾ ਫਰਕ

ਭਾਵਨਾ ਲਿਖਤ ਵਿੱਚੋਂ ਝੱਟ ਹੀ ਨਜ਼ਰ ਪੈਂਦੀ
ਦਿਲ ਵਿੱਚ ਭਰੀ ਪਈ ਈਰਖਾ ਤੇ ਖਾਰ ਦੀ।
ਆਪਣੀ ਹੀ ਪੋਸਟ ਨੂੰ ਮੰਨ ਕੇ ਅਖੀਰੀ ਸੱਚ
ਖੁੰਬ ਠੱਪ ਦਿੰਦੇ ਨੇ ਸਿਆਣੇ ਕਿਸੇ ਯਾਰ ਦੀ।
ਹੋਰਨਾਂ ਦੀ 'ਸੌ' ਵੀ ਸੁਨਿਆਰ ਵਾਲ਼ੀ ਜਾਣਦੇ ਨੇ
ਆਪੇ ਲਿਖੀ 'ਇੱਕ' ਨੂੰ ਹੀ ਦੱਸਦੇ ਲੁਹਾਰ ਦੀ।
ਦੇਖ ਕੇ ਅਸਹਿਮਤੀ ਨੂੰ ਹੋ ਜਾਂਦੇ ਨੇ ਲੋਹੇ ਲਾਖੇ



'ਫੀਤ੍ਹੀ' ਝੱਟ ਠੋਕਦੇ ਐ 'ਭਗਤ-ਗੱਦਾਰ' ਦੀ ।
ਸਿੰਗ ਹੀ ਫਸਾ ਲੈਂਦੇ ਨੇ ਬਹੁਤੇ ਏਸ ਮੰਚ ਉੱਤੇ
ਮਿਹਣੋ ਮਿਹਣੀ ਹੁੰਦੇ ਗੱਲ ਛੱਡ ਕੇ ਵਿਚਾਰ ਦੀ।
ਫੀਲਡ ਦੇ ਵਿੱਚ ਤਾਂ ਹਾਲਾਤ ਹੁੰਦੇ ਆਮ ਜਿਹੇ
'ਫੇਸ-ਬੁੱਕ' ਰਹਿੰਦੀ ਐ ਉਬਾਲ਼ੇ ਸਦਾ ਮਾਰਦੀ !


-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਪਾਕਿਸਤਾਨ ਅੰਦਰ ਇੱਕ ਸਿੱਖ ਦੇ ਗਾਇਬ ਹੋਣ ਦਾ ਕਮੇਟੀ ਵੱਲੋਂ ਨੋਟਿਸ

**ਅੰਮ੍ਰਿਤਸਰ** - ਪਾਕਿਸਤਾਨ ਅੰਦਰ ਘੱਟਗਿਣਤੀ ਸਿੱਖਾਂ ਨਾਲ ਕੀਤੇ ਜਾ ਰਹੇ ਧੱਕੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਅੱਜ ਛਪੀਆਂ ਖ਼ਬਰਾਂ ਅਨੁਸਾਰ ਪਾਕਿਸਤਾਨ ਦੇ ਪਹਿਲੇ ਸਿੱਖ ਪੁਲਿਸ ਅਧਿਕਾਰੀ ਸ। ਗੁਲਾਬ ਸਿੰਘ ਸ਼ਾਹੀਨ ਨੂੰ ਇਕ ਖੁਫੀਆ ਏਜੰਸੀ ਵੱਲੋਂ ਗਾਇਬ ਕਰਨਾ ਘੱਟਗਿਣਤੀਆਂ ਨੂੰ ਦਬਾਉਣ ਵਾਲੀ ਕਾਰਵਾਈ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਪਾਕਿਸਤਾਨ ਅੰਦਰ ਘੱਟਗਿਣਤੀ ਸਿੱਖਾਂ ਨਾਲ ਧੱਕੇਸ਼ਾਹੀ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ, ਜਿਨ੍ਹਾਂ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਉਥੇ ਸਿੱਖ ਅਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਠੀਕ ਨਹੀਂ ਹੈ ਅਤੇ ਕਿਸੇ ਵੀ ਦੇਸ਼ ਵਿਚ ਵੱਸਦੇ ਸਾਰੇ ਭਾਈਚਾਰਿਆਂ ਦੇ ਲੋਕਾਂ ਦੀ ਸੁਰੱਖਿਆ ਲਈ ਉਥੋਂ ਦੀ ਸਰਕਾਰ ਜ਼ੁੰਮੇਵਾਰ ਹੁੰਦੀ ਹੈ।

ਸ. ਗੁਲਾਬ ਸਿੰਘ ਸ਼ਾਹੀਨ ਨੂੰ ਚੁੱਕ ਕੇ ਅਣਦੱਸੀ ਥਾਂ 'ਤੇ ਲੈਜਾਣ ਦਾ ਮਾਮਲਾ ਪਾਕਿਸਤਾਨ ਅੰਦਰ ਸਿੱਖਾਂ ਵਿਚ ਡਰ ਪੈਦਾ ਕਰਨ ਵਾਲਾ ਹੈ, ਜਿਸ ਬਾਰੇ ਉਥੋਂ ਦੀ ਸਰਕਾਰ ਨੂੰ ਤੁਰੰਤ ਸਪੱਸ਼ਟ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਜੇਕਰ ਇਹ ਖ਼ਬਰ ਦਰੁੱਸਤ ਹੈ ਤਾਂ ਇਸ ਤੋਂ ਮੰਦਭਾਗੀ ਗੱਲ ਹੋਰ ਨਹੀਂ ਹੋ ਸਕਦੀ।



### ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ

ਗੁਰੂ ਤੇਗ ਬਹਾਦਰ ਜੀ ਦਾ ਇਸ ਸ੍ਰਿਸ਼ਟੀ 'ਤੇ ਪ੍ਰਕਾਸ਼ (ਜਨਮ) 18 ਅਪ੍ਰੈਲ, 1621 ਈਸਵੀ ਦਿਨ ਬੁੱਧਵਾਰ ਨੂੰ ਅੰਮ੍ਰਿਤਸਰ, ਪੰਜਾਬ, ਭਾਰਤ ਵਿਚ ਹੋਇਆ। ਉਹ ਸਿੱਖ ਧਰਮ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਪੁੱਤਰ ਸਨ। ਉਹ 16 ਅਪ੍ਰੈਲ, 1664 ਈਸਵੀ ਨੂੰ ਆਪਣੇ ਪੋਤੇ-ਭਤੀਜੇ ਅਤੇ ਅੱਠਵੇਂ ਗੁਰੂ, ਗੁਰੂ ਹਰਿਕ੍ਰਿਸ਼ਨ ਜੀ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਗੁਰੂ ਬਣੇ ਸਨ।

ਉਹ ਇਕ ਕਵੀ, ਇਕ ਚਿੰਤਕ ਅਤੇ ਇਕ ਯੋਧਾ ਸਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਤੋਂ ਬਾਅਦ ਦੇ ਸਿੱਖ ਗੁਰੂਆਂ ਦੀ ਪਵਿੱਤਰਤਾ ਅਤੇ ਬ੍ਰਹਮਤਾ ਦੇ ਪ੍ਰਕਾਸ਼ ਨੂੰ ਅੱਗੇ ਵਧਾਇਆ। ਉਹਨਾਂ ਦੀਆਂ ਅਧਿਆਤਮਕ ਲਿਖਤਾਂ, ਪ੍ਰਮ-ਾਤਮਾ ਦੀ ਪ੍ਰਕਿਰਤੀ, ਮਨੁੱਖੀ ਮੋਹ, ਤਨ, ਮਨ, ਦੁੱਖ, ਮਾਣ, ਸੇਵਾ, ਮੌਤ ਅਤੇ ਮੁਕਤੀ ਵਰਗੇ ਵਿਭਿੰਨ ਵਿਸ਼ਿਆਂ ਦਾ ਵੇਰਵਾ ਦਿੰਦੀਆਂ ਹਨ।'ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਉਹਨਾਂ ਦੀਆਂ 116 ਕਾਵਿਕ ਭਜਨਾਂ ਦੀਆਂ ਰਚਨਾਵਾਂ ਦਰਜ ਹਨ, ਗੁਰੂ ਸਾਹਿਬ ਜੀ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਫੈਲਾਉਣ ਲਈ ਭਾਰਤੀ ਉਪ-ਮਹਾਂਦੀਪ ਦੀ ਵਿਆਪਕ ਯਾਤਰਾ ਕੀਤੀ ਤੇ ਕਈ ਨਵੇਂ ਸਿੱਖ ਧਰਮ ਦੇ ਪ੍ਰਚਾਰ ਲਈ ਕੇਂਦਰ ਸਥਾਪਤ ਕੀਤੇ। ਉਹਨਾਂ ਨੇ ਪੰਜਾਬ ਵਿਚ ਚੱਕ-ਨਾਨਕੀ ਦੇ ਕਸਬੇ ਦੀ ਸਥਾਪਨਾਂ ਕੀਤੀ, ਜਿਸ ਨੂੰ ਬਾਅਦ ਵਿਚ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਸ਼ਹਿਰ ਵਿਚ ਵੱਡਾ ਕੀਤਾ।



ਪ੍ਰੋ: ਐਚ.ਐਲ.ਕਪੂਰ

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਂਵੇਂ ਗੁਰੂ ਸਨ। ਸੰਸਾਰ ਦੇ ਇਤਿਹਾਸ 'ਚ ਧਰਮ ਤੇ ਮਾਨਵੀਯ ਕਦਰਾਂ-ਕੀਮਤਾਂ, ਆਦਰਸ਼ਾਂ ਤੇ ਸਿਧਾਂਤਾਂ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾ-ਲਿਆਂ 'ਚੋਂ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸਿਰਮੌਰ ਹੈ।

ਇਹ ਗੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਵਾਲੀ ਹੈ ਕਿ ਭਾਰਤ ਤੋਂ ਇਲਾਵਾ ਜਿੱਥੇ-ਜਿੱਥੇ ਵੀ ਇਸਲਾਮ ਧਰਮ ਗਿਆ, ਸੀਰੀਆ, ਇਰਾਨ, ਇਰਾਕ, ਮਿਸਰ ਆਦਿ ਦੇਸ਼ਾਂ 'ਚ ਉਥੋਂ ਦੇ ਪ੍ਰਸ਼ਾਸਕਾਂ ਦੇ ਇਸਲਾਮ ਧਰਮ ਗ੍ਰਹਿਣ ਕਰ ਲੈਣ ਤੋਂ ਬਾਅਦ ਉਥੋਂ ਦੀ ਸਾਰੀ ਦੀ ਸਾਰੀ ਪਰਜਾ ਨੇ ਬੜੇ ਥੋੜ੍ਹੇ ਹੀ ਸਮੇਂ 'ਚ ਇਸਲਾਮ ਧਰਮ ਗ੍ਰਹਿਣ ਕਰ ਲਿਆ ਪਰ ਇਸ ਦੇ ਬਾਵਜੂਦ ਵੀ ਭਾਰਤੀਯ ਧਰਮ, ਪੰਥ ਦੀ ਉਦਾਰਤਾ ਨੇ ਵੀ ਇਸਲਾਮ ਧਰਮ ਦੇ ਪ੍ਰਸਾਰ ਨੂੰ ਰੋਕਣ ਲਈ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਅਕਬਰ ਤੋਂ ਬਾਅਦ ਜਹਾਂਗੀਰ ਤੇ ਸ਼ਾਹਜਹਾਨ ਨੇ ਵੀ ਉਸੇ ਨੀਤੀ ਨੂੰ ਅਪਣਾਇਆ, ਜਿਹੜੀ ਅਕਬਰ ਨੇ ਲਾਗੂ ਕੀਤੀ ਸੀ। ਸ਼ਾਹਜਹਾਨ ਦੇ ਉਤਰਾਧਿਕਾਰੀ ਔਰੰਗਜ਼ੇਬ ਨੇ ਆਪਣੇ ਪੂਰਵਜਾਂ ਦੀ ਚੱਲੀ ਆ ਰਹੀ ਨੀਤੀ 'ਤੇ ਰੀਤੀ ਨੂੰ ਛੱਡ ਕੇ ਉਹ ਮੁਗਲ ਸਾਮਰਾਜ ਨੂੰ ਇਸਲਾਮੀ ਰਾਜ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਸ ਨੇ ਆਪਣੀ ਇਸਲਾਮਿਕ ਨੀਤੀ ਦੇ ਅਨੁਸਾਰ ਰਾਜ ਪ੍ਰਬੰਧ ਚਲਾਉਣ ਲਈ ਹਿੰਦੂ ਜਾਤੀ ਦੇ ਲੋਕਾਂ ਤੇ ਜਜ਼ੀਆ (ਟੈਕਸ) ਲਗਾਇਆ ਤੇ ਕਾਸ਼ੀ 'ਚ ਵਿੱਦਿਆਨਾਥ, ਗੁ-ਜਰਾਤ 'ਚ ਸੋਮਨਾਥ, ਮਥਰਾ 'ਚ ਕੇਸ਼ਵ ਰਾਏ ਆਦਿ ਪ੍ਰਸਿੱਧ ਮੰਦਰਾਂ ਨੂੰ ਤੋੜਨ ਦੇ ਆਦੇਸ਼ ਦੇ ਦਿੱਤੇ। ਇਸ ਤੋਂ ਇਲਾਵਾ ਉਸ ਨੇ ਹਿੰਦੂ ਤੇ ਸ਼ਿਵਪੰਥ ਨੂੰ, ਆਪਣੇ ਪੁਰਬਾਂ ਨੂੰ ਸਰਬਜਨਕ ਤੌਰ 'ਤੇ ਮਨਾਉਣ 'ਤੇ ਰੋਕ ਲਗਾ ਦਿੱਤੀ। ਇਸਲਾਮ ਧਰਮ ਅਪਣਾਉਣ ਵਾਲਿਆਂ ਨੂੰ ਪੁਰਸਕਾਰ ਦੇਣੇ ਆਰੰਭ ਕਰ ਦਿੱਤੇ ਤੇ ਇਸਲਾਮ ਧਰਮ ਦੀ ਇਸ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ ਸਰਕਾਰੀ ਉੱਚ ਅਹੁਦਿਆਂ ਤੋਂ ਹਟਾ ਦਿੱਤਾ ਜਾਣਾ ਸ਼ੁਰੂ ਕਰ ਦਿੱਤਾ ਤੇ ਜਿਹੜੇ ਲੋਕ ਇਸਲਾਮ ਧਰਮ ਕਬੂਲ ਕਰਦੇ ਉਹਨਾਂ ਨੂੰ, ਉਹ ਅਹੁਦੇ ਤੇ ਪਦਵੀਆਂ ਦਿੱਤੇ ਜਾਣੇ ਸ਼ੁਰੂ ਕਰ ਦਿੱਤੇ। ਉਸ ਦੀ ਇਸ ਸੰਪਰਦਾਇਕ ਕੱਟੜ ਨੀਤੀ ਦਾ ਮੁਗਲ ਰਾਜ ਦੀ ਸਥਿਰਤਾ 'ਤੇ ਬਹੁਤ ਬੁਰਾ ਅਸਰ ਪਿਆ। ਮਥਰਾ 'ਚ ਜਾਟਾਂ ਨੇ, ਪੰਜਾਬ 'ਚ ਸਿੱਖਾਂ ਨੇ, ਰਾਜਪੂਤਾਨੇ 'ਚ ਦੁਰਗਦਾਸ ਰਾਠੌਰ ਨੇ, ਦੱਖਣ 'ਚ ਮਰਾਠਿਆਂ ਨੇ ਔਰੰਗਜ਼ੇਬ ਦੇ ਖ਼ਿਲਾਫ਼, ਉਸ ਦੀ ਇਸ ਕੱਟੜ ਧਾਰਮਿਕ ਨੀਤੀ ਦੇ ਖ਼ਿਲਾਫ਼ ਵਿਦਰੋਹ ਆਰੰਭ ਕਰ ਦਿੱਤਾ। ਇਸ ਦਾ ਇਹ ਅਸਰ ਹੋਇਆ ਕਿ ਔਰੰਗਜ਼ੇਬ ਹਿੰ-ਦੋਸਤਾਨ 'ਚ ਨਾ ਤਾਂ ਇਸਲਾਮੀ ਰਾਜ ਦੀ ਸਥਾਪਨਾ ਕਰਨ 'ਚ ਸਫਲ ਰਿਹਾ ਤੇ ਨਾ ਹੀ ਉਸ ਨੂੰ ਇਸਲਾਮਿਕ ਰਾਜ ਬਣਾਉਣ 'ਚ ਸਫਲ ਹੋਇਆ।

ਇਸ ਸਮੇਂ ਸਿੱਖ ਧਰਮ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਆਪਣੇ ਇਸ ਧਰਮ ਦੀ ਅਗਵਾਈ ਕਰ ਰਹੇ ਸਨ। ਉਹਨਾਂ ਦੇ ਮਨ 'ਚ ਹਿੰਦੂ ਧਰਮ ਪ੍ਰਤੀ ਸਤਿਕਾਰ ਇਸ ਹੱਦ ਤੱਕ ਸੀ, ਇਸ ਗੱਲ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਔਰੰਗਜ਼ੇਬ ਨੇ ਉਹਨਾਂ ਸਾਹਮਣੇ ਆਪਣਾ ਧਰਮ ਪਰਿਵਰਤਨ ਕਰਨ ਲਈ ਤਿੰਨ ਸੁਆਲ ਰੱਖੇ: (1) ਕੋਈ ਚਮਤਕਾਰ ਦਿਖਾਓ, (2) ਇਸਲਾਮ ਧਰਮ ਕਬੂਲ ਕਰੋ, (3) ਜਾਂ ਫਿਰ ਆਪਣੇ ਪ੍ਰਾਣਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹੋ। ਤਦ ਗੁਰੂ ਜੀ ਨੇ ਔਰੰਗਜ਼ੇਬ ਦੇ ਪ੍ਰਸਤਾਵਾਂ ਦਾ ਉੱਤਰ ਦਿੰਦੇ ਹੋਏ ਕਿਹਾ- ਤਿਨ ਤੇ ਸਨਿ ਸ੍ਰੀ ਤੇਗ ਬਹਾਦਰ। ਧਰਮ ਨਿਵਾਰਿਨ ਬਿਖੈ ਬਹਾਦਰ। ਉੱਤਰ ਭਨਯੋ, ਧਰਮ ਹਮ ਹਿੰਦੂ। ਅਤਿ ਪ੍ਰੀਯ ਕੋ ਕਿਮ ਕਰਹਿ ਨਿਕਨਦੂ।। ਲੋਕ ਪਰਲੋਕ ਉਭਯ ਸੁਖਦਾਨੀ ਆਨ ਨ ਪਾਇਆ ਜਾਹਿ ਸਮਾਨੀ। ਮਤਿ ਮਲੀਨ ਮੂਰਖ ਮਤਿ ਜੋਈ। ਇਸ ਕੋ ਤਿਆਗੇ ਪਾਮਰ ਸੋਈ। ਸਮਤਿਵੰਤ ਹਮ ਕਹੁ ਕਿਉ ਤਿਆਗਹਿ। ਧਰਮ ਰਾਖਿਵੇ ਨਿਤ ਅਨੁਰਾਗਹਿ।। ਤਰਿਤਏ ਪਰਾਣ ਹਾਵ ਕੀ ਬਾਤ ਸੋ ਹਮ ਸਹੈ, ਅਪਨੇ ਗਾਤ। ਹਿੰਦੂ ਧਰਮ ਰਖਹਿ ਜਗ ਮਾਂਹੀ। ਤੁਮਰੇ ਕਰੇ ਬਿਨਸ ਯਹ ਨਾਂਹੀ।। ਔਰੰਗਜ਼ੇਬ ਦੀਆਂ ਗੱਲਾਂ ਸੁਣ ਕੇ, ਸਭ ਧਰਮਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਣ ਵਾਲੇ ਵੀਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉੱਤਰ ਦਿੱਤਾ ਕਿ ਅਸੀਂ ਸੰਸਾਰ ਦੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਹਾਂ ਤਾਂ ਅਸੀਂ ਆਪਣੇ ਬਹੁਤ ਹੀ ਪਿਆਰੇ ਹਿੰਦੂ ਧਰਮ ਨੂੰ ਕਿਸ ਤਰ੍ਹਾਂ ਛੱਡ ਸਕਦੇ ਹਾਂ? ਸਾਡਾ ਇਹ ਧਰਮ ਲੋਕ ਤੇ ਪ੍ਰਲੋਕ ਦੋਨਾਂ ਨੂੰ ਸੁੱਖ ਦੇਣ ਵਾਲਾ ਹੈ। ਦੂਸਰਾ ਕੋਈ ਹੋਰ ਧਰਮ ਇਸ ਦੀ ਸਮਾਨਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮੂਰਖ ਹੈ ਉਹ ਹੀ ਇਸ ਨੂੰ ਤਿਆਗਣ ਦੀ ਗੱਲ ਸੋਚ ਸਕਦਾ ਹੈ। ਉਹ ਨਿਸ਼ਚਿਤ ਤੌਰ 'ਤੇ ਪਾਪੀ ਹੈ। ਇਸ ਤਰ੍ਹਾਂ ਦਾ ਵਿਅੱਕਤੀ ਨਿਸ਼ਚਿਤ ਤੌਰ 'ਤੇ ਹੀ ਇਸ ਲੋਕ 'ਚ ਅਤਿਅੰਤ ਦੁੱਖ ਪਾਉਂਦਾ ਹੈ। ਤੇ ਯਮਰਾਜ ਵੀ ਉਸ ਨੂੰ ਦੰਡ ਦਿੰਦਾ ਹੈ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਧਰਮ ਦੀ ਰੱਖਿਆ ਕਰੀਏ। ਪ੍ਰਾਣ ਦੇਣ ਦੀ ਜੋ ਤੁਸੀਂ ਤੀਜੀ ਗੱਲ ਕਹੀ ਹੈ ਉਹ ਸਾਨੂੰ ਮਨਜ਼ੂਰ ਹੈ। ਅਸੀਂ ਆਪਣੇ ਸਰੀਰ 'ਤੇ ਅੱਤਿਆਚਾਰ ਝੱਲ ਕੇ ਤੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਆਪਣੇ ਧਰਮ ਦੀ ਰੱਖਿਆ ਕਰ ਲਵਾਂਗੇ। ਇਹ ਧਰਮ ਤੁਹਾਡੇ ਯਤਨਾਂ ਨਾਲ ਖਤਮ ਹੋਣ ਵਾਲਾ ਨਹੀਂ ਹੈ।

ਇਸ ਉਕਤ ਵਾਰਤਾ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਗਰੇ ਤੋਂ ਮੁਗਲ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ, ਜਦੋਂ ਉਹ ਆਪਣੇ ਸਿੱਖ ਮਿਸ਼ਨਰੀ ਪ੍ਰਚਾਰ ਲਈ ਉਥੋਂ ਪਹੁੰਚੇ ਹੋਏ ਸਨ। ਗ੍ਰਿਫ਼ਤਾਰੀ ਸਮੇਂ ਉਨ੍ਹਾਂ 'ਤੇ ਬਹੁਤ ਅੱ-ਤਿਆਚਾਰ ਕੀਤੇ ਗਏ। ਉਨ੍ਹਾਂ ਨੂੰ ਲੋਹੇ ਦੇ ਇਕ ਤੰਗ ਪਿੰਜਰੇ 'ਚ ਕਈ ਦਿਨਾਂ ਤੱਕ ਬੰਦ ਰੱਖਿਆ ਗਿਆ। ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਸ਼ਰਧਾਲੂ ਸਿੱਖ ਭਾਈ ਮਤੀ ਦਾਸ ਜੀ ਨੂੰ ਦੋ ਥੰਮਾਂ ਦੇ ਵਿਚਕਾਰ ਬੰਨ੍ਹਿਆ ਗਿਆ ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਨੂੰ ਜਿਉਂਦਿਆਂ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਵੀ ਬਹੁਤ ਤਸੀਹੇ ਦੇਣ ਉਪਰੰਤ ਜਿਉਂਦਿਆਂ ਨੂੰ ਉਬਲਦੀ ਦੇਗ 'ਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ 'ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਦੇ ਸਰੀਰ ਨੂੰ ਸੂਤੀ ਰੂੰ 'ਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਤੇ ਸ਼ਹੀਦ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਕਈ ਦਿਨਾਂ ਤੱਕ ਆਪਣੇ ਸਰੀਰ 'ਤੇ ਸ਼ਾਂਤ-ਚਿੱਤ ਰਹਿ ਕੇ ਤਸ਼ੱਦਦ ਝੱਲੇ। ਅਖੀਰ ਨਵੰਬਰ 11, 1675 ਈਸਵੀ ਨੂੰ ਆਮ ਜਨਤਾ ਦੀ ਲੱਗੀ ਭੀੜ 'ਚ ਜਲਾਦ ਨੇ ਆਪਣੀ ਤਲਵਾਰ ਨਾਲ ਜਦੋਂ ਗੁਰੂ ਜੀ ਇਕਾਂਤ ਚਿੱਤ ਹੋ ਕੇ ਪਾਠ ਕਰ ਰਹੇ ਸਨ, ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦਾ ਸੀਸ ਤੇ ਧੜ, ਧੂੜ 'ਚ ਪਿਆ ਸੀ ਤੇ ਬਾਹਰ ਖੜ੍ਹੀ ਲੋਕਾਈ 'ਚੋਂ ਕਿਸੇ ਨੇ ਵੀ ਬਾਦਸ਼ਾਹ ਤੋਂ ਡਰਦਿਆਂ ਗੁਰੂ ਜੀ ਦੇ ਸਰੀਰ ਤੇ ਸੀਸ ਨੂੰ ਚੁੱਕਣ ਦਾ ਹੌਸਲਾ ਨਹੀਂ ਕੀਤਾ।

ਥੋੜ੍ਹੇ ਸਮੇਂ ਬਾਅਦ ਸ਼ਹਿਰ 'ਚ ਬਹੁਤ ਤੇਜ਼ ਤੂਫਾਨ ਆਇਆ ਤੇ ਰਾਤ ਦੇ ਹਨੇਰੇ 'ਚ ਇਕ ਸਿੱਖ ਸ਼ਰਧਾਲੂ ਜਿਸ ਦਾ ਨਾਮ ਭਾਈ ਜੈਤਾ ਜੀ ਸੀ, ਨੇ ਗੁਰੂ ਜੀ ਦਾ ਪਵਿੱਤਰ ਸੀਸ ਨੂੰ ਉਠਾਇਆ ਤੇ ਆਪਣੇ ਨਾਲ ਲੈ ਕੇ ਆਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ ਤੇ ਉਹਨਾਂ ਦੇ ਗੁਰੂ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤਾ। ਇਕ ਹੋਰ ਗੁਰੂ ਜੀ ਦਾ ਸਿੱਖ ਜਿਸ ਦਾ ਨਾਂ ਸੀ ਭਾਈ ਲੱਖੀ ਸ਼ਾਹ, ਉਸ ਪਾਸ ਇਕ ਗੱਡਾ ਸੀ, ਉਸ ਨੇ ਗੁਰੂ ਜੀ ਦੇ ਧੜ ਨੂੰ ਉਸ ਗੱਡੇ 'ਤੇ ਰੱਖਿਆ ਤੇ ਆਪਣੇ ਘਰ ਲੈ ਗਿਆ। ਉਸ ਲਈ ਜਨਤਕ ਤੌਰ 'ਤੇ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨਾ ਬੜਾ ਖ਼ਤਰਨਾਕ ਸੀ ਤੇ ਉਸ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਤੇ ਇਸ ਤਰੀਕੇ ਨਾਲ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸੇ ਤਰ੍ਹਾਂ ਗੁਰੂ ਜੀ ਦਾ ਸੀਸ ਵੀ ਆਨੰਦਪੁਰ ਸਾਹਿਬ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਵਿਧਵਾ ਪਤਨੀ ਮਾਤਾ ਗੁਜਰੀ ਜੀ ਦੇ ਪਾਸ ਪਹੁੰਚਾਇਆ ਗਿਆ ਤੇ ਮਿਤੀ ਨਵੰਬਰ 16, 1675 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਹੀ ਚੰਦਨ ਦੀ ਲੱਕੜੀ ਦੀ ਚਿਤਾ ਚਿਣ ਕੇ ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅਗਨ ਭੇਟ ਕਰਕੇ ਅੰਤਿਮ ਸੰਸਕਾਰ ਕਰ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਦੇ 'ਨੌਵੇਂ ਨਾਨਕ' ਜੀ ਇਸ ਧਰਤੀ 'ਤੇ ਜੋਤੀ-ਜੋਤ ਸਮਾਅ ਗਏ। ਸੰਸਾਰ ਦੇ ਇਤਿਹਾਸ 'ਚ ਇਹ ਇਕੱਲੀ ਅਜਿਹੀ ਮਿਸਾਲ ਮਿਲਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਕਿਸੇ ਧਾਰਮਿਕ ਗੁਰੂ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਤੇ ਆਜ਼ਾਦੀ ਲਈ ਲਾਸਾਨੀ ਸ਼ਹਾਦਤ ਦਿੱਤੀ ਹੋਵੇ।

ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਸਮੇਂ ਕਿਹਾ ਸੀ- 'ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂਮਹਿ ਸਾਕਾ। ਸਾਧਨਿ ਹੇਤਿ ਇਤੀ ਜਿਨੀ ਕਰੀ, ਸੀਸ ਦੀਆ ਪਰ ਸੀ ਨਾ ਰੀ। ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰ ਨਾ ਦੀਆ। ਮਤਲਬ ਪ੍ਰਭੂ ਨੇ ਉਹਨਾਂ ਦੇ ਤਿਲਕ ਤੇ ਜੰਞੂ ਲਈ ਦਿੱਤੀ ਕੁਰਬਾਨੀ ਦੀ ਲਾਜ ਰੱਖੀ ...। ਉਨ੍ਹਾਂ ਨੇ ਕਲਯੁਗ 'ਚ ਬੜੀ ਵੱਡੀ ਕੁਰਬਾਨੀ ਦਿੱਤੀ। ਧਰਮ ਦੀ ਰਾਖੀ ਲਈ ਉਨ੍ਹਾਂ ਨੇ ਆਪਣਾ ਸੀਸ ਕਟਵਾ ਦਿੱਤਾ ਪਰ ਸੀ ਨਹੀਂ ਕੀਤੀ ਤੇ ਆਪਣੇ ਧਰਮ 'ਚ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦਿੱਤੀ :

''ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ ਸਿਰੜ ਨ ਦੀਆ।''

ਇਸ ਮਹਾਂਵਾਕ ਅਨੁਸਾਰ ਗੁਰੂ ਜੀ ਦਾ ਬਲੀਦਾਨ ਨਾ ਕੇਵਲ ਧਰਮ ਦੀ ਰਾਖੀ ਲਈ ਹੀ ਸੀ ਪਰ ਇਹ ਬਲੀਦਾਨ ਸਾਰੀ ਮਾਨਵੀ ਸੰਸਕ੍ਰਿਤਕ ਵਿਰਾਸਤ ਦੀ ਰਾਖੀ ਲਈ ਬਲੀਦਾਨ ਸੀ। ਧਰਮ ਉਨ੍ਹਾਂ ਲਈ ਸੰਸਕ੍ਰਿਤਕ ਮੁੱਲਾਂ 'ਤੇ ਜੀਵਨ ਦਾ ਨਾਮ ਸੀ। ਇਸ ਲਈ ਧਰਮ ਦੇ ਸੱਚੇ ਅਸੂਲਾਂ ਲਈ ਉਨ੍ਹਾਂ ਦਾ ਕੁਰਬਾਨੀ ਦੇਣਾ ਇਕ : ਸੰਸਕ੍ਰਿਤਕ ਵਿਰਾਸਤ ਤੇ ਇੱਛਤ ਜੀਵਨ ਵਿਧਾਨ ਦੇ ਹੱਕ 'ਚ ਇਕ ਬਹੁਤ ਵੱਡਾ ਸਾਹਿਸਕ ਅਭਿਆਨ ਸੀ।

ਅੱਤਿਆਚਾਰੀ ਸ਼ਾਸਕ ਦੀ ਧਰਮ ਵਿਰੋਧੀ ਤੇ ਵਿਚਾਰਾਂ ਦੀ ਸੁਤੰਤਰਤਾ ਦਾ ਦਮਨ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਡੇ ਪੂਰਵਜ ਇਤਿਹਾਸ ਦੀ ਇਕ ਬਹੁਤ ਵੱਡੀ ਘਟਨਾ ਹੈ। ਇਹ ਗੁਰੂ ਜੀ ਦੇ ਨਿਰਭੈ ਆਚਰਣ, ਧਾਰਮਿਕ ਵਿਸ਼ਵਾਸ ਤੇ ਨੈਤਿਕ ਉਦਾਰਤਾ ਦੀ ਉੱਚਤਮ ਮਿਸਾਲ ਸੀ। ਗੁਰੂ ਜੀ ਮਾਨਵੀਯ ਧਰਮ ਤੇ ਵਿਚਾਰਕ ਸੁਤੰਤਰਤਾ ਦੇ ਲਈ ਆਪਣੀ ਸ਼ਹਾਦਤ ਦੇਣ ਵਾਲੇ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਸਨ। ਇਸੇ ਲਈ ਹੀ ਉਨ੍ਹਾਂ ਨੂੰ ਭਾਰਤ ਦੇ ਇਤਿਹਾਸ 'ਚ ਹਿੰਦੂ ਧਰਮ ਦੀ ਰੱਖਿਆ ਕਰਨ ਵਾਸਤੇ ਦਿੱਤੀ ਗਈ ਕੁਰਬਾਨੀ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਕਰਕੇ 'ਹਿੰਦ ਦੀ ਚਾਦਰ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

**ਧਰਮ ਪ੍ਰਚਾਰ :-** ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਤੇ ਲੋਕ ਕਲਿਆਣ ਕਰਨ ਲਈ ਕਈ ਸਥਾਨਾਂ ਦੀ ਯਾਤਰਾ ਕੀਤੀ। ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ, ਰੋਪੜ, ਸੈਫਾਵਾਦ ਦੇ ਲੋਕਾਂ ਨੂੰ ਸੰਜਮ ਤੇ ਸਹਿਜ ਮਾਰਗ ਦਾ ਪਾਠ ਪੜ੍ਹਾਉਂਦੇ ਹੋਏ ਉਹ ਖਿਆਲਾਂ (ਖਦਲ) ਪਹੁੰਚੇ। ਇੱਥੇ ਗੁਰੂ ਜੀ ਧਰਮ ਦੇ ਸੱਚੇ ਮਾਰਗ ਦਾ ਉਪਦੇਸ਼ ਦਿੰਦੇ ਹੋਏ ਦਮਦਮਾ ਸਾਹਿਬ ਤੋਂ ਹੁੰਦੇ ਹੋਏ ਕੁਰੂਕਸ਼ੇਤਰ ਪਹੁੰਚੇ। ਕੁਰੂਕਸ਼ੇਤਰ ਤੋਂ ਜਮਨਾ ਕਿਨਾਰੇ ਹੁੰਦੇ ਹੋਏ ਕੜਾਮਾਨਪੁਰ ਪਹੁੰਚੇ ਤੇ ਉਥੇ ਸਾਧੂ ਭਾਈ ਮਲੂਕ ਦਾਸ ਨੂੰ ਧਰਮ ਦੇ ਸੱਚੇ ਮਾਰਗ ਦਾ ਪਾਠ ਪੜ੍ਹਾਇਆ।

ਇੱਥੋਂ ਹੁੰਦੇ ਹੋਏ ਗੁਰੂ ਜੀ ਪ੍ਰਯਾਗ, ਬਨਾਰਸ, ਪਟਨਾ, ਅਸਾਮ ਆਦਿ ਦੇ ਖੇਤਰਾਂ 'ਚ ਗਏ, ਇੱਥੇ ਉਹਨਾਂ ਨੇ ਮਾਨਵਤਾ ਲਈ ਅਧਿਆਤਮਕ, ਸਮਾਜਿਕ, ਆਰਥਿਕ ਪੱਖ ਦੇ ਕਈ ਰਚਨਾਤਮਕ ਕੰਮ ਕੀਤੇ।

ਲੋਕਾਂ ਨੂੰ ਅਧਿਆਤਮਕ ਮਾਰਗ ਦਾ ਸੱਚਾ ਗਿਆਨ ਦਿੱਤਾ। ਸਮਾਜਿਕ ਪੱਧਰ 'ਤੇ ਚੱਲੀਆਂ ਆ ਰਹੀਆਂ ਕਈ ਰੂੜ੍ਹੀਵਾਦੀ, ਅੰਧ-ਵਿਸ਼ਵਾਸੀ, ਭਰਮਾਂ-ਵਹਿਮਾਂ ਦੀ, ਬੜੇ ਕੜੇ ਸ਼ਬਦਾਂ 'ਚ ਆਲੋਚਨਾ ਕੀਤੀ ਤੇ ਨਵੇਂ ਸਹਿਜ ਜਨ-ਕਲਿਆਣਕਾਰੀ ਆਦਰਸ਼ ਸਥਾਪਿਤ ਕੀਤੇ। ਉਨ੍ਹਾਂ ਨੇ ਮਾਨਵ ਸੇਵਾ ਲਈ ਪਾਣੀ ਦੀ ਸਹੂਲਤ ਵਾਸਤੇ ਖੂਹ ਖੁਦਵਾਏ, ਧਰਮਸਾਲਾਵਾਂ ਬਣਵਾਈਆਂ ਤੇ ਹੋਰ ਕਈ ਪਰਉਪਕਾਰੀ ਕੰਮ ਕਰਵਾਏ। ਇਨ੍ਹਾਂ ਹੀ ਯਾਤਰਾਵਾਂ ਦੇ ਦੌਰਾਨ ਸੰਨ 1666 ਈਸਵੀ 'ਚ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ, ਜਿਹੜੇ ਸਿੱਖ ਧਰਮ ਦੇ ਦਸਵੇਂ ਗੁਰੂ ਬਣੇ।

ਗੁਰੂ ਜੀ ਰੋਜ਼ ਆਨੰਦਪੁਰ ਸਾਹਿਬ 'ਚ ਅਧਿਆਤਮਕ ਗਿਆਨ ਦਾ ਸੰਗਤਾਂ 'ਚ ਪ੍ਰਚਾਰ ਕਰਦੇ, ਸੰਗਤਾਂ ਨੂੰ ਨੈਤਿਕਤਾ, ਨਿਡਰਤਾ ਤੇ ਅਧਿਆਤਮਕ ਜਾਗ੍ਰਿਤੀ ਦਾ ਸੰਦੇਸ਼ ਦਿੰਦੇ ਸਨ। ਉਸ ਸਮੇਂ ਆਨੰਦਪੁਰ ਸਾਹਿਬ ਸਿੱਖ ਧਰਮ ਦਾ- 'ਇਕ ਆਨੰਦ ਧਾਮ' ਹੀ ਸੀ। ਇੱਥੇ ਸਭ ਲੋਕ ਧਰਮ, ਜਾਤੀ, ਰੰਗ, ਸੰਪਰਦਾਏ ਆਦਿ ਦੇ ਭੇਦਭਾਵ ਤੋਂ ਬਿਨਾਂ ਸਮਾਜਿਕ ਬਰਾਬਰਤਾ ਦੇ ਆਧਾਰ 'ਤੇ ਅਧਿਆਤਮਕ ਅਲੌਕਿਕਤਾ ਦਾ ਗਿਆਨ ਪ੍ਰਾਪਤ ਕਰਦੇ ਸਨ। ਗੁਰੂ ਜੀ ਆਪ ਖੁਦ ਸ਼ਾਂਤੀ, ਖਿਮਾ ਤੇ ਸਹਿਣਸ਼ੀਲਤਾ ਦੀ ਅਦੁੱਤੀ ਮੂਰਤ ਸਨ।

ਉਨ੍ਹਾਂ ਨੇ ਸਦਾ ਮਾਨਵਤਾ ਨੂੰ ਪ੍ਰੇਮ, ਏਕਤਾ ਤੇ ਸਰਬ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਅਗਰ ਕਿਸੇ ਨੇ ਹਉਮੈ 'ਚ ਆ ਕੇ ਗੁਰੂ ਜੀ ਨਾਲ ਬੁਰਾ ਵਿਵਹਾਰ ਵੀ ਕੀਤਾ ਤਾਂ ਉਨ੍ਹਾਂ ਨੇ ਆਪਣੀ ਸਹਿਣਸ਼ੀਲਤਾ, ਮਧੁਰਤਾ ਤੇ ਲਿਆਕਤ ਨਾਲ ਸਮਝਾ ਕੇ ਉਸ ਨੂੰ ਸਿੱਧੇ ਰਸਤੇ ਪਾ ਦਿੱਤਾ। ਗੁਰੂ ਜੀ 'ਚ ਇੰਨੀ ਸਹਿਣਸ਼ੀਲਤਾ ਸੀ ਕਿ ਕਿਸੇ ਨੂੰ ਡਰਾਉਣ ਦੀ ਥਾਂ, ਸਮਝਾਉਣ ਦੀ ਸਿੱਖਿਆ ਦਿੰਦੇ ਸਨ ਤੇ ਆਪ ਕਿਸੇ ਤੋਂ ਡਰਦੇ ਵੀ ਨਹੀਂ ਸਨ। ਉਹ ਗੁਰਬਾਣੀ 'ਚ ਉਪਦੇਸ਼ ਦਿੰਦੇ ਹਨ- 'ਭੈ ਕਾਹੂ ਕੋ ਦੇਤ ਨਾਹੀ। ਨਹਿ ਭੈ ਮਾਨਤ ਆਨ।' ਉਹ ਬਚਪਨ ਤੋਂ ਹੀ ਬੜੇ ਸਰਲ, ਸਹਜ ਤੇ ਭਗਤੀ ਭਾਵ ਵਾਲੇ ਕਰਮਯੋਗੀ ਇਨਸਾਨ ਸਨ। ਉਨ੍ਹਾਂ ਦੀ ਬਾਣੀ 'ਚ ਮਧੁਰਤਾ, ਸਾਦਗੀ, ਸੱਜਣਤਾ ਤੇ ਵੈਰਾਗ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਪਹਿਲਾ ਸਿਧਾਂਤ ਹੀ ਇਹ ਸੀ ਕਿ ਧਰਮ ਦਾ ਸੱਚਾ ਮਾਰਗ ਹੀ ਜੀਵਨ ਦਾ ਸੱਚ ਹੈ ਤੇ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ।

ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ 'ਤੇ ਭਾਰਤ ਸਰਕਾਰ ਦੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਸਮੁੱਚੇ ਸਿੱਖ ਜਗਤ ਤੇ ਭਾਰਤ ਵਾਸੀਆਂ ਨੂੰ ਲਾਲ ਕਿਲੇ ਤੋਂ ਵਧਾਈ ਸੰਦੇਸ਼ ਦਿੰਦਿਆਂ, ਗੁਰੂ ਸਾਹਿਬ ਜੀ ਦੇ ਨਾਮ 'ਤੇ ਇਕ ਯਾਦਗਾਰੀ ਸਿੱਕਾ ਤੇ ਡਾਕ ਟਿਕਟ ਜਾਰ ਕਰਨ ਦਾ ਐਲਾਨ ਵੀ ਕੀਤਾ।

ਕੇਂਦਰੀ ਸਭਿਆਚਾਰਕ ਮੰਤਰਾਲੇ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਇਸ ਪਵਿੱਤਰ ਮੌਕੇ 'ਤੇ 400 ਰਾਗੀ ਸ਼ਬਦ ਕੀਰਤਨ ਵੀ ਕਰਨਗੇ। ਇਹ ਪ੍ਰੋਗਰਾਮ ਕੇਂਦਰੀ ਸਭਿਆਚਾਰਕ ਮੰਤਰਾਲੇ ਵੱਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਕਰਵਾਇਆ ਜਾਵੇਗਾ।

# ਲਖੀਮਪੁਰ ਖੇੜੀ ਹਿੰਸਾ ਮਾਮਲੇ 'ਚ ਆਸ਼ੀਸ਼ ਮਿਸ਼ਰਾ ਨੂੰ ਫਿਰ ਜਾਣਾ ਪਵੇਗਾ ਜੇਲ੍ਹ

**ਨਵੀਂ ਦਿੱਲੀ –** ਲਖੀਮਪੁਰ ਖੇੜੀ ਹਿੰਸਾ ਮਾਮਲੇ 'ਚ ਸੁਪਰੀਮ ਕੋਰਟ ਨੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰ ਦਿੱਤੀ ਹੈ। ਜ਼ਮਾਨਤ ਦੇਣ ਦੇ ਇਲਾਹਾਬਾਦ ਹਾਈ ਕੋਰਟ ਦੇ ਫ਼ੈਸਲੇ ਨੂੰ ਪਲਟਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਨੇ ਫੈਸਲਾ ਸੁਣਾਉਂਦੇ ਸਮੇਂ ਪੀੜਤ ਧਿਰ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਇਸ ਦੇ ਨਾਲ ਹੀ ਸਿਖਰਲੀ ਅਦਾਲਤ ਨੇ ਆਸ਼ੀਸ਼ ਨੂੰ ਇੱਕ ਹਫ਼ਤੇ ਦੇ ਅੰਦਰ ਆਤਮ ਸਮਰਪਣ ਕਰਨ ਲਈ ਕਿਹਾ ਹੈ। ਇਹ ਮਾਮਲਾ ਪਿਛਲੇ ਸਾਲ ਦਾ ਹੈ ਅਤੇ ਇਸ 'ਚ ਕਈ ਮੋੜ ਆ ਚੁੱਕੇ ਹਨ, ਆਓ ਜਾਣਦੇ ਹਾਂ 10 ਅੰਕਾਂ 'ਚ ਪੂਰਾ ਮਾਮਲਾ।ਲਖੀਮਪੁਰ ਹਿੰਸਾ ਦਾ ਮਾਮਲਾ ਪਿਛਲੇ ਸਾਲ ਉਦੋਂ ਸ਼ੁਰੂ ਹੋਇਆ ਸੀ ਜਦੋਂ ਦੇਸ਼ ਭਰ ਦੇ ਕਿਸਾਨ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਸਨ। ਇਸੇ ਕੜੀ 'ਚ ਲਖੀਮਪੁਰ 'ਚ ਵੀ ਕਿਸਾਨ ਪ੍ਰਦਰਸ਼ਨ ਕਰ ਰਹੇ ਸਨ, ਜਿਸ ਤੋਂ ਬਾਅਦ ਇਹ ਘਟਨਾ ਵਾਪਰੀ। ਪਿਛਲੇ ਸਾਲ 3 ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਦੇ ਇਲਾਕੇ ਦੇ ਦੌਰੇ ਦੌਰਾਨ ਲਖੀਮਪੁਰ ਤੋਂ ਕਰੀਬ 75 ਕਿ-ਲੋਮੀਟਰ ਦੂਰ ਟਿਕੁਨੀਆ ਪਿੰਡ ਵਿੱਚ ਹਿੰਸਾ ਹੋਈ ਸੀ। ਕੁਝ ਕਿਸਾਨ ਕੇਸ਼ਵ ਪ੍ਰਸਾਦ ਦੇ ਦੌਰੇ ਦਾ ਵਿਰੋਧ ਕਰ ਰਹੇ ਸਨ, ਜਿਸ 'ਤੇ ਤੇਜ਼ ਰਫਤਾਰ ਕਾਰ ਚੜ੍ਹ ਗਈ।ਇਸ ਘਟਨਾ ਵਿੱਚ ਗੁੱਸੇ ਵਿੱਚ ਆਏ ਕਿਸਾਨਾਂ ਵੱਲੋਂ ਇੱਕ ਡਰਾਈਵਰ ਅਤੇ ਦੋ ਭਾਜਪਾ ਵਰਕਰਾਂ ਨੂੰ ਕਾਰ ਵੱਲੋਂ ਕੁਚਲਣ ਤੋਂ ਬਾਅਦ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ।ਹਿੰਸਾ ਵਿੱਚ ਅੱਠ ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ ਚਾਰ ਕਿਸਾਨ ਅਤੇ ਚਾਰ ਹੋਰ ਸਨ। ਇਸ ਵਿੱਚ ਇੱਕ ਪੱਤਰਕਾਰ ਦੀ ਵੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ ਵੱਲੋਂ ਇਸ ਮਾਮਲੇ ਵਿੱਚ ਐਸਆਈਟੀ ਦਾ ਗਠਨ ਕੀਤਾ ਗਿਆ ਸੀ ਜਿਸ ਨੇ 5000 ਪੰਨਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਸੀ। ਐਸਆਈਟੀ ਨੇ ਆਸ਼ੀਸ਼ ਮਿਸ਼ਰਾ ਨੂੰ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਸੀ। ਚਾਰਜਸ਼ੀਟ 'ਚ ਸਪੱਸ਼ਟ ਸੀ ਕਿ ਆਸ਼ੀਸ਼ ਮੌਕੇ 'ਤੇ ਮੌਜੂਦ ਸੀ।ਆਸ਼ੀਸ਼ ਮਿਸ਼ਰਾ ਨੂੰ ਇਸ ਮਾਮਲੇ 'ਚ ਪੁਲਿਸ ਹਿਰਾਸਤ 'ਚ ਭੇਜ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਇਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਸੀ।

# ਪੰਜਾਬ ਸਰਕਾਰ ਨਸ਼ੇ ਦੀ ਸਮਗਲਿੰਗ ਰੋਕਣ ਲਈ ਨਸ਼ਾ-ਮੁਕਤੀ ਕੇਂਦਰਾਂ ਦੀ ਸਾਰ ਲਵੇ








**ਜਲੰਧਰ ਤੋਂ ਜੇ ਸਿੰਘ 'ਭਡਿਆਰ'**

ਨਸ਼ੇ ਭਾਵੇਂ ਹਰ ਉਮਰ ਵਰਗ ਦੇ ਵਿਅਕਤੀ ਕਰ ਰਹੇ ਹਨ ਪਰ ਨੌਜਵਾਨ ਪੀੜ੍ਹੀ ਵਿਚ ਇਹ ਰੁਝਾਨ ਸਭ ਤੋਂ ਵੱਧ ਹੈ। ਕਈ ਕੁੜੀਆਂ ਵੀ ਹੁਣ ਨਸ਼ੇ ਦੀਆਂ ਆਦੀ ਹੋ ਚੁੱਕੀਆਂ ਹਨ। ਫਿਕਰ ਤੇ ਚਿੰਤਾ ਵਾਲੀ ਗੱਲ ਇਹ ਹੈ ਕਿ ਨਸ਼ਿਆਂ ਦੀ ਓਵਰਡੋਜ਼ ਲੈਣ ਵਾਲੀਆਂ ਨੌਜਵਾਨ ਕੁੜੀਆਂ ਦੀ ਵੀ ਮੌਤ ਹੋਣ ਲੱਗੀ ਹੈ, ਜਿਸ ਲਈ ਜ਼ਿੰਮੇਵਾਰ ਸਾਡੀਆਂ ਸਰਕਾਰਾਂ ਹਨ। ਨਸ਼ਿਆਂ 'ਤੇ ਰਾਜਨੀਤੀ ਹੋ ਰਹੀ ਹੈ ਪਰ ਨਸ਼ਾ ਕਿਤੇ ਵੀ ਘਟਿਆ ਨਹੀਂ, ਸਗੋਂ ਪਹਿਲਾਂ ਨਾਲੋਂ ਜ਼ਿਆਦਾ ਵੱਧ ਗਿਆ ਹੈ। ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਅਸਲ 'ਚ ਨਸ਼ਿਆਂ ਦੇ ਮੁੱਦੇ ਨੂੰ ਅਜੇ ਤੱਕ ਗੰਭੀਰਤਾ ਨਾਲ ਨਹੀਂ ਲਿਆ। ਦੁੱਖ ਉਨ੍ਹਾਂ ਮਾਵਾਂ ਨੂੰ ਹੈ, ਜਿਨ੍ਹਾਂ ਦੇ ਪੁੱਤ ਨਸ਼ਿਆਂ 'ਚ ਰੁੜ੍ਹ ਗਏ। ਜੇਕਰ ਸਿਆਸੀ ਨੇਤਾ ਨਸ਼ੇ ਵੇਚਣ ਵਾਲਿਆਂ ਦਾ ਪੱਖ ਨਾ ਪੂਰਨ ਅਤੇ ਈਮਾਨਦਾਰੀ ਨਾਲ ਕੰਮ ਕਰਨ ਤਾਂ ਨਸ਼ਿਆਂ ਦੇ ਰੁਝਾਨ ਨੂੰ ਕੁਝ ਹੱਦ ਤੱਕ ਠੱਲ੍ਹ ਪੈ ਸਕਦੀ ਹੈ। ਪੰਜਾਬ ਵਿਚ ਨਸ਼ੇ ਦੀ ਲੱਤ ਨੌਜਵਾਨਾਂ ਅੰਦਰ ਇੱਥੋਂ ਤਕ ਵਧ ਗਈ ਹੈ ਕਿ ਉਹ ਨਸ਼ੇ ਦੀ ਪੂਰਤੀ ਲਈ ਨਸ਼ਾ ਛੁਡਾਊ ਕੇਂਦਰਾਂ ਤੋਂ ਮਿਲਦੀ ਦਵਾਈ ਨੂੰ ਪੀਸ ਕੇ ਪਾਣੀ ਵਿਚ ਘੋਲ ਕੇ ਟੀਕੇ ਬਣਾ ਕੇ ਲਗਾ ਰਹੇ ਹਨ, ਜਿਸ ਨਾਲ ਨੌਜਵਾਨ ਸਰੀਰਕ ਤੌਰ 'ਤੇ ਨਕਾਰਾ ਹੋ ਰਹੇ ਹਨ। ਅਜਿਹਾ ਹੀ ਇਕ ਮਾਮਲਾ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬਟਾਲਾ ਦੇ ਹਾਥੀ ਗੇਟ ਮੁਹੱਲੇ ਵਿਚ ਖੁੱਲ੍ਹੇ ਅਸਮਾਨ ਹੇਠ ਮਾਂ ਨਾਲ ਦਿਨ ਕਟੀ ਕਰ ਰਿਹਾ ਨੌਜਵਾਨ ਨਸ਼ੇ ਦੀ ਲਤ ਕਾਰਨ ਸਰੀਰਕ ਤੌਰ 'ਤੇ ਬੇਕਾਰ ਹੋ ਗਿਆ ਹੈ। ਗਾਂਧੀ ਕੈਂਪ ਦਾ ਰਹਿਣ ਵਾਲਾ ਰਾਜਾ ਆਪਣੀ ਮਾਂ ਸੁਰਜੀਤ ਕੌਰ ਨਾਲ ਪਿਤਾ ਦੀ ਮੌਤ ਤੋਂ ਬਾਅਦ ਆਪਣੀ ਭੈਣ ਦੇ ਘਰ ਹਾਥੀ ਗੇਟ ਵਿਖੇ ਰਹਿ ਰਿਹਾ ਸੀ ਅਤੇ ਇੱਥੇ ਹੀ ਨਸ਼ੇ ਦੀ ਆਦਤ ਬਹੁਤ ਜ਼ਿਆਦਾ ਵਧ ਜਾਣ ਕਾਰਨ ਉਸ ਦੀ ਭੈਣ ਨੇ ਉਸ ਨੂੰ ਅਤੇ ਮਾਂ ਸੁਰਜੀਤ ਕੌਰ ਨੂੰ ਘਰੋਂ ਕੱਢ ਦਿੱਤਾ, ਜਿਸ ਕਾਰਨ ਦੋਵੇਂ ਮਾਂ ਪੁੱਤ ਭਰ ਗਰਮੀ ਵਿਚ ਗਲੀ ਵਿਚ ਖੁੱਲ੍ਹੇ ਅਸਮਾਨ ਥੱਲੇ ਰਹਿ ਰਹੇ ਹਨ। ਰਾਜਾ ਨੇ ਦੱਸਿਆ ਕਿ ਉਹ ਮੈਡੀਕਲ ਨਸ਼ੇ ਦਾ ਆਦੀ ਹੋ ਗਿਆ ਹੈ ਅਤੇ ਹੋਰ ਨੌਜਵਾਨਾਂ ਦੇ ਨਾਲ ਮਿਲ ਕੇ ਟੀਕੇ ਲਗਾਉਣ ਲੱਗ ਪਿਆ ਸੀ। ਉਸ ਨੇ ਦੱਸਿਆ ਕਿ ਹੋਰਨਾਂ ਨੌਜਵਾਨਾਂ ਨਾਲ ਨਸ਼ੇ ਛੁਡਾਊ ਕੇਂਦਰਾਂ ਤੋਂ ਮਿਲਦੀ ਦਵਾਈ ਨੂੰ ਪੀ ਕੇ ਉਸ ਦਾ ਘੋਲ ਬਣਾ ਕੇ ਸਰਿੰਜ ਰਾਹੀਂ ਟੀਕਾ ਲਗਾਉਣ ਲੱਗ ਪਿਆ ਸੀ। ਉਸ ਨੇ ਅੱਗੇ ਦੱਸਿਆ ਕਿ ਉਸ ਟੀਕੇ ਨਾਲ ਕੁਝ ਚਿਰ ਪਹਿਲਾਂ ਉਸਦੀ ਲੱਤ, ਹੱਥ ਪੂਰੀ ਤਰ੍ਹਾਂ ਸੁੱਜ ਗਏ ਹਨ ਅਤੇ ਉਹ ਚੱਲਣ ਫਿਰਨ ਤੋਂ ਅਸਮਰੱਥ ਹੋ ਗਿਆ ਹੈ।

ਰਾਜੇ ਦੀ ਮਾਤਾ ਸੁਰਜੀਤ ਕੌਰ ਨੇ ਭਾਵੁਕ ਦੱਸਿਆ ਕਿ ਸਰਕਾਰਾਂ ਦੇ ਲੱਖ ਦਾਅਵਿਆਂ ਦੇ ਬਾਵਜੂਦ ਨਸ਼ੇ ਦਾ ਸੇਵਨ ਘਟਣ ਦੀ ਬਜਾਏ ਵਧ ਗਿਆ ਹੈ। ਉਸ ਨੇ ਭਰੇ ਮਨ ਨਾਲ ਦੱਸਿਆ ਕਿ ਨਸ਼ੇ ਮੈਂ ਉਸ ਦਾ ਇਕਲੌਤਾ ਪੁੱਤਰ ਨਕਾਰਾ ਕਰ ਦਿੱਤਾ ਹੈ।

ਸਰਬਜੀਤ ਕੌਰ ਨੇ ਦੱਸਿਆ ਕਿ ਉਹਨਾਂ ਦਾ ਖਾਣ ਪੀਣ ਲਈ ਕੁਝ ਨਹੀਂ ਹੈ ਅਤੇ ਉਹ ਨੇੜਲੇ ਬਾਬਾ ਮਹੇਸ਼ੀ ਦੇ ਡੇਰੇ ਤੋਂ ਆਪ ਵੀ ਲੰਗਰ ਛਕਦੀ ਹੈ ਅਤੇ ਆਪਣੇ ਪੁੱਤਰ ਰਾਜੇ ਲਈ ਵੀ ਰੋਟੀ ਲੈ ਆਉਂਦੀ ਹੈ। ਮਾਤਾ ਸੁਰਜੀਤ ਕੌਰ ਅਤੇ ਮੁਹੱਲਾ ਵਾਸੀਆਂ ਨੇ ਨਵੀਂ ਬਣੀ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਜ਼ਮੀਨੀ ਤੌਰ ਤੇ ਕੰਮ ਕੀਤਾ ਜਾਵੇ, ਤਾਂ ਜੋ ਨਸ਼ਿਆਂ ਨੂੰ ਠੱਲ੍ਹ ਪੈ ਸਕੇ ਅਤੇ ਰੁੜ੍ਹ ਰਹੀ ਜਵਾਨੀ ਬਚ ਸਕੇ।

ਹੁਣੇ ਜਿਹੇ ਲੁਧਿਆਣਾ ਵਿਚ 15 ਸਾਲਾਂ ਦਾ ਇਕ ਲੜਕਾ ਤਿੰਨ ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪਿਛਲੇ ਕੁਝ ਦਿਨਾਂ ਦੌਰਾਨ ਬਹੁਤ ਸਾਰੀਆਂ ਔਰਤਾਂ ਨੂੰ ਵੀ ਨਸ਼ਿਆਂ ਦੀ ਖੇਪ ਸਮੇਤ ਫੜਿਆ ਗਿਆ ਹੈ। ਇਹ ਨੈਤਿਕਤਾ ਅਤੇ ਕਿਰਦਾਰ ਦੇ ਨਿਘਾਰ ਦਾ ਸਿਖ਼ਰ ਹੈ ਕਿ ਨਸ਼ਿਆਂ ਦੇ ਸਮੱਗਲਰ ਹੁਣ ਧਨ ਕਮਾਉਣ ਦੀ ਅੰਨ੍ਹੀ ਦੌੜ ਵਿਚ ਬੱਚਿਆਂ ਅਤੇ ਔਰਤਾਂ ਨੂੰ ਵੀ ਆਪਣੇ ਸੌੜੇ ਹਿੱਤਾਂ ਲਈ ਵਰਤਣ ਤੋਂ ਬਾਜ਼ ਨਹੀਂ ਆ ਰਹੇ।

ਲੁਧਿਆਣਾ ਤੋਂ ਇਲਾਵਾ ਹੋਰਨਾਂ ਜ਼ਿਲ੍ਹਿਆਂ 'ਚ ਸਥਿਤ ਕਈ ਨਸ਼ਾ ਛੁਡਾਊ ਕੇਂਦਰਾਂ ਵਿਚ ਚੱਲ ਰਹੀਆਂ ਬੇਨਿਯਮੀਆਂ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਮਰੀਜ਼ਾਂ ਨੂੰ ਨਸ਼ੇ ਦੀਆਂ ਜ਼ਿਆਦਾ ਗੋਲ਼ੀਆਂ ਦੇਣ, ਉਨ੍ਹਾਂ ਨੂੰ ਬੰਧਕ ਬਣਾਉਣ ਜਿਹੀਆਂ ਸ਼ਿਕਾਇਤਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਸੂਬੇ ਦੇ ਕਈ ਨਸ਼ਾ ਛੁਡਾਊ ਕੇਂਦਰ ਦਵਾਈਆਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਚੰਡੀਗੜ੍ਹ ਤੋਂ ਸਪਲਾਈ ਹੋਣ ਵਾਲੀਆਂ ਦਵਾਈਆਂ ਪੁੱਜ ਹੀ ਨਹੀਂ ਰਹੀਆਂ।

ਅੰਮ੍ਰਿਤਸਰ ਵਿਚ ਸਥਿਤ ਵੇਅਰਹਾਊਸ ਤੋਂ ਅੰਮ੍ਰਿਤਸਰ, ਪਠਾਨਕੋਟ, ਤਰਨਤਾਰਨ, ਕਪੂਰਥਲਾ, ਗੁਰਦਾਸਪੁਰ, ਅਬੋਹਰ ਤੇ ਫ਼ਾਜ਼ਿਲਕਾ ਦੇ ਕੇਂਦਰਾਂ ਨੂੰ ਦਵਾਈਆਂ ਉਪਲਬਧ ਕਰਵਾਈਆਂ ਜਾਂਦੀਆਂ ਹਨ ਪਰ ਸਟਾਕ ਖ਼ਤਮ ਹੋਣ ਕਾਰਨ ਜ਼ਿਲ੍ਹਿਆਂ ਵਿਚ ਸਪਲਾਈ ਨਹੀਂ ਹੋ ਰਹੀ। ਇਸ ਨਾਲ ਸਿਹਤ ਵਿਭਾਗ ਤੇ ਸਰਕਾਰ ਦੀ ਲਾਪਰਵਾਹੀ ਸਾਹਮਣੇ ਆਉਂਦੀ ਹੈ। ਸੂਬੇ ਵਿਚ ਲਗਪਗ ਦੋ ਸੌ ਕੇਂਦਰ ਹਨ, ਜਿੱਥੇ ਨਸ਼ਾ ਛੁਡਾਉਣ ਵਾਲੀਆਂ ਦਵਾਈਆਂ ਸਬੰਧਤ ਪੀੜਤਾਂ ਨੂੰ ਦਿ-ੱਤੀਆਂ ਜਾਂਦੀਆਂ ਹਨ। ਸਰਕਾਰ ਨੂੰ ਤੁਰੰਤ ਇਸ ਮਾਮਲੇ ਪ੍ਰਤੀ ਗੰਭੀਰਤਾ ਵਿਖਾਉਂਦਿਆਂ ਦਵਾਈਆਂ ਦੀ ਵਿਵਸਥਾ ਕਰਨ ਲਈ ਲੋੜੀਂਦੇ ਕਦਮ ਚੁੱਕਣੇ ਹੋਣਗੇ। ਸੂਬੇ ਵਿਚ ਹਰ ਤਰ੍ਹਾਂ ਦੇ ਨਸ਼ੇ ਦੀ ਸਮੱਗਲਿੰਗ ਰੋਕਣ ਦੇ ਨਾਲ ਹੀ ਨਸ਼ਾ-ਮੁਕਤੀ ਕੇਂਦਰਾਂ ਦੀ ਸਾਰ ਲੈਣੀ ਵੀ ਜ਼ਰੂਰੀ ਹੈ।

ਪੰਜਾਬ ਵਿਚ ਕਿਸੇ ਵੇਲੇ ਕਿਤੇ ਵੀ ਗੋਲ਼ੀਆਂ ਦੀ ਵਾਛੜ ਕਰ ਕੇ ਲੋਕਾਂ ਦੇ ਕਤਲ ਕੀਤੇ ਜਾ ਰਹੇ ਹਨ? ਆਖ਼ਰ ਆਮ ਲੋਕਾਂ ਤਕ ਨਸ਼ੇ ਤੇ ਹਥਿਆਰ ਇੰਨੀ ਆਸਾਨੀ ਨਾਲ ਕਿਵੇਂ ਪੁੱਜ ਰਹੇ ਹਨ।

ਲੁਧਿਆਣਾ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿਚ ਨੌਜਵਾਨ ਦੀ ਮੌਤ ਦਾ ਮਾਮਲਾ ਵੀ ਬੇਹੱਦ ਗੰਭੀਰ ਹੈ। ਬੇਸ਼ੱਕ ਪੁਲਿਸ ਨੇ ਹਸਪਤਾਲ ਨੂੰ ਸੀਲ ਕਰ ਕੇ ਡਾਕਟਰ ਵਿਰੁੱਧ ਕੇਸ ਦਰਜ ਕਰ ਲਿਆ ਹੈ ਪਰ ਸਭ ਤੋਂ ਵੱਡਾ ਸਵਾਲ ਹੈ ਕਿ ਹਸਪਤਾਲ ਵਿਚ ਦਾਖ਼ਲ ਹੋਣ ਤੋਂ ਬਾਅਦ ਨੌਜਵਾਨ ਨੂੰ ਸ਼ਰਾਬ ਕਿਵੇਂ ਉਪਲਬਧ ਹੁੰਦੀ ਰਹੀ?

ਨੌਜਵਾਨ ਦੇ ਆਪਣੇ ਨੇੜਲੇ ਰਿਸ਼ਤੇਦਾਰਾਂ ਦਾ ਦੋਸ਼ ਹੈ ਕਿ ਸ਼ਰਾਬ ਲਈ ਪੈਸੇ ਆਨਲਾਈਨ ਟਰਾਂਸਫਰ ਕੀਤੇ ਗਏ ਹਨ, ਇਸ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਇਸ ਮਾਮਲੇ ਦੀ ਬੇਹੱਦ ਡੂੰਘਾਈ ਨਾਲ ਜਾਂਚ ਬਹੁਤ ਜ਼ਰੂਰੀ ਹੈ। ਅਜਿਹੀਆਂ ਗੱਲਾਂ ਸਾਹਮਣੇ ਆਉਣ ਤੋਂ ਬਾਅਦ ਲੋਕਾਂ ਦਾ ਨਸ਼ਾ ਛੁਡਾਊ ਕੇਂਦਰਾਂ ਉੱਤੋਂ ਭਰੋਸਾ ਹੀ ਖ਼ਤਮ ਹੋਣ ਲੱਗ ਪਵੇਗਾ।

# ਬ੍ਰਿਸਬੇਨ ਵਿਖੇ ਫਿਰ ਮਿਲਣ ਦੇ ਵਾਅਦੇ ਨਾਲ "34ਵੀਆਂ ਆਸਟ੍ਰੇਲੀਆਈ ਸਿੱਖ ਖੇਡਾਂ" ਹੋਈਆਂ ਧੂਮ ਧੜੱਕੇ ਨਾਲ ਸਮਾਪਤ

**ਹਾਕੀ ਪਨ ਵਿੱਚ ਮੈਲਬੋਰਨ ਯੂਨਾਈਟਿਡ ਕਲੱਬ ਅਤੇ ਮਾਸਟਰਜ਼ ਅਤੇ ਜੂਨੀਅਰ ਵਿੱਚ ਸਿਡਨੀ ਦੀਆਂ ਹਾਕੀ ਕਲੱਬਾਂ ਰਹੀਆਂ ਜੇਤੂ**
**ਕਬੱਡੀ ਵਿੱਚ ਬਾਬਾ ਦੀਪ ਸਿੰਘ ਕਲੱਬ ਵੂਲਗੂਲਗਾ ਅਤੇ ਟੈਨਿਸ ਵਿੱਚ ਹਰਦੀਪ ਮਾਨ ਦਾ ਰਿਹਾ ਜੇਤੂ ਦਬਦਬਾ**










34ਵੀਆਂ ਆਸਟਰੇਲਿਆਈ ਸਿੱਖ ਖੇਡਾਂ ਸਮਾਜ ਨੂੰ ਇਕ ਨਵਾਂ ਸੁਨੇਹਾ ਦੇਂਦੀਆਂ ਹੋਈਆਂ ਅਗਲੇ ਵਰ੍ਹੇ 2023 ਵਿੱਚ ਬ੍ਰਿਸਬੇਨ ਵਿਖੇ ਮਿਲਣ ਦੇ ਵਾਅਦੇ ਨਾਲ ਧੂਮ ਧੜੱਕੇ ਨਾਲ ਸਮਾਪਤ ਹੋਈਆਂ। ਪੰਜਾਬੀਆਂ ਦੇ ਮਾਣ ਸਤਿਕਾਰ ਨਾਲ ਸਜੇ ਕਸਬੇ ਵੂਲਗੁਲਗਾ ਵਿਖੇ 34ਵੀਆਂ ਸਿੱਖ ਖੇਡਾਂ ਨੇ ਇਕ ਇਤਿਹਾਸ ਦਾ ਨਵਾਂ ਪੰਨਾ ਸਿਰਜਿਆ । ਇਨ੍ਹਾਂ ਖੇਡਾਂ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ ,ਮਲੇਸ਼ੀਆ, ਇੰਗਲੈਂਡ ਭਾਰਤ ਤੋਂ ਇਲਾਵਾ ਵੱਖ ਵੱਖ ਮੁਲਕਾਂ ਤੋਂ ਵੱਡੀ ਗਿਣਤੀ ਵਿੱਚ ਖਿਡਾਰੀ, ਖੇਡ ਪ੍ਰੇਮੀ , ਮਹਿਮਾਨ ਅਤੇ ਪ੍ਰਬੰਧਕਾਂ ਨੇ ਆਪਣੀ ਸ਼ਮੂਲੀਅਤ ਕੀਤੀ ।





ਪੰਜਾਬੀਆਂ ਦੀ ਮਕਬੂਲ ਖੇਡ ਕੱਬਡੀ ਆਸਟ੍ਰੇਲੀਅਨ ਸਿੱਖ ਖੇਡਾਂ ਵਿੱਚ ਮੁੱਖ ਆਕਰਸ਼ਣ ਰਹੀ । ਕਬੱਡੀ ਦੇ ਫਾਈਨਲ ਮੁਕਾਬਲੇ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ ਵੂਲਗੂਲਗਾ ਨੇ ਕਿੰਗਜ਼ ਕਬੱਡੀ ਕਲੱਬ ਮੈਲਬੌਰਨ ਨੂੰ 29-18 ਅੰਕਾਂ ਨਾਲ ਹਰਾਇਆ । ਦੁਨੀਆਂ ਦੀ ਕਬੱਡੀ ਦਾ ਧੜੱਲੇਦਾਰ ਜਾਫ਼ੀ ਪਾਲਾ ਜਲਾਲਪੁਰ ਅਤੇ ਘੁੱਦਾ ਕਾਲਾਸੰਘਿਆ ਸਰਵੋਤਮ ਸਟੌਪਰ ਬਣੇ ਜਦਕਿ ਸੰਦੀਪ ਸਲਤਾਨ ਆਸਟ੍ਰੇਲੀਅਨ ਸਿੱਖ ਖੇਡਾਂ ਦਾ ਸਭ ਤੋਂ ਵਧੀਆ ਧਾਵੀ ਚੁਣਿਆ ਗਿਆ ।

ਕਬੱਡੀ ਤੋਂ ਬਾਅਦ ਪੰਜਾਬੀਆਂ ਦੀ ਚਹੇਤੀ ਖੇਡ ਹਾਕੀ ਦਾ ਆਸਟ੍ਰੇਲੀਆਈ ਸਿੱਖ ਖੇਡਾਂ ਵਿੱਚ ਪੂਰੀ ਤਰ੍ਹਾਂ ਦਬਦਬਾ ਰਿਹਾ। ਹਾਕੀ ਓਪਨ ਦੇ ਫਾਈਨਲ ਮੁਕਾਬਲੇ ਵਿਚ ਮੈਲਬੌਰਨ ਯੂਨਾਈਟਿਡ ਹਾਕੀ ਕਲੱਬ ਨੇ ਨਿਊ ਸਾਊਥ ਵੇਲਜ਼ ਹਾਕੀ ਕਲੱਬ ਸਿਡਨੀ ਨੂੰ 5-0 ਗੋਲਾਂ ਨਾਲ ਹਰਾ ਕੇ ਜੇਤੂ ਟਰਾਫੀ ਆਪਣੇ ਕਬਜ਼ੇ ਹੇਠ ਕੀਤੀ ਜਦ ਕਿ ਮਾਸਟਰਜ਼ ਹਾਕੀ ਮੁਕਾਬਲੇ ਵਿਚ ਸਿਡਨੀ ਲਾਇਨਜ਼ ਹਾਕੀ ਕਲੱਬ ਨੇ ਨਿਊ ਸਾਊਥ ਵੇਲਜ਼ ਸਿਡਨੀ ਨੂੰ ਕਰੜੇ ਮੁਕਾਬਲੇ ਵਿੱਚ 2 -1 ਗੋਲਾਂ ਨਾਲ ਹਰਾਇਆ ਬੱਚਿਆਂ ਦੇ ਜੂਨੀਅਰ ਹਾਕੀ ਮੁਕਾਬਲਿਆਂ ਵਿਚ ਸਿਡਨੀ ਦਾ ਪੂਰੀ ਤਰ੍ਹਾਂ ਜੇਤੂ ਦਬਦਬਾ ਰਿਹਾ ਸਿਡਨੀ ਦੀਆਂ ਦੋਵੇਂ ਕਲੱਬਾਂ ਜੇਤੂ ਅਤੇ ਉਪ ਜੇਤੂ ਬਣੀਆ। ਸਿਡਨੀ ਲੁਇਜ਼ ਹਾਕੀ ਕਲੱਬ ਦੇ ਬੱਚਿਆਂ ਦਾ ਹਾਕੀ ਹੁਨਰ ਸਿਰ ਚੜ੍ਹ ਕੇ ਬੋਲਿਆ ਖਾਸ ਕਰਕੇ ਜ਼ਿਆਦਾਤਰ ਕੇਸਧਾਰੀ ਖਿਡਾਰੀਆਂ ਦੀ ਆਮਦ ਹਾਕੀ ਮੁਕਾਬਲਿਆਂ ਵਿੱਚ ਮੁੱਖ ਖਿੱਚ ਦਾ ਕੇਂਦਰ ਰਹੀ । ਇਸ ਤੋਂ ਇਲਾਵਾ ਟੈਨਿਸ ਦੇ ਸਿੰਗਲਜ਼ ਅਤੇ ਡਬਲਜ਼ ਮੁਕਾਬਲੇ ਵਿਚ ਫ਼ਰੀਦਕੋਟੀਆਂ ਹਰਦੀਪ ਸਿੰਘ ਮਾਨ ਪੂਰੀ ਤਰ੍ਹਾਂ ਆਸਟ੍ਰੇਲੀਆਈ ਸਿੱਖ ਖੇਡਾਂ ਵਿੱਚ ਛਾਇਆ ਰਿਹਾ । ਇਸ ਤੋਂ ਇਲਾਵਾ ਆਸਟ੍ਰੇਲੀਅਨ ਸਿੱਖ ਖੇਡਾਂ ਵਿੱਚ ਨੈੱਟਬਾਲ ਕੁਸ਼ਤੀ ਫੁੱਟਬਾਲ ਅਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਰਹੇ । 7 ਲੱਖ ਦੇ ਕਰੀਬ ਬਜਟ ਵਾਲੀਆਂ ਆਸਟ੍ਰੇਲੀਆਈ ਸਿੱਖ ਖੇਡਾਂ ਵਿੱਚ ਕੁੱਲ 180 ਦੇ ਕਰੀਬ ਟੀਮਾਂ ਨੇ ਹਿੱਸਾ ਲਿਆ । ਜਿਨ੍ਹਾਂ ਵਿੱਚ 3 ਹਜ਼ਾਰ ਖਿਡਾਰੀਆਂ ਨੇ ਵੱਖ ਵੱਖ ਖੇਡਾਂ ਵਿਚ ਆਪਣੇ ਖੇਡ ਹੁਨਰ ਦਾ ਲੋਹਾ ਮਨਵਾਇਆ ।

ਆਸਟ੍ਰੇਲੀਅਨ ਸਿੱਖ ਖੇਡਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਪ੍ਰਧਾਨ ਦਲਜੀਤ ਸਿੰਘ ਧਾਮੀ , ਕੌਮੀ ਪ੍ਰਧਾਨ ਸਰਬਜੀਤ ਸਿੰਘ ਢਿੱਲੋਂ ,ਮੀਤ ਪ੍ਰਧਾਨ ਰੌਕੀ ਭੁੱਲਰ, ਜਨਰਲ ਸਕੱਤਰ ਜਗਦੀਪ ਸਿੰਘ ਭਿੰਡਰ, ਗੁਰਜੀਤ ਸਿੰਘ , ਕਲਚਰਲ ਕੋਆਰਡੀਨੇਟਰ ਰਨਦੀਪ ਜੌਹਲ ,ਸ਼ਰਬਜੀਤ ਸਿੰਘ ਢਿੱਲੋਂ ਪ੍ਰਧਾਨ ,ਰੁਪਿੰਦਰ ਸਿੰਘ ਬਰਾੜ , ਕਲਚਰਲ ਕਮੇਟੀਆਂ ਦੇ ਕੋਆਰਡੀਨੇਟਰ ਮਨਜੀਤ ਸਿੰਘ ਲਾਲੀ ਬੋਪਾਰਾਏ, ਪਰਮਵੀਰ ਸਿੰਘ ਸੰਘਾ ,ਗਰਦਿਆਲ ਰਾਏ ਸਾਬੀ ਘੁੰਮਣ ,ਨਵਤੇਜ ਤੇਜਾ , ਬਾਬਾ ਨਰਾਇਣ ਸਿੰਘ ਗਰੇਵਾਲ, ਉੱਘੇ ਖੇਡ ਕੁਮੈਂਟੇਟਰ ਰਣਜੀਤ ਸਿੰਘ ਖੇੜਾ ਇਲਾਵਾ ਹੋਰ ਪੰਜਾਬੀ ਭਾਈਚਾਰੇ ਦਾ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਆਏ ਮਹਿਮਾਨਾਂ ਦਾ ਵੱਡਾ ਸਹਿਯੋਗ ਰਿਹਾ। ਆਸਟਰੇਲਿਆਈ ਸਿੱਖ ਖੇਡਾਂ ਦੌਰਾਨ ਸਰਕਾਰੇ ਦਰਬਾਰੇ ਦੇ ਅਧਿਕਾਰੀ, ਚੁਣੇ ਹੋਏ ਨੁਮਾਇੰਦੇ, ਆਸਟ੍ਰੇਲੀਆ ਵਸਦੇ ਗੋਰੇ ਅਤੇ ਹੋਰ ਮਹਿਮਾਨਾਂ ਨੇ ਵੱਡੇ ਰੂਪ ਵਿੱਚ ਸ਼ਿਰਕਤ ਕੀਤੀ ।

**ਅਗਲੇ ਵਰ੍ਹੇ 2023 ਦੀਆਂ ਆਸਟ੍ਰੇਲੀਅਨ ਸਿੱਖ ਖੇਡਾਂ ਬ੍ਰਿਸਬੇਨ ਵਿਖੇ ਹੋਣਗੀਆਂ**

ਆਸਟ੍ਰੇਲੀਆਈ ਸਿੱਖ ਖੇਡਾਂ ਦੇ ਬਣੇ ਵਿਧੀ ਵਿਧਾਨ ਮੁਤਾਬਕ ਅਗਲੇ ਵਰ੍ਹੇ ਦੀਆਂ ਆਸਟ੍ਰੇਲੀਅਨ ਸਿੱਖ ਖੇਡਾਂ ਕਿਊਨਜ਼ਲੈਂਡ ਸਟੇਟ ਨੂੰ ਅਲਾਟ ਹੋਈਆਂ ਹਨ। ਇਹ ਖੇਡਾਂ ਅਪ੍ਰੈਲ ਮਹੀਨੇ ਦੇ ਈਸਟ ਹਫ਼ਤੇ ਦੌਰਾਨ ਬ੍ਰਿਸਬੇਨ ਵਿਖੇ ਹੋਣਗੀਆਂ ਯਾਦ ਰਹੇ ਬ੍ਰਿਸਬੈਨ ਉਹ ਸ਼ਹਿਰ ਹੈ ਜਿੱਥੇ 2032 ਦੀਆਂ ਓਲੰਪਿਕ ਖੇਡਾਂ ਹੋਣੀਆਂ ਹਨ । ਆਸਟ੍ਰੇਲੀਆ ਵੱਸਦੇ ਪੰਜਾਬੀਆਂ ਵੱਲੋਂ ਆਸਟ੍ਰੇਲੀਅਨ ਸਿੱਖ ਖੇਡਾਂ ਦੇ ਆਰੰਭੇ ਉਪਰਾਲੇ ਦੀ ਸ਼ਲਾਘਾ ਹਮੇਸ਼ਾਂ ਦੁਨੀਆਂ ਭਰ ਵਿੱਚ ਹੁੰਦੀ ਰਹੇਗੀ ਉਹ ਦਿਨ ਵੀ ਦੂਰ ਨਹੀਂ ਹਨ ਜਦੋਂ ਆਸਟ੍ਰੇਲੀਅਨ ਸਿੱਖ ਖੇਡਾਂ ਦਾ ਮੁਕਾਮ ਵੀ ਦੁਨੀਆਂ ਵਿੱਚ ਅੰਤਰਰਾਸ਼ਟਰੀ ਓਲੰਪਿਕ ਖੇਡਾਂ ਦੇ ਮਕਾਮ ਵਾਂਗ ਹੀ ਦੁਨੀਆ ਭਰ ਵਿਚ ਚਮਕੇਗਾ ।
ਵਾਹਿਗੁਰੂ ਭਲੀ ਕਰੇ, ਰੱਬ ਰਾਖਾ ।

(21 ਅਪ੍ਰੈਲ 'ਤੇ ਵਿਸ਼ੇਸ)

# ਤੇਗ ਬਹਾਦਰ ਸਿਮਰਿਓ.........



ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਹਿੱਤ ਆਪਾ ਨਿਛਾਵਰ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ ਪਹਿਲੀ ਅਪ੍ਰੈਲ 1621 ਈ. ਨੂੰ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ।ਆਪ ਆਪਣੇ ਪੰਜ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੀ ਥਾਂ 'ਤੇ ਸਨ।ਬਚਪਨ ਤੋਂ ਹੀ ਆਪ ਸਾਧੂ ਸੁਭਾਅ, ਸੋਚਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ। ਗੁਰਮਤਿ ਦੇ ਗੁਰ ਹਾਸਲ ਕਰਨ ਦੇ ਨਾਲ-ਨਾਲ ਆਪ ਨੇ ਯੁੱਧ ਕਲਾ ਦੇ ਦਾਅ ਵੀ ਸਿੱਖ ਲਏ। ਗੁਰਮਤਿ ਦੇ ਗਿਆਤਾ ਹੋਣ ਦੇ ਨਾਲ ਹੀ ਆਪ ਜੰਗੀ ਪੈਂਤੜਿਆਂ ਤੋਂ ਵੀ ਪੂਰੀ ਤਰ੍ਹਾਂ ਜਾਣਕਾਰ ਹੋ ਗਏ। ਗੁਰੂ ਪਿਤਾ ਵੱਲੋਂ ਬਖਸ਼ਿਆ ਸੰਤ ਤੇ ਸਿਪਾਹੀ ਦਾ ਸੰਕਲਪ (ਗੁਰੂ) ਤੇਗ ਬਹਾਦਰ ਜੀ ਦੀ ਸਖਸ਼ੀਅਤ ਵਿੱਚ ਪੂਰਨ ਰੂਪ ਵਿੱਚ ਉਜਾਗਰ ਹੋਣ ਲੱਗਾ। ਇਸ ਸੰਕਲਪ ਸਦਕਾ ਹੀ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਦੀ ਜੰਗ ਸਮੇਂ ਸੰਤ (ਤਿਆਗ ਮੱਲ) ਤੋਂ ਸਿਪਾਹੀ (ਤੇਗ ਬਹਾਦਰ) ਤੱਕ ਦਾ ਸਫਰ ਤੈਅ ਕੀਤਾ ਸੀ। ਦੁਸ਼ਮਣਾਂ ਨਾਲ ਦੋ ਹੱਥ ਕਰਨ ਤੋਂ ਬਾਅਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸੰਨ 1635 ਦੇ ਜੇਠ ਮਹੀਨੇ ਵਿੱਚ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਗਏ। ਨੌਵੇਂ ਪਾਤਸ਼ਾਹ ਸ੍ਰੀ (ਗੁਰੂ) ਤੇਗ ਬਹਾਦਰ ਵੀ ਉਨ੍ਹਾਂ ਦੀ ਸੰਗਤ ਵਿੱਚ ਸਨ।ਸ੍ਰੀ ਕੀਰਤਪੁਰ ਸਾਹਿਬ ਵਿੱਚ ਲੱਗਭੱਗ ਇੱਕ ਦਹਾਕੇ ਦਾ ਸਮਾਂ ਗੁਜਾਰਨ ਕਰਕੇ ਨੌਵੇਂ ਪਾਤਸ਼ਾਹ ਉੱਪਰ ਗੁਰ-ਮਰਿਯਾਦਾ ਦਾ ਪੂਰਾ ਪ੍ਰਭਾਵ ਪੈ ਚੁੱਕਾ ਸੀ। ਇਸ ਪ੍ਰਭਾਵ ਸਦਕਾ ਉਨ੍ਹਾਂ ਦਾ ਦਿਲ ਦਰਦਵੰਦਾਂ ਅਤੇ ਲੋੜਵੰਦਾਂ ਲਈ ਧੜਕਣ ਲੱਗ ਪੈਂਦਾ ਸੀ। ਗਰੀਬ-ਗੁਰਬੇ ਦੀ ਮਦਦ ਲਈ ਆਪ ਹਮੇਸ਼ਾਂ ਹੀ ਯਤਨਸ਼ੀਲ ਰਹਿੰਦੇ ਸਨ। ਉਨ੍ਹਾਂ ਦੀ ਇਸ ਯਤਨਸ਼ੀਲਤਾ ਨੂੰ ਦੇਖ ਕੇ ਜਿੱਥੇ ਗੁਰੂ ਪਿਤਾ ਜੀ ਪ੍ਰਸੰਨ-ਚਿੱਤ ਰਹਿੰਦੇ ਸਨ, ਉੱਥੇ ਨਾਲ ਹੀ ਗੁਰੂ ਨਾਨਕ ਦੇ ਘਰ ਦੀ ਵਡੇਰੀ ਜ਼ਿੰਮੇਵਾਰੀ (ਗੁਰਗੱਦੀ) ਨੂੰ ਸੰਭਾਲਣ ਦੇ ਯੋਗ ਵੀ ਸਮਝਦੇ ਸਨ।ਸ੍ਰੀ ਗੁਰੂ ਹਰਗੋਬਿੰਦ ਜੀ ਨੇ 1644 ਈ. ਨੂੰ ਆਪਣੇ ਪਰਿਵਾਰ (ਮਾਤਾ ਨਾਨਕੀ ਜੀ ਅਤੇ ਸਾਹਿਬਜ਼ਾਦਾ ਤੇਗ ਬਹਾਦਰ ਜੀ) ਨੂੰ ਬਕਾਲੇ ਨਗਰ ਦੀ ਧਰਤੀ ਨੂੰ ਭਾਗ ਲਗਾਉਣ ਲਈ ਕਿਹਾ।ਗੁਰੂ ਪਿਤਾ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਸ੍ਰੀ (ਗੁਰੂ) ਤੇਗ ਬਹਾਦਰ ਜੀ ਆਪਣੀ ਮਾਤਾ ਅਤੇ ਪਤਨੀ (ਮਾਤਾ ਗੁਜਰੀ ਜੀ) ਸਮੇਤ ਬਕਾਲੇ ਆ ਗਏ।ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ।ਬਕਾਲੇ ਪਹੁੰਚਣ ਸਮੇਂ (ਗੁਰੂ) ਤੇਗ ਬਹਾਦਰ ਸਾਹਿਬ ਜੀ ਦੀ ਉਮਰ 20 ਕੁ ਸਾਲ ਦੇ ਕਰੀਬ ਸੀ।ਜੋਬਨ ਕਾਲ ਹੋਣ ਦੇ ਬਾਵਜੂਦ ਵੀ ਆਪਣੇ ਸੰਸਾਰਿਕਤਾ ਨਾਲੋਂ ਅਧਿਆਤਮਕਤਾ ਵੱਲ ਵਧੇਰੇ ਰੁਚਿਤ ਸਨ। ਸੇਵਾ ਤੇ ਸਿਮਰਨ ਦੇ ਨਾਲ-ਨਾਲ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਸਨ।ਇੱਥੇ ਰਹਿੰਦਿਆਂ ਕਈ ਗੁਰਸਿੱਖ ਸੱਜਣ ਉਨ੍ਹਾਂ ਨਾਲ ਮਿਲਾਪ ਲਈ ਵੀ ਆਇਆ ਕਰਦੇ ਸਨ। ਪ੍ਰਸ਼ਾਦੇ-ਪਾਣੀ ਦੀ ਸੇਵਾ ਤੋਂ ਬਾਅਦ ਗੁਰੂ ਕੀਆਂ ਅਕੱਥ ਕਹਾਣੀਆਂ ਛੋਹੀਆਂ ਜਾਂਦੀਆਂ ਸਨ। ਇੱਕ ਵਾਰੀ ਇੱਕ ਗੁਰਸਿੱਖ ਪਿਆਰੇ ਨੇ (ਗੁਰੂ) ਤੇਗ ਬਹਾਦਰ ਜੀ ਤੋਂ ਪੁੱਛਿਆ ਕਿ ਰੱਬ ਦੇ ਪਿਆਰਿਆਂ-ਭਗਤਾਂ ਨੂੰ ਕਸ਼ਟ ਕਿਉਂ ਆਉਂਦੇ ਹਨ? ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜਵਾਬ ਸੀ ਕਿ ਦੁਨੀਆਂ ਦੀ ਅਸਲੀਅਤ ਦੁੱਖਾਂ ਵਿੱਚ ਜਲਦੀ ਸਮਝ ਆ ਜਾਂਦੀ ਹੈ। ਸਾਨੂੰ ਦੁੱਖਾਂ ਨੂੰ ਉਸ ਦੀ ਦਾਤ ਹੀ ਸਮਝਣਾ ਚਾਹੀਦਾ ਹੈ।ਇੱਕ ਸੇਵਕ ਵੱਲੋਂ ਜਦੋਂ ਭਗਤੀ ਦੇ ਪੜਾਵਾਂ ਬਾਬਤ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਪਹਿਲਾ ਪੜਾਅ ਹੈ, ਉਸ ਵੱਲੋਂ ਚਿੱਤ ਹਟਾਉਣਾ, ਜੋ ਅਕਾਲ ਪੁਰਖ ਵੱਲੋਂ ਚਿੱਤ ਹਟਾਏ।ਦੂਜਾ ਪੜਾਅ ਸਭ ਕੁੱਝ ਨੂੰ ਭੁੱਲ ਭੁਲਾ ਕੇ ਉਸ ਪਰਮ ਪਿਤਾ ਨਾਲ ਪ੍ਰੇਮ ਕਰਨਾ ਹੈ। ਤੀਜਾ ਪੜਾਅ ਉੱਠਦਿਆਂ-ਬੈਠਦਿਆਂ ਉਸ ਵਾਹਿਗੁਰੂ ਦੀ ਯਾਦ ਨੂੰ ਆਪਣੇ ਹਿਰਦੇ ਦਾ ਸ਼ਿੰਗਾਰ ਬਣਾ ਕੇ ਰੱਖਣਾ ਹੁੰਦਾ ਹੈ। ਜਦੋਂ (ਗੁਰੂ) ਤੇਗ ਬਹਾਦਰ ਜੀ ਬਕਾਲਾ ਨਗਰ ਤੋਂ ਆਪਣੇ ਸਾਲੇ ਭਾਈ ਕ੍ਰਿਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਜਾਂਦੇ ਤਾਂ ਉਹ ਸੱਤਵੇਂ ਪਾਤਸ਼ਾਹ ਸ੍ਰੀ ਹਰਿ ਰਾਏ ਸਾਹਿਬ ਦੇ ਦਰਬਾਰ ਦੀ ਹਾਜ਼ਰੀ ਵੀ ਭਰਦੇ ਸਨ।ਗੁਰੂ ਘਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਦੇਖ ਕੇ ਸੱਤਵੇਂ ਪਾਤਸ਼ਾਹ ਨੇ (ਗੁਰੂ) ਤੇਗ ਬਹਾਦਰ ਸਾਹਿਬ ਨੂੰ 1656 ਈ. ਵਿੱਚ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪੂਰਬੀ ਪ੍ਰਾਂਤਾਂ ਵਿੱਚ ਗੁਰਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਗੁਰੂ ਘਰਾਂ ਦੇ ਪ੍ਰੀਤਵਾਨਾਂ ਦਾ ਇੱਕ ਪ੍ਰਚਾਰਕ ਜੱਥਾ ਤਿਆਰ ਕਰ ਲਿਆ।ਇਸ ਜੱਥੇ ਨੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਬਾਬੇਕਿਆਂ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਬਹੁਤ ਹੀ ਲਗਨ ਅਤੇ ਮਿਹਨਤ ਨਾਲ ਪੁੱਜਦਿਆਂ ਕੀਤਾ।

ਅੱਠਵੇਂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਪਣੇ ਜੋਤੀ-ਜੋਤ (30 ਮਾਰਚ 1664 ਈ.) ਸਮਾਉਣ ਤੋਂ ਇੱਕ ਦਿਨ ਪਹਿਲੇ ਗੁਰਤਾ-ਗੱਦੀ ਦੀ ਸੌਂਪਣਾ ਆਦਿ ਆਪਣੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਦੇ ਸ਼ਬਦਾਂ ਨਾਲ ਕਰ ਗਏ ਸਨ,ਪਰ ਇਸ ਐਲਾਨ ਦਾ ਵੱਡੀ ਪੱਧਰ 'ਤੇ ਪ੍ਰਚਾਰ ਨਾ ਹੋਣ ਕਰਕੇ ਇਸ ਮੌਕੇ ਦਾ ਲਾਭ ਕਈ ਸਵਾਰਥੀ ਅਤੇ ਭੇਖਧਾਰੀ ਲੋਕਾਂ ਨੇ ਵੀ ਲੈਣਾ ਚਾਹਿਆ। ਉਹ ਬਾਬਾ ਬਕਾਲਾ ਸਾਹਿਬ ਵਿਖੇ ਆਪੋ-ਆਪਣੀਆਂ ਗੱਦੀਆਂ ਲਗਾ ਕੇ ਬੈਠ ਗਏ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੇ ਸੱਚੇ ਵਾਰਸ ਹੋਣ ਦਾ ਢਕਵੰਜ ਕਰਨ ਲੱਗ ਗਏ। ਇਨ੍ਹਾਂ ਢਕਵੰਜੀਆਂ ਵਿੱਚ ਧੀਰਮੱਲ ਜੋ ਕਿ ਗੁਰੂ ਹਰਕ੍ਰਿਸ਼ਨ ਜੀ ਦਾ ਚਾਚਾ ਲੱਗਦਾ ਸੀ, ਸਭ ਤੋਂ ਅੱਗੇ ਸੀ। ਇਸ ਤਰ੍ਹਾਂ ਇਨ੍ਹਾਂ ਨਕਲਧਾਰੀ ਗੁਰੂਆਂ ਦੀ ਤਾਦਾਦ 22 ਦੇ ਕਰੀਬ ਪਹੁੰਚ ਗਈ। ਸਿੱਖ ਸੰਗਤਾਂ ਲਈ ਇਹ ਸਮਾਂ ਜਿੱਥੇ ਇੱਕ ਇਮਤਿਹਾਨ ਦਾ ਸਮਾਂ ਸੀ,ਉੱਥੇ ਨਾਲ ਹੀ ਸਿਦਕਦਿਲੀ ਅਤੇ ਸਮਝਦਾਰੀ ਤੋਂ ਕੰਮ ਲੈਣ ਦਾ ਵਕਤ ਵੀ ਸੀ। ਇਹ ਸਮਝਦਾਰੀ ਦਾ ਸਬੂਤ ਗੁਰੂ-ਘਰ ਦੇ ਇੱਕ ਧਨੀ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਦਿੱਤਾ ਗਿਆ। 1664 ਈ. ਦੀ ਦੀਵਾਲੀ ਮੌਕੇ ਗੁਰੂ ਨਾਨਕ ਦਰਬਾਰ ਦਾ ਇਹ ਅਨਿਨ ਸ਼ਰਧਾਲੂ ਮਸੰਦ ਆਪਣੀ ਪਤਨੀ ਸੋਲਜਹੀ ਅਤੇ ਆਪਣੇ ਸਪੁੱਤਰਾਂ ਲਾਲ ਚੰਦ ਅਤੇ ਚੰਦੂ ਲਾਲ ਸਮੇਤ ਬਾਬੇ ਬਕਾਲੇ ਆਇਆ। ਵਪਾਰੀ ਮੱਖਣ ਸ਼ਾਹ ਨੇ ਦੇਖਿਆ ਕਿ ਇੱਥੇ ਕੋਈ ਇੱਕ ਨਹੀਂ, ਸਗੋਂ ਬਹੁਗਿਣਤੀ ਆਪਣੇ ਆਪ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਗੱਦੀ-ਨਸ਼ੀਨ ਦੱਸ ਰਹੀ ਸੀ। ਇਸ ਭੰਬਲਭੂਸੇ ਵਿੱਚੋਂ ਬਾਹਰ ਨਿਕਲਣ ਲਈ ਭਾਈ ਮੱਖਣ ਸ਼ਾਹ ਨੇ ਇੱਕ ਵਿਉਂਤਬੰਦੀ ਕੀਤੀ। ਇਸ ਵਿਉਂਤਬੰਦੀ ਤਹਿਤ ਉਸ ਨੇ ਹਰੇਕ ਦਾਅਵੇਦਾਰ ਅੱਗੇ ਦੋ-ਦੋ ਮੋਹਰਾਂ ਰੱਖ ਦਿੱਤੀਆਂ। ਉਨ੍ਹਾਂ ਮੋਹਰਾਂ ਨੂੰ ਦੇਖ ਕੇ ਸਾਰੇ ਗੱਦੀਦਾਰ ਪ੍ਰਸੰਨ ਤਾਂ ਹੋ ਰਹੇ ਸਨ, ਪਰ ਅਸਲ ਦਸਵੰਧ ਦੀ ਮਾਇਆ ਕੋਈ ਨਹੀਂ ਮੰਗ ਰਿਹਾ ਸੀ। ਨਿਰਾਸ਼ ਹੋਏ ਭਾਈ ਮੱਖਣ ਸ਼ਾਹ ਨੂੰ ਕਿਸੇ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਟਿਕਾਣੇ ਦੀ ਦੱਸ ਪਾ ਦਿੱਤੀ। ਜਦੋਂ ਉਹ ਉਸ ਟਿਕਾਣੇ 'ਤੇ ਪਹੁੰਚਿਆ ਤਾਂ ਗੁਰੂ ਜੀ ਨਾਮ ਸਿਮਰਨ ਵਿੱਚ ਜੁੜੇ ਹੋਏ ਸਨ।ਜਦੋਂ ਮੱਖਣ ਸ਼ਾਹ ਨੇ ਇੱਥੇ ਵੀ ਦੋ ਮੋਹਰਾਂ ਰੱਖ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤਾਂ ਦਿਲਾਂ ਦੀਆਂ ਜਾਣਨ ਵਾਲੇ ਬਾਬੇ ਨੇ ਕਿਹਾ ਕਿ ਗੁਰੂ ਘਰ ਵਿੱਚ ਮਾਇਆ ਦਾ ਕੋਈ ਲਾਲਚ ਨਹੀਂ, ਪਰ ਇਹ ਤਾਂ ਦੱਸੋ ਕਿ ਦਸਵੰਧ ਦੀ ਬਾਕੀ ਮਾਇਆ ਕਿੱਥੇ ਗਈ ਹੈ? ਇਹ ਬਚਨ ਸੁਣ ਕੇ ਮੱਖਣ ਸ਼ਾਹ ਲੁਬਾਣੇ ਦੀ ਖੁਸ਼ੀ ਉਛਾਲਾ ਮਾਰ ਗਈ ਅਤੇ

**ਰਮੇਸ਼ ਬੱਗਾ ਚੋਹਲਾ**
**91-94631-32719**

ਉਹ ਇੱਕ ਛੱਤ ਉੱਪਰ ਚੜ੍ਹ ਕੇ ਬੁਲੰਦ ਆਵਾਜ਼ ਵਿੱਚ ਕਹਿਣ ਲੱਗਾ ਗੁਰੂ ਲਾਧੋ ਰੇ! ਗੁਰੂ ਲਾਧੋ ਰੇ!!

ਇਸ ਮੌਕੇ ਦੀ ਤਸਵੀਰ ਸੂਰਜ ਪ੍ਰਕਾਸ਼ ਦੇ ਲੇਖਕ ਨੇ ਆਪਣੇ ਕਾਵਿਕ ਕੈਮਰੇ ਨਾਲ ਇੰਜ ਖਿੱਚੀ ਹੈ:-

ਭੁਲੀਏ ਸੰਗਤਿ! ਸੁਨਹੁ ਸੁ ਕਾਨ।
ਸਤਿਗੁਰੁ ਲਧਾ ਮਰਦ ਮਹਾਨ।

ਗੁਰੂ ਕਿਆਂ ਵੱਲੋਂ ਨਵੇਂ ਨਗਰ ਵਸਾਉਣ ਦੀ ਪ੍ਰਥਾ ਤਹਿਤ ਨੌਵੇਂ ਗੁਰਾਂ ਨੇ ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਗੁਰਦਿੱਤਾ ਸਿੰਘ ਜੀ ਤੋਂ ਸੰਨ 1665 ਦੇ ਜੂਨ ਮਹੀਨੇ ਵਿੱਚ ਚੱਕ ਨਾਨਕੀ ਨਗਰ ਦੀ ਮੋੜ੍ਹੀ ਗਡਵਾ ਦਿੱਤੀ। ਇਸ ਸਥਾਨ ਨੂੰ ਪਹਿਲਾਂ ਮਾਖੋਵਾਲ ਆਖਦੇ ਸਨ, ਜਿਹੜਾ ਇੱਕ ਮਾਖੇ ਦੈਂਤ ਕਾਰਨ ਪਿਆ ਸੀ।ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪਾ ਕੇ ਇਹ ਸਥਾਨ ਧਰਮ-ਕਰਮ ਦੀਆਂ ਗਤੀਵਿਧੀਆਂ ਦਾ ਗੜ੍ਹ ਬਣ ਗਿਆ। ਇੱਥੇ ਹੁਣ ਇਲਾਹੀ ਬਾਣੀ ਦੇ ਦਿਨ-ਰਾਤ ਗਾਇਨ ਹੋਣ ਲੱਗ ਪਏ।ਇਸ ਗਾਇਨ ਸਦਕਾ ਇਹ ਥਾਂ ਆਨੰਦਾਂ ਦੀ ਪੂਰੀ ਬਣ ਗਈ, ਜਿਸ ਨੂੰ ਅੱਜ ਵੀ ਆਨੰਦਪੁਰ ਸਾਹਿਬ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿੱਥੇ ਵੀ ਗਏ, ਉੱਥੇ ਹੀ ਉਨ੍ਹਾਂ ਨੇ ਕਰਮਕਾਂਡੀ ਜੀਵਨ ਨੂੰ ਤਿਆਗਣ ਅਤੇ ਪ੍ਰਮਾਤਮਾ ਦੇ ਨਾਂਅ ਨੂੰ ਵਿਆਜਣ ਦੀ ਪ੍ਰੇਰਣਾ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਲੋਕਾਈ ਨੂੰ ਨਿਰਭੈ ਰਹਿ ਕੇ ਅਣਖ, ਇੱਜ਼ਤ ਅਤੇ ਆਜ਼ਾਦੀ ਵਾਲਾ ਜੀਵਨ ਜਿਊਣ ਦਾ ਹੋਕਾ ਵੀ ਦਿੱਤਾ। ਉਨ੍ਹਾਂ ਦੀ ਸਮਝ ਵਿੱਚ ਗਿਆਨਵਾਨ ਪੁਰਖ ਉਹ ਹੁੰਦਾ ਹੈ ਜੋ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:-

ਭੈ ਕਾਹੂ ਕਉ ਦੇਤ ਨਾਹਿ ਨਾਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਗੁਰੂ ਸਾਹਿਬ ਵੱਲੋਂ ਬੁਲੰਦ ਕੀਤਾ ਗਿਆ ਇਹ ਨਾਅਰਾ ਵਕਤ ਦੇ ਹਾਕਮ ਔਰੰਗਜ਼ੇਬ ਤੱਕ ਵੀ ਪਹੁੰਚ ਗਿਆ। ਮਨੁੱਖੀ ਆਜ਼ਾਦੀ ਦੀ ਤਰਜਮਾਨੀ ਕਰਨ ਵਾਲੀ ਇਹ ਆਵਾਜ਼ ਮੁਗਲ ਬਾਦਸ਼ਾਹ ਦੇ ਕੰਨਾਂ ਵਿੱਚ ਰੜਕਣ ਲੱਗ ਪਈ ਅਤੇ ਉਸ ਨੂੰ ਗੁਰੂ ਸਾਹਿਬ ਦੇ ਇਸ ਸਿਧਾਂਤ ਵਿੱਚੋਂ ਬਗਾਵਤ ਦੀ ਬੋਅ ਆਉਣ ਲੱਗ ਪਈ। ਸਿੱਟੇ ਵੱਜੋਂ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਆਲਮ ਖਾਨ ਨੂੰ ਭੇਜ ਦਿੱਤਾ। ਆਪਣੀ ਫੌਜ ਲੈ ਕੇ ਆਲਮ ਖਾਨ 8 ਨਵੰਬਰ ਸੰਨ 1665 ਨੂੰ ਧਮਤਾਣ ਆ ਗਿਆ ਅਤੇ ਕੁੱਝ ਮੁੱਖੀ ਸਿੱਖਾਂ/ਸੇਵਕਾਂ ਸਮੇਤ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਤੋਂ ਬਾਅਦ ਔਰੰਗਜ਼ੇਬ ਨੇ ਕਈ ਨਰਮ ਢੰਗ ਤਰੀਕਿਆਂ ਨਾਲ ਗੁਰੂ ਜੀ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ ਪਰ ਗੁਰੂ ਸਾਹਿਬ ਦੇ ਦਲੀਲ ਪੂਰਵਕ ਜਵਾਬ ਅੱਗੇ ਉਸ ਦੀ ਕੋਈ ਪੇਸ਼ ਨਾ ਗਈ। ਰਾਜਾ ਜੈ ਸਿੰਘ ਜਿੱਥੇ ਗੁਰੂ ਦਰਬਾਰ ਪ੍ਰਤੀ ਆਪਣੇ ਪ੍ਰੇਮ ਦਾ ਪ੍ਰਗਟਾਵਾ ਕਰਦਾ ਰਹਿੰਦਾ ਸੀ, ਉੱਥੇ ਉਸ ਦੀ ਧਰਮ ਪਤਨੀ ਰਾਣੀ ਪੁਸ਼ਪਾ ਵੀ ਬਾਬੇ ਨਾਨਕ ਦੀ ਸੋਚ ਦੀ ਧਾਰਨੀ ਸੀ। ਇਸ ਪਰਿਵਾਰ ਦੀ ਦਖਲਅੰਦਾਜ਼ੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇੱਕ ਮਹੀਨੇ ਦੀ ਕੈਦ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਅਬੂ-ਜਫਰ ਮਹੁੱਈਉਦੀਨ ਮੁਹੰਮਦ ਔਰੰਗਜ਼ੇਬ ਇੱਕ ਕੱਟੜ ਸੁੰਨੀ ਮੁਸਲਮਾਨ ਸੀ। ਉਸ ਦੀ ਧਾਰਮਿਕ ਅਤੇ ਰਾਜਨੀਤਕ ਨੀਤੀ 'ਤੇ ਨਕਸ਼ਬੰਦੀ ਸਿਲਸਿਲੇ ਦਾ ਬਹੁਤ ਗਹਿਰਾ ਪ੍ਰਭਾਵ ਸੀ, ਜਿਸ ਕਾਰਨ ਉਹ ਅਤਿ ਦਰਜੇ ਦਾ ਨਿਰਦਈ ਅਤੇ ਜਨੂੰਨੀ ਬਣ ਗਿਆ ਸੀ।ਉਹ ਡੰਡੇ ਦੇ ਡਰ ਨਾਲ ਇਸਲਾਮ ਦਾ ਬੋਲਬਾਲਾ ਕਰਨਾ ਚਾਹੁੰਦਾ ਸੀ।ਇਸ ਚਾਹਤ ਨੂੰ ਪੂਰਿਆਂ ਕਰਨ ਲਈ ਔਰੰਗਜ਼ੇਬ ਨੇ ਸਾਮ, ਦਾਮ ਅਤੇ ਦੰਡ ਦੀ ਵਰਤੋਂ ਤੋਂ ਵੀ ਗੁਰੇਜ ਨਹੀਂ ਕੀਤਾ। ਉਸ ਨੇ ਹਿੰਦੂਆਂ ਉੱਤੇ ਜਜੀਆ ਆਦਿ ਟੈਕਸ ਲਗਾ ਦਿੱਤੇ ਅਤੇ ਉਨ੍ਹਾਂ ਉੱਤੇ ਜ਼ੁਲਮ ਢਾਹ ਕੇ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕਰ ਦਿੱਤਾ। ਇੱਥੇ ਹੀ ਬੱਸ ਨਹੀਂ ਬਾਦਸ਼ਾਹ ਨੇ ਹਿੰਦੂ ਭਾਈਚਾਰੇ ਦੇ ਮਥਰਾ ਅਯੁੱਧਿਆ,ਕਾਸ਼ੀ ਅਤੇ ਬਨਾਰਸ ਆਦਿ ਸ਼ਹਿਰਾਂ ਵਿਚਲੇ ਕਈ ਪੂਜਣਯੋਗ ਮੰਦਰ ਵੀ ਢਹਿ-ਢੇਰੀ ਕਰ ਦਿੱਤੇ। ਇਸ ਦੇ ਨਾਲ ਕਈ ਪਾਠਸ਼ਾਲਾਵਾਂ ਵੀ ਖਤਮ ਕਰ ਦਿੱਤੀਆਂ ਗਈਆਂ। ਔਰੰਗਜ਼ੇਬ ਵੱਲੋਂ ਆਪਣੀ ਇਸ ਦਮਨਕਾਰੀ ਨੀਤੀ ਨੂੰ ਜਾਰੀ ਰੱਖਦਿਆਂ ਸਤੰਬਰ 1671 ਈ. ਵਿੱਚ ਇਫਤਿਖਾਰ ਖਾਨ ਨੂੰ ਸੂਬਾ ਕਸ਼ਮੀਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ।ਇਸ ਦਾ ਖਿਤਾਬ ਸ਼ੇਰ-ਏ-ਅਫਗਾਨ ਸੀ। ਇਹ ਸੂਬੇਦਾਰ ਵੀ ਤੰਗਦਿਲ, ਕੱਟੜ ਜਨੂੰਨੀ ਅਤੇ ਬੇਰਹਿਮ ਸੁਭਾਅ ਦਾ ਮਾਲਕ ਸੀ।ਕੋਈ ਅਜਿਹਾ ਅੱਤਿਆਚਾਰ ਨਹੀਂ ਬਚਿਆ ਸੀ, ਜੋ ਕਸ਼ਮੀਰ ਦੇ ਸੂਬੇਦਾਰ ਨੇ ਕਸ਼ਮੀਰੀ ਪੰਡਿਤਾਂ 'ਤੇ ਨਾ ਕੀਤਾ ਹੋਵੇ। ਇਸੇ ਸੂਬੇ ਵਿੱਚ ਕੁੱਝ ਵਿਦਵਾਨ ਬ੍ਰਾਹਮਣਾਂ ਦਾ ਵੀ ਵਸੇਬਾ ਸੀ,ਜੋ ਆਪਣੇ ਆਪ ਨੂੰ ਸਾਰੀ (ਹਿੰਦੂ) ਕੌਮ ਦੇ ਆਗੂ ਸਮਝਦੇ ਸਨ। ਇਨ੍ਹਾਂ ਦੀ ਇਸ ਸਮਝ ਦਾ ਲਾਹਾ ਕਸ਼ਮੀਰ ਦਾ ਰਾਜਪਾਲ ਇਹ ਸੋਚ ਕੇ ਲੈਣਾ ਚਾਹੁੰਦਾ ਸੀ ਕਿ ਜੇਕਰ ਇਹ (ਆਗੂ ਧਿਰ) ਮੁਸਲਮਾਨ ਬਣ ਜਾਵੇ ਤਾਂ ਬਾਕੀ ਹਿੰਦੂਆਂ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣਾ ਸਹਿਜ ਅਤੇ ਸੁਖਾਲਾ ਹੋ ਸਕਦਾ ਹੈ। ਕਸ਼ਮੀਰ ਦੇ ਹਿੰਦੂ ਵੀਰਾਂ ਨੂੰ ਧਾਰਮਿਕ ਤੌਰ 'ਤੇ ਜ਼ਲੀਲ ਕਰਨ ਲਈ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕੀਤੀ ਜਾਣ ਲੱਗੀ। ਜਨੇਊ ਤੋੜ ਕੇ ਟਿੱਕੇ ਸਾਫ ਕਰ ਦਿੱਤੇ ਗਏ। ਇਸ ਤੋਂ ਇਲਾਵਾ ਉਨ੍ਹਾਂ ਨੂੰ ਗਾਂ ਦਾ ਮਾਸ ਵੀ ਜ਼ਬਰਦਸਤੀ ਖਾਣ ਲਈ ਦਿੱਤਾ ਗਿਆ। ਧਰਮ ਦੇ ਨਾਲ-ਨਾਲ ਧੀਆਂ-ਭੈਣਾਂ ਦੀ ਇੱਜ਼ਤ ਵੀ ਦਾਅ 'ਤੇ ਲੱਗ ਗਈ। ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਇਫਤਿਖਾਰ ਖਾਨ ਅੱਗੇ ਹਾਰ ਮੰਨ ਲਈ ਅਤੇ ਇਸਲਾਮ ਨੂੰ ਕਬੂਲ ਕਰ ਲਿਆ। ਸਿਰਫ ਕੁੱਝ ਕੁ ਪਰਿਵਾਰ ਬਚੇ ਸਨ, ਜੋ ਕਿਸੇ ਚਮਤਕਾਰ ਦੀ ਆਸ ਲਗਾਈ ਬੈਠੇ ਸਨ। ਜਦੋਂ ਚਮਤਕਾਰੀ ਸ਼ਕਤੀਆਂ ਵੀ ਨਾ ਬਹੁੜੀਆਂ ਤਾਂ ਉਨ੍ਹਾਂ ਪਰਿਵਾਰਾਂ ਦੀ ਫਿਕਰਮੰਦੀ ਵੀ ਵੱਧਣ ਲੱਗੀ। ਇਸ ਫਿਕਰਮੰਦੀ ਨੂੰ ਘਟਾਉਣ ਲਈ ਭਾਵ ਆਪਣੇ ਡੁੱਬਦੇ ਧਰਮ ਨੂੰ ਬਚਾਉਣ ਲਈ ਇਨ੍ਹਾਂ ਪਰਿਵਾਰਾਂ ਦੇ ਮੋਹਤਬਰ ਬੰਦਿਆਂ ਨੇ ਕੁੱਝ ਸੋਚਣਾ ਆਰੰਭ ਕੀਤਾ। ਸੋਚਾਂ ਦੇ ਸਮੁੰਦਰਾਂ ਵਿੱਚ ਗੋਤੇ ਖਾਂਦਿਆਂ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਰਾਹ ਦਿਖਾਈ ਦੇਣ ਲੱਗ ਪਿਆ।ਕਸ਼ਮੀਰ ਦੇ ਪੰਡਿਤ ਇਹ ਗੱਲ ਭਲੀਭਾਂਤ ਸਮਝ ਚੁੱਕੇ ਸਨ ਕਿ ਇਨ੍ਹਾਂ ਅਤਿ ਸੰਕਟਮਈ ਹਾਲਾਤਾਂ ਵਿੱਚ ਸਾਡੀ ਬਾਂਹ ਕੇਵਲ ਸ੍ਰੀ ਆਨੰਦਪੁਰ ਸਾਹਿਬ ਦੇ ਵਾਸੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹੀ ਫੜ੍ਹ ਸਕਦੇ ਹਨ, ਕਿਉਂਕਿ ਗੁਰੂ ਸਾਹਿਬ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਸੰਗਤਾਂ ਨੂੰ ਨਾ ਕਿਸੇ ਤੋਂ ਡਰਨ ਅਤੇ ਨਾ ਹੀ ਡਰਾਉਣ ਦੀ ਗੱਲ ਕਹੀ ਸੀ ਅਤੇ ਨਿਰਾਸ਼ਾਜਨਕ ਸਥਿਤੀਆਂ ਨੂੰ ਚੜ੍ਹਦੀ ਕਲਾਂ ਵਿੱਚ ਬਦਲਣ ਦੇ ਭਰਪੂਰ ਯਤਨ ਕੀਤੇ ਸਨ। ਇਨ੍ਹਾਂ ਯਤਨਾਂ ਦੀ ਬਦੌਲਤ ਕਈ ਹਿੰਦੂ ਪਰਿਵਾਰ ਵੀ ਗੁਰੂ ਘਰ ਨਾਲ ਜੁੜ ਗਏ ਸਨ।ਕਸ਼ਮੀਰੀ ਪੰਡਿਤ ਬ੍ਰਹਮਦਾਸ ਦੇ ਖਾਨਦਾਨ ਵਿੱਚ ਇੱਕ ਪੰਡਤ ਕ੍ਰਿਪਾ ਰਾਮ ਪੈਦਾ ਹੋਇਆ, ਜੋ ਬਚਪਨ ਕਾਲ ਤੋਂ ਹੀ ਗੁਰੂ ਘਰ ਆਉਂਦਾ ਰਹਿੰਦਾ ਸੀ। 25 ਮਈ 1675 ਈ. ਨੂੰ ਉਹ 16 ਮੁੱਖੀ ਪੰਡਿਤਾਂ ਨੂੰ ਨਾਲ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆ ਗਿਆ। ਡਾਹਢੇ ਦੁੱਖੀ ਮਨ ਨਾਲ ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਨਾਲ ਹੁੰਦੀਆਂ ਵਧੀਕੀਆਂ ਦੀ ਦਰਦ ਕਹਾਣੀ ਸੁਣਾਈ ਅਤੇ ਸਰਕਾਰੀ ਅੱਤਿਆਚਾਰ ਤੋਂ ਬਚਾਉਣ ਦੀ ਬੇਨਤੀ ਕੀਤੀ। ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਵਿਥਿਆ ਸੁਣ ਕੇ ਦਰਬਾਰ ਵਿੱਚ ਜੁੜ ਬੈਠੀਆਂ ਸੰਗਤਾਂ ਦੇ ਵੀ ਦਿਲ ਪਸੀਜ ਗਏ। ਬਾਲ ਗੋਬਿੰਦ ਰਾਏ ਜੀ ਜਿਨ੍ਹਾਂ ਦੀ ਉਮਰ ਉਸ ਸਮੇਂ 9 ਕੁ ਸਾਲ ਦੀ ਸੀ ਗੁਰੂ ਪਿਤਾ ਜੀ ਕੋਲ ਆਏ ਅਤੇ ਉਦਾਸੀ ਭਰੇ ਮਾਹੌਲ ਦਾ ਕਾਰਨ ਪੁੱਛਣ ਲੱਗੇ। ਗੁਰੂ ਜੀ ਨੇ ਆਪਣੇ ਲਾਲ ਨੂੰ ਜਿੱਥੇ ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਦਾਸਤਾਨ ਸੁਣਾਈ, ਉੱਥੇ ਨਾਲ ਹੀ ਕਹਿ ਦਿੱਤਾ ਕਿ ਇਸ ਦਰਦ ਨੂੰ ਦੂਰ ਕਰਨ ਲਈ ਪਵਿੱਤਰ ਆਤਮਾ ਦੀ ਕੁਰਬਾਨੀ ਦੀ ਲੋੜ ਹੈ,ਜੋ ਜ਼ਾਲਮਾਂ ਦਾ ਮਨ ਬਦਲ ਦੇਵੇ। ਬਾਲ ਗੋਬਿੰਦ ਰਾਏ ਜੀ ਦੇ ਮੁਖਾਰਬਿੰਦ ਵਿੱਚੋਂ ਸੁਭਾਵਿਕ ਹੀ ਨਿਕਲਿਆ ਕਿ ਉਹ ਪਵਿੱਤਰ ਅਤੇ ਪੂਰਨ ਆਤਮਾ ਆਪ ਜੀ ਤੋਂ ਬਗੈਰ ਹੋਰ ਕੌਣ ਹੋ ਸਕਦੀ ਹੈ। ਸਾਹਿਬਜ਼ਾਦੇ ਦਾ ਜਵਾਬ ਸੁਣ ਕੇ ਸਾਰੀ ਸੰਗਤ ਵਿੱਚ ਹੈਰਾਨੀ ਛਾ ਗਈ, ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਫਰਜ਼ੰਦ ਦੀ ਰਾਏ ਨਾਲ ਪ੍ਰਸੰਨ ਹੋ ਗਏ। ਉਨ੍ਹਾਂ ਨੇ ਗੋਬਿੰਦ ਰਾਏ ਜੀ ਨੂੰ ਘੁੱਟ ਕੇ ਛਾਤੀ ਨਾਲ ਲਗਾਇਆ ਅਤੇ ਬੋਲੇ ਕਿ ਲਾਲ ਜੀ ਤੁਸਾਂ ਦੀ ਗੱਲ ਸੁਣ ਕੇ ਮੇਰੀ ਚਿੰਤਾ ਦੂਰ ਹੋ ਗਈ ਹੈ।ਮੇਰੀ ਸ਼ਹਾਦਤ ਤੋਂ ਬਾਅਦ ਤੁਸੀਂ ਕੌਮ ਨੂੰ ਸਹੀ ਅਤੇ ਸੁਚੱਜੀ ਅਗਵਾਈ ਦੇਣ ਦੇ ਸਮਰੱਥ ਹੋ। ਗੁਰੂ ਨਾਨਕ ਪਾਤਸ਼ਾਹ ਤੁਸਾਂ 'ਤੇ ਆਪਣਾ ਮਿਹਰ ਭਰਿਆ ਹੱਥ ਬਣਾਈ ਰੱਖਣਗੇ। ਬਾਲ ਗੋਬਿੰਦ ਰਾਏ ਦੇ ਸੰਤੋਖਜਨਕ ਜਵਾਬ ਅਤੇ ਦੂਰਦਰਸ਼ਕ ਦ੍ਰਿਸ਼ਟੀਕੋਣ ਸਦਕਾ ਨੌਵੇਂ ਗੁਰਾਂ ਨੇ ਪੰਡਿਤ ਕ੍ਰਿਪਾ ਰਾਮ ਨੂੰ ਆਖ ਦਿੱਤਾ ਕਿ ਔਰੰਗਜ਼ੇਬ ਤੱਕ ਮੇਰਾ ਇਹ ਸੰਦੇਸ਼ ਪਹੁੰਚਾ ਦਿਓ ਕਿ ਜੇਕਰ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਦੇਸ਼ ਦੇ ਸਾਰੇ ਹਿੰਦੂ ਆਪਣੇ-ਆਪ ਹੀ ਇਸਲਾਮ ਨੂੰ ਕਬੂਲ ਕਰ ਲੈਣਗੇ। ਗੁਰੂ ਸਾਹਿਬ ਦੇ ਇਸ ਦਲੇਰਾਨਾ ਐਲਾਨ ਸਦਕਾ ਕਸ਼ਮੀਰੀ ਪੰਡਿਤਾਂ ਦੀ ਜਾਨ ਵਿੱਚ ਜਾਨ ਆ ਗਈ। ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਧਰਮ ਹੁਣ ਡੁੱਬਣ ਤੋਂ ਬੱਚ ਜਾਵੇਗਾ। ਹੌਂਸਲੇ ਵਿੱਚ ਆਏ ਕਸ਼ਮੀਰੀ ਪੰਡਿਤ ਸ੍ਰੀ ਆਨੰਦਪੁਰ ਸਾਹਿਬ ਤੋਂ ਚਾਲੇ ਪਾ ਗਏ। 8 ਜੁਲਾਈ 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ ਅਤੇ ਨਾਲ ਹੀ ਆਉਣ ਵਾਲੇ ਸਮੇਂ ਦੀ ਗੰਭੀਰਤਾ ਤੋਂ ਗਿਆਤ ਕਰਵਾ ਦਿੱਤਾ। ਸੰਗਤਾਂ ਨੂੰ ਅਣਖ, ਇੱਜ਼ਤ ਅਤੇ ਸਵੈਮਾਣ ਦਾ ਜੀਵਨ ਜਿਊਣ ਦਾ ਉਪਦੇਸ਼ ਦੇ ਕੇ ਗੁਰੂ ਸਾਹਿਬ ਆਪਣੇ ਸਾਥੀਆਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਵੱਲ ਨੂੰ ਰਵਾਨਾ ਹੋ ਗਏ। ਇਧਰ ਗੁਰੂ ਸਾਹਿਬ ਦੀ ਵੰਗਾਰ ਦਿੱਲੀ ਦੇ ਹਾਕਮ ਔਰੰਗਜੇਬ ਤੱਕ ਵੀ ਪਹੁੰਚ ਗਈ।ਬਾਦਸ਼ਾਹ ਕੱਟੜ ਧਾਰਮਿਕ ਇਰਾਦੇ ਦਾ ਮਾਲਕ ਸੀ। ਉਸ ਨੇ ਗੁਰੂ ਸਾਹਿਬ ਵੱਲੋਂ ਕਸ਼ਮੀਰੀ ਪੰਡਿਤਾਂ ਪ੍ਰਤੀ ਦਿਖਾਈ ਹਮਦਰਦੀ ਨੂੰ ਆਪਣੇ ਮਨੋਰਥ ਦੀ ਸਿੱਧੀ ਵਿੱਚ ਰੁਕਾਵਟ ਸਮਝ ਲਿਆ ਅਤੇ ਹਸਨ-ਅਬਦਾਲ ਤੋਂ ਗੁਰੂ ਸਾਹਿਬ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਤਿੰਨ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖਾਨ ਨੇ ਪੁਲਿਸ ਦਸਤੇ ਦੀ ਨਿਗਰਾਨੀ ਹੇਠ ਸਰਹਿੰਦ ਦੇ ਸੂਬੇਦਾਰ ਦੇ ਹਵਾਲੇ ਕਰ ਦਿੱਤਾ।ਕੁੱਝ ਦਿਨਾਂ ਬਾਅਦ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੱਸੀ ਪਠਾਣਾਂ ਦੀ ਕੇਂਦਰੀ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ। ਇਸ ਜੇਲ੍ਹ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਤਿੰਨ ਮਹੀਨਿਆਂ ਤੋਂ ਵਧੀਕ ਸਮੇਂ ਤੱਕ ਰਹੇ। ਗੁਰੂ ਜੀ ਦੀ ਕੈਦ ਦੀ ਕਨਸੋਅ ਹਸਨ-ਅਬਦਾਲ ਵਿੱਚ ਔਰੰਗਜ਼ੇਬ ਤੱਕ ਵੀ ਪਹੁੰਚ ਗਈ ।

4 ਨਵੰਬਰ 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸੂਬੇਦਾਰ ਸਾਫੀਖਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੇ ਗੁਰੂ ਸਾਹਿਬ ਪ੍ਰਤੀ ਨਰਮ ਰਵੱਈਆ ਧਾਰਨ ਕਰਦਿਆਂ ਗੁਰੂ ਜੀ ਨੂੰ ਕੋਈ ਮੁਅੱਜ਼ਜਾ (ਕਰਾਮਾਤ) ਕਰਨ ਲਈ ਕਿਹਾ, ਪਰ ਗੁਰੂ ਜੀ ਨੇ ਕਿਹਾ ਕਿ ਕਰਾਮਾਤ ਦਾ ਪ੍ਰਮੇਸ਼ਰ ਦੀ ਭਗਤੀ ਨਾਲ ਕੋਈ ਸਬੰਧ ਨਹੀਂ,ਇਹ ਤਾਂ ਕੇਵਲ ਮਨੁੱਖੀ ਹਉਮੈ ਦਾ ਹੀ ਪ੍ਰਗਟਾਵਾ ਹੈ। 5 ਨਵੰਬਰ ਨੂੰ ਗੁਰੂ ਸਾਹਿਬ ਨੂੰ ਫਿਰ ਕਰਾਮਾਤ ਵਿਖਾਉਣ ਜਾਂ ਇਸਲਾਮੀ ਮਤ ਨੂੰ ਗ੍ਰਹਿਣ ਕਰਨ ਲਈ ਕਿਹਾ ਗਿਆ ਪਰ ਗੁਰੂ ਤੇਗ ਬਹਾਦਰ ਸਾਹਿਬ ਨੇ ਮੁੜ ਇਸ ਤਜਵੀਜ਼ ਨੂੰ ਠੁਕਰਾ ਦਿੱਤਾ। 6 ਨਵੰਬਰ ਵਾਲੇ ਦਿਨ ਕਾਜ਼ੀ ਕੋਤਵਾਲੀ ਆ ਧਮਕਿਆ। ਉਸ ਨੇ ਦਰੋਗੇ ਨੂੰ ਗੁਰੂ ਸਾਹਿਬ ਨੂੰ ਖੌਫ਼ਨਾਕ ਤਸੀਹੇ ਦੇਣ ਦੀ ਸਲਾਹ ਦਿੱਤੀ ਤਾਂ ਜੋ ਉਹ ਆਪਣੀ ਹਾਰ ਮੰਨ ਕੇ ਇਸਲਾਮੀ ਕਦਰਾਂ-ਕੀਮਤਾਂ ਨੂੰ ਅਪਣਾ ਲੈਣ। ਕਾਜ਼ੀ ਦੇ ਹੁਕਮ ਦੀ ਸਖਤੀ ਨਾਲ ਪਾਲਣਾ ਕਰਦਿਆਂ ਦਰੋਗੇ ਨੇ ਲਗਾਤਾਰ ਤਿੰਨ ਦਿਨ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਈਨ ਮਨਾਉਣ ਦੀ ਨਾਕਾਮ

(ਬਾਕੀ ਅਗਲੇ ਸਫੇ 'ਤੇ)

# ਤੇਗ ਬਹਾਦਰ ਸਿਮਰਿਓ...

(ਸਫਾ 20 ਦੀ ਬਾਕੀ)

ਕੋਸ਼ਿਸ਼ ਕੀਤੀ। ਨਵੰਬਰ ਮਹੀਨੇ ਦੇ ਦੱਸਵੇਂ ਦਿਨ ਤਾਂ ਮੁਗਲੀਆ ਹਕੂਮਤ ਦੇ ਤਸ਼ੱਦਦ ਵਾਲੀ ਹੱਦ ਹੀ ਹੋ ਗਈ।ਇਸ ਦਿਨ ਗੁਰੂ ਸਾਹਿਬ ਨੂੰ ਤੱਤੇ ਥੰਮ ਨਾਲ ਲਗਾਇਆ ਗਿਆ।ਅਡੋਲ ਚਿੱਤ ਸਤਿਗੁਰਾਂ ਨੇ ਹਕੂਮਤੀ ਜ਼ਬਰ ਨੂੰ ਅਕਾਲ-ਪੁਰਖ ਦੇ ਭਾਣੇ ਵੱਜੋਂ ਖਿੜੇ ਮੱਥੇ ਪ੍ਰਵਾਨ ਕਰ ਲਿਆ ਜਿਸ ਕਾਰਨ ਭਿਆਨਕ ਤੋਂ ਭਿਆਨਕ ਤਸੀਹੇ ਦੇ ਕੇ ਵੀ ਕਾਜ਼ੀ ਦੀ ਕੋਈ ਪੇਸ਼ ਨਹੀਂ ਚੱਲ ਸਕੀ।ਥੱਕ-ਹਾਰ ਕੇ ਉਸ ਨੇ ਇੱਕ ਹੋਰ ਘਟੀਆ ਪੈਂਤੜਾ ਵਰਤੋਂ ਵਿੱਚ ਲਿਆਂਦਾ ਜਿਸ ਤਹਿਤ ਉਸ ਨੇ ਗੁਰੂ ਘਰ ਦੇ ਤਿੰਨ ਸਿਦਕੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਘੋਰ ਤਸੀਹੇ ਦੇ ਕੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ।

11 ਨਵੰਬਰ 1675 ਈ. ਨੂੰ ਵੀਰਵਾਰ ਵਾਲੇ ਦਿਨ ਗੁਰੂ ਸਾਹਿਬ ਨੂੰ ਕੋਤਵਾਲੀ ਵਿੱਚੋਂ ਬਾਹਰ ਕੱਢਿਆ ਗਿਆ।ਜੇਕਰ ਗੁਰੂ ਸਾਹਿਬ ਦੇ ਸਿੱਖ ਇਨ੍ਹਾਂ ਖੌਫਨਾਕ ਤਸੀਹਿਆਂ ਅੱਗੇ ਨਹੀਂ ਝੁਕ ਸਕੇ ਤਾਂ ਗੁਰੂ ਸਾਹਿਬ ਦੇ ਝੁਕਣ ਦੀ ਕੋਈ ਉਮੀਦ ਕਰਨੀ ਕਾਜ਼ੀ ਅਬਦੁਲ ਵਹਾਬ ਲਈ ਇੱਕ ਮੂਰਖਤਾ ਦੀ ਨਿਆਂਈ ਹੀ ਕਹੀ ਜਾ ਸਕਦੀ ਸੀ।ਝੁੰਝਲਾਹਟ ਵਿੱਚ ਆ ਕੇ ਇਸ ਕਾਜ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਧੜ ਤੋਂ ਤਲਵਾਰ ਨਾਲ ਜੁਦਾ ਕਰ ਦੇਣ ਦਾ ਫ਼ਤਵਾ ਜਾਰੀ ਕਰ ਦਿੱਤਾ।ਕਾਜੀ ਅਬਦੁਲ ਵਹਾਬ ਵੂਹਰਾ ਦੇ ਫ਼ਤਵੇ ਮੁਤਾਬਕ ਚਾਂਦਨੀ ਚੌਂਕ ਦੇ ਕੋਤਵਾਲੀ ਵਾਲੇ ਬੋਹੜ ਹੇਠਾਂ ਬੈਠੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਅਮਲ ਆਰੰਭ ਕਰ ਦਿੱਤਾ ਗਿਆ।ਹਾਕਮਾਂ ਦੇ ਇਰਾਦਿਆਂ ਨੂੰ ਭਾਂਪਦੇ ਹੋਏ ਗੁਰੂ ਸਾਹਿਬ ਨੇ ਜਪੁਜੀ ਸਾਹਿਬ ਜੀ ਦਾ ਪਾਠ ਕਰਨਾ ਆਰੰਭ ਦਿੱਤਾ।ਪਾਠ ਦੀ ਸੰਪੂਰਨਤਾ ਤੋਂ ਬਾਅਦ ਗੁਰੂ ਸਾਹਿਬ ਨੇ ਆਪਣੇ ਮਖ਼ਾਰਬਿੰਦ ਵਿਚੋਂ ਵਹਿਗੁਰੂ ਸ਼ਬਦ ਦਾ ਉਚਾਰਣ ਕੀਤਾ ਅਤੇ ਨਾਲ ਹੀ ਆਪਣਾ ਸੀਸ ਨਿਵਾਅ ਦਿੱਤਾ।ਸੀਸ ਨਿਵਾਉਂਦਿਆਂ ਸਾਰ ਹੀ ਸਮਾਣੇ ਦੇ ਜਲਾਦ ਸੱਯਦ ਜਲਾਲੁਦੀਨ ਨੇ ਤਲਵਾਰ ਦੇ ਜੋਰਦਾਰ ਵਾਰ ਨਾਲ ਗੁਰੂ ਪਾਤਸ਼ਾਹ ਦੇ ਸੀਸ ਨੂੰ ਧੜ ਨਾਲੋਂ ਅਲੱਗ ਕਰ ਦਿੱਤਾ।

ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਪਵਿੱਤਰ ਸੀਸ ਅਤੇ ਧੜ ਨੂੰ ਓਥੇ ਹੀ ਪਏ ਰਹਿਣ ਦਿੱਤਾ ਗਿਆ ਅਤੇ ਇਨ੍ਹਾਂ ਦੇ ਆਸ-ਪਾਸ ਸਖ਼ਤ ਪਹਿਰੇ ਲਗਾ ਦਿੱਤੇ।ਸਰਕਰੀ ਪਹਿਰੇ ਭਾਵੇਂ ਸਖ਼ਤ ਸਨ ਪਰ ਸੀਸ ਤਲੀ 'ਤੇ ਧਰ ਕੇ ਪ੍ਰੇਮ ਦੀ ਖੇਡ ਖੇਡਣ ਵਾਲੇ ਭਾਈ ਜੈਤਾ (ਬਾਬਾ ਜੀਵਨ ਸਿੰਘ) ਜੀ ਨੇ ਪੂਰੀ ਤਿਆਰੀ ਅਤੇ ਹੁਸ਼ਿਆਰੀ ਨਾਲ ਗੁਰੂ ਸਾਹਿਬ ਸੀਸ ਚੁੱਕ ਲਿਆ।ਸੀਸ ਨੂੰ ਚਾਦਰ ਵਿਚ ਵਲ੍ਹੇਟ ਕੇ ਮੰਜ਼ਿਲਾਂ ਨੂੰ ਮਾਰਦਾ ਹੋਇਆ ਭਾਈ ਜੈਤਾ ਸ੍ਰੀ ਆਨੰਦਪੁਰ ਸਾਹਿਬ ਪਹੁੰਚ ਗਿਆ ਅਤੇ ਇਸ ਨੂੰ ਬਾਲ (ਗੁਰੂ) ਗੋਬਿੰਦ ਰਾਏ ਜੀ ਨੂੰ ਭੇਟ ਕਰ ਦਿੱਤਾ।ਦਸਵੇਂ ਪਾਤਸ਼ਾਹ ਨੇ ਸੰਗਤ ਦੇ ਸਹਿਯੋਗ ਨਾਲ ਗੁਰੂ-ਪਿਤਾ ਦੇ ਸੀਸ ਦਾ ਸਸਕਾਰ ਬੜੇ ਅਦਬ ਨਾਲ ਕਰ ਦਿੱਤਾ।

ਦੂਜੇ ਪਾਸੇ ਭਾਈ ਲੱਖੀ ਸ਼ਾਹ ਵਣਜਾਰੇ ਨੇ ਵੀ ਇੱਕ ਵੱਡੀ ਹਿੰਮਤ ਕੀਤੀ।ਇਸ ਹਿੰਮਤ ਦੇ ਸਦਕਾ ਉਹ ਨੌਂਵੇਂ ਪਾਤਸ਼ਾਹ ਦੇ ਧੜ ਨੂੰ ਆਪਣੇ ਵਪਾਰਕ ਗੱਡੇ ਵਿਚ ਰੱਖ ਕੇ ਆਪਣੇ ਘਰ ਲੈ ਗਿਆ ਅਤੇ ਘਰ ਨੂੰ ਅੱਗ ਲਗਾ ਕੇ ਧੜ ਦਾ ਸਸਕਾਰ ਕਰ ਦਿੱਤਾ।ਇਸ ਸਥਾਨ ਉਪਰ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ।

ਮਨੁੱਖਤਾ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇੱਕ ਅਦੁੱਤੀ ਸ਼ਹੀਦੀ ਵੱਜੋਂ ਪ੍ਰਵਾਨ ਕੀਤਾ ਜਾਂਦਾ ਹੈ।ਕਿਉਂਕਿ ਇਹ ਸ਼ਹਾਦਤ ਕੱਟੜਵਾਦੀ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ ਕਰਕੇ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਹੱਕਾਂ ਦੀ ਬਰਾਬਰੀ ਹਿੱਤ ਦਿੱਤੀ ਗਈ ਹੈ।ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਾ ਦੇ ਬਰਾਬਰ ਹੀ ਮਿਲਦੀ ਹੈ।

## ਬਾਲ-ਕਵਿਤਾ/ ਸਮਾਰਟ ਸਕੂਲ

ਡੈਡੀ ਜੀ! ਹੁਣ ਸਾਡਾ ਵੀ ਬਣ ਰਿਹਾ ਹੈ ਸਕੂਲ ਸਮਾਰਟ।
ਬਣ ਗਿਆ ਜਦੋਂ ਸਮਾਰਟ,ਨਾ ਰਹਿਣੀ ਕਿਸੇ ਚੀਜ ਦੀ ਘਾਟ।
ਸਮਾਰਟ ਸਕੂਲ ਦਾ ਹੋਵੇਗਾ ਕੁੱਝ ਵੱਖਰਾ ਜਿਹਾ ਨਜ਼ਾਰਾ,
ਪੜ੍ਹਨ ਪੜ੍ਹਾਉਣ ਦਾ ਢੰਗ ਤਰੀਕਾ ਬਦਲ ਜਾਵੇਗਾ ਸਾਰਾ,
ਸਮੇਂ ਦਾ ਹਾਣੀ ਬਣਨ ਵਾਸਤੇ ਹੋ ਰਹੀ ਪਹੁੰਚ ਵਿਰਾਟ।
ਡੈਡੀ ਜੀ!.............................।
ਸਵੇਰ ਸਭਾ ਵਿਚ ਵੱਡੇ ਸਰ ਨੇ ਖ਼ੁਸ਼ਖ਼ਬਰੀ ਇਹ ਸੁਣਾਈ,
ਇਸ ਉਦੇਸ਼ ਦੀ ਪੂਰਤੀ ਲਈ ਸ਼ੁਰੂ ਹੋਣ ਵਾਲੀ ਕਾਰਵਾਈ,
ਲੱਗਣਾ ਜਿਹੜਾ ਪੈਸਾ ਛੇਤੀ ਹੋ ਰਿਹਾ ਉਹ ਅਲਾਟ।
ਡੈਡੀ ਜੀ!...............................
ਸਮਾਰਟ ਸਕੂਲਾਂ ਦੀ ਹੋਵੇਗੀ ਵੱਖਰੀ ਜਿਹੀ ਗੱਲਬਾਤ,
ਨਿੱਜੀ ਸਕੂਲਾਂ ਵਾਲਿਆਂ ਨੂੰ ਹੁਣ ਕਰਕੇ ਛੱਡਣਗੇ ਮਾਤ,
ਚੜ੍ਹਤ ਦੇਖ ਇਨ੍ਹਾਂ ਦੀ ਹੋਊ ਕਈਆਂ ਨੂੰ ਘਬਰਾਹਟ।
ਡੈਡੀ ਜੀ!...............................।
ਸੁੱਖ ਸਹੂਲਤਾਂ ਸਮਾਰਟ ਸਕੂਲ 'ਚ ਹੋਣਗੀਆਂ ਭਰਪੂਰ,
ਫੰਡ ਲੋੜੀਂਦੇ ਹਰ ਸਹੂਲਤ ਲਈ ਹੋ ਗਏ ਹਨ ਮਨਜ਼ੂਰ,
ਡੈਸਕ ਡਹਿਣਗੇ ਉੱਥੇ ਜਿਥੇ ਵਿਛਦੇ ਸੀ ਕਦੇ ਟਾਟ।
ਡੈਡੀ ਜੀ!...............................।
ਅੰਦਰੋਂ ਬਾਹਰੋਂ ਹੋਵੇਗੀ ਹੁਣ ਸਕੂਲ ਦੀ ਦਿੱਖ ਨਿਆਰੀ,
ਦੇਖਣ ਵਾਲਿਆਂ ਦੀਆਂ ਨਜ਼ਰਾਂ ਨੂੰ ਲੱਗੂ ਖ਼ੂਬ ਪਿਆਰੀ,
ਬੁਰੀਆਂ ਨਜ਼ਰਾਂ ਵਾਲਿਆਂ ਤਾਈਂ ਹੋਵੇਗੀ ਬੁਖ਼ਲਾਹਟ।
ਡੈਡੀ ਜੀ! ................................।
ਹਰੇਕ ਵਿਸ਼ੇ ਨੂੰ ਰੌਚਿਕਤਾ ਨਾਲ ਜਾਵੇਗਾ ਪੜ੍ਹਾਇਆ,
ਔਖੀ ਗੱਲ ਨੂੰ ਸੌਖਾ ਕਰਕੇ ਜਾਵੇਗਾ ਸਮਝਾਇਆ,
ਨਾ ਕੋਈ ਬੱਚਾ ਬੋਰ ਹੋਵੇਗਾ ਨਾ ਹੀ ਕੋਈ ਉਚਾਟ।
ਡੈਡੀ ਜੀ!..................................।
ਜਦ ਦੀ ਸਮਾਰਟ ਸਕੂਲ ਬਣਨ ਦੀ ਗੱਲ ਗਈ ਹੈ ਫ਼ੈਲ,
ਸਰਦੇ ਘਰ ਵੀ ਦੇਣ ਲੱਗੇ ਨੇ ਸਕੂਲ ਸਾਡੇ ਨੂੰ ਪਹਿਲ,
ਦੂਰ ਦੂਰ ਤੋਂ ਆਉਣ ਲੱਗੇ ਨੇ ਤਹਿ ਕਰਕੇ ਕਈ ਵਾਟ।
ਡੈਡੀ ਜੀ!............
ਸਰਕਾਰੀ ਸਕੂਲਾਂ ਦੀ ਵੀ 'ਚੋਹਲਾ' ਬਦਲਣ ਲੱਗੀ ਨੁਹਾਰ,
ਯਤਨਸ਼ੀਲ ਹੈ ਇਸ ਪਾਸੇ ਦੇ ਵੱਲ ਹੁਣ ਸਾਡੀ ਸਰਕਾਰ।
ਸਿਰਜਣ ਲਈ ਭਵਿੱਖ ਚੰਗੇਰਾ ਹੋ ਗਿਆ ਕੰਮ ਸਟਾਰਟ।
ਡੈਡੀ ਜੀ! ਹੁਣ ਸਾਡਾ ਵੀ ਬਣ ਰਿਹਾ ਹੈ ਸਕੂਲ ਸਮਾਰਟ।

ਰਮੇਸ਼ ਬੱਗਾ ਚੋਹਲਾ
91-94631-32719

# ਸ੍ਰੀ ਗੁਰੂ ਅੰਗਦ ਦੇਵ



ਪਾਰਸ ਹੋਆ ਸਤਿਗੁਰ ਪਰਚੇ ਸਤਿਗੁਰ ਕਹਣਾ॥
ਚੰਦਨ ਹੋਆ ਚੰਦਨਹੁ, ਗੁਰਉਪਦੇਸ਼ ਰਹਿਤ ਵਿੱਚ ਰਹਿਣਾ
ਸੱਚ ਸਮਾਣਾ ਸਚੁ ਵਿਚਿ, ਗਾਡੀ ਰਾਹ ਸੰਗਿ ਵਹਿਣਾ
ਬਾਬਣੈ ਘਰਿ ਚਾਨਣ ਲਹਿਣਾ॥

ਗੁਰਮਤਿ ਦੇ ਅਜ਼ੀਮ ਵਿਆਖਿਆਕਾਰ, ਉੱਚ-ਕੋਟੀ ਦੇ ਕਵੀ ਅਤੇ ਗੁਰੂ ਕਾਲ ਦੇ ਪ੍ਰਬੁੱਧ ਦਾਰਸ਼ਨਿਕ ਭਾਈ ਗੁਰਦਾਸ ਜੀ ਦੀਆਂ ਕਲਮਬੰਧ ਕੀਤੀਆਂ ਉਪਰੋਕਤ ਪੰਕਤੀਆਂ ਇਸ ਗੱਲ ਦੀਆਂ ਹਾਮੀ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਕਰਕੇ ਭਾਈ ਲਹਿਣਾ ਜੀ ਵਰਗੇ ਸੇਵਾ ਦੇ ਪੁੰਜ ਨਾ ਸਿਰਫ ਪਾਰਸ ਹੀ ਸਾਬਤ ਹੋਏ ਹਨ, ਸਗੋਂ ਆਪਣੇ ਆਗਿਆਕਾਰੀ ਸੁਭਾਅ ਸਦਕਾ ਉਹ ਮਹਾਨ ਰੁਤਬਾ ਵੀ ਹਾਸਲ ਕਰ ਗਏ, ਜਿਸ ਦੀ ਬਦੌਲਤ ਉਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਅੰਗ ਸਮਝ ਕੇ ਵਡਿਆਇਆ ਅਤੇ ਸਲਾਹਿਆ ਜਾਂਦਾ ਹੈ।

ਭਾਈ ਲਹਿਣਾ ਜੀ ਦਾ ਪਿਛੋਕੜ ਭਾਵੇਂ ਇੱਕ ਦੇਵੀ ਪੂਜਕ ਵੱਜੋਂ ਹੀ ਜਾਣਿਆਂ ਜਾਂਦਾ ਹੈ, ਪਰ ਉਨ੍ਹਾਂ ਵੱਲੋਂ ਕੀਤੀ ਗਈ ਸ਼ਬਦ ਦੀ ਕਮਾਈ ਅਤੇ ਗੁਰੂ ਬਾਬੇ ਦੀ ਬੇਲਾਗ ਸੇਵਾ ਨੇ ਉਨ੍ਹਾਂ ਦੇ ਵਿਅਕਤੀਤਵ ਵਿੱਚ ਚੰਦਨ ਜਿਹੀ ਮਹਿਕ ਪੈਦਾ ਕਰ ਦਿੱਤੀ, ਕਿਉਂਕਿ ਭਾਈ ਸਾਹਿਬ ਨੂੰ ਚੰਦਨ ਦੇ ਬ੍ਰਿਛ ਰੂਪੀ ਧੰਨ ਗੁਰੂ ਨਾਨਕ ਪਾਤਸ਼ਾਹ ਦੀ ਛਾਵੇਂ ਬਹਿਣ ਦਾ ਸੁਭਾਗ ਪ੍ਰਾਪਤ ਹੋ ਗਿਆ ਸੀ। ਇਸ ਸੁਭਾਗ ਸਦਕਾ ਹੀ ਭਾਈ ਲਹਿਣਾ ਜੀ ਨੇ ਗੁਰੂ ਉਪਦੇਸ਼ ਦੀ ਰਹਿਤ-ਬਹਿਤ ਨੂੰ ਆਪਣੀ ਤਰਜ਼-ਏ-ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ ਸੀ।

ਭਾਈ ਲਹਿਣਾ ਉਰਫ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਵਤਾਰ ਮਾਰਚ ਮਹੀਨੇ ਦੇ ਛੇਕੜਲੇ ਦਿਨ ਸੰਨ 15Ï4 (ਮੁਤਾਬਕ 5 ਵਿਸਾਖ 1561 ਬਿੱਕਰਮੀ) ਨੂੰ ਮੱਤੇ ਦੀ ਸਰਾਂ ਜ਼ਿਲ੍ਹਾ ਮੁਕਤਸਰ ਵਿਖੇ ਮਾਤਾ ਦਇਆ ਕੌਰ ਅਤੇ ਪਿਤਾ ਫੇਰੂ ਮੱਲ ਜੀ ਦੇ ਗ੍ਰਹਿ ਵਿਖੇ ਹੋਇਆ। ਇਸ ਪਿੰਡ ਵਿੱਚ ਗੁਰੂ ਅੰਗਦ ਦੇਵ ਜੀ ਠਹਿਰ ਥੋੜ੍ਹਚਿਰੀ ਹੀ ਹੈ ਕਿਉਂਕਿ ਭਾਈ ਫੇਰੂ ਮੱਲ ਨੂੰ ਕਿਸੇ ਕਾਰਨ ਇਸ ਪਿੰਡ ਨੂੰ ਅਲਵਿਦਾ ਕਹਿਣੀ ਪੈ ਗਈ। ਇਸ ਅਲਵਿਦਾ ਤੋਂ ਬਾਅਦ ਭਾਈ ਲਹਿਣਾ ਜੀ ਦੇ ਪਰਿਵਾਰ ਸਮੇਤ ਖਡੂਰ ਸਾਹਿਬ (ਅੰਮ੍ਰਿਤਸਰ) ਆ ਗਏ। ਗੁਰੂ ਪਰਿਵਾਰ ਦੀ ਆਮਦ ਅਤੇ ਵਿਸ਼ੇਸ਼ ਦੇਣ ਸਦਕਾ ਖਡੂਰ ਸਾਹਿਬ ਇੱਕ ਪੂਜਨੀਕ ਸਥਾਨ ਬਣ ਗਿਆ।

ਗੁਰੂ ਅੰਗਦ ਦੇਵ ਜੀ ਦਾ ਵਿਆਹ ਖਡੂਰ ਸਾਹਿਬ ਨੇੜਲੇ ਪਿੰਡ ਸੰਘਰ ਦੇ ਵਸਨੀਕ ਭਾਈ ਦੇਵੀ ਚੰਦ ਦੀ ਪੁੱਤਰੀ ਬੀਬੀ ਖੀਵੀ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਪੁੱਤਰ ਭਾਈ ਦਾਤੂ ਤੇ ਦਾਸੂ ਜੀ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਤੇ ਬੀਬੀ ਅਨੌਖੀ ਨੇ ਜਨਮ ਲਿਆ। ਗੁਰੂ ਨਾਨਕ ਪਾਤਸ਼ਾਹ ਦੇ ਅੰਗ ਲੱਗਣ ਤੋਂ ਪਹਿਲਾਂ ਭਾਈ ਲਹਿਣਾ ਜੀ ਵੈਸ਼ਨੋ ਦੇਵੀ ਦੇ ਭਗਤ ਸਨ ਅਤੇ ਇਸ ਭਗਤੀ ਭਾਵ ਦਾ ਪ੍ਰਗਟਾਵਾ ਉਹ ਹਰ ਸਾਲ ਮਾਤਾ ਦੇ ਦਰਸ਼ਨ ਦੀਦਾਰੇ ਲਈਇ ਇੱਕ ਸੰਗ ਲੈ ਕੇ ਜਾਇਆ ਕਰਦੇ ਸਨ। ਇਹ ਸਿਲਸਿਲਾ ਲਗਾਤਾਰ ਕਈ ਸਾਲ ਚੱਲਦਾ ਰਿਹਾ।

ਰਮੇਸ਼ ਬੱਗਾ ਚੋਹਲਾ
91-94631-32719

ਇਸ ਸਿਲਸਿਲੇ ਵਿੱਚ ਖੜ੍ਹੋਤ ਉਦੋਂ ਆਈ ਜਦੋਂ ਭਾਈ ਲਹਿਣਾ ਜੀ ਦਾ ਮਿਲਾਪ ਖਡੂਰ ਸਾਹਿਬ ਦੇ ਰਹਿਣ ਵਾਲੇ ਭਾਈ ਜੋਧ ਸਿੰਘ ਨਾਲ ਹੋ ਗਿਆ। ਭਾਈ ਜੋਧ ਜਿੱਥੇ ਇੱਕ ਨੇਕ ਦਿਲ ਇਨਸਾਨ ਸਨ, ਉੱਥੇ ਨਾਲ ਹੀ ਉਹ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਪ੍ਰੀਤਵਾਨ ਵੀ ਸਨ। ਆਪਣੀ ਪ੍ਰੀਤ ਦਾ ਸਬੂਤ ਉਹ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰਕੇ ਗੁਰੂ ਨਾਨਕ ਦੇਵ ਜੀ ਦੀ ਰਸਭਿੰਨੀ ਬਾਣੀ ਪੜ੍ਹ ਕੇ ਦਿਆ ਕਰਦੇ ਸਨ। ਇੱਕ ਦਿਨ ਭਾਈ ਲਹਿਣਾ ਜੀ ਦੇ ਕੰਨੀਂ ਇਸ ਇਲਾਹੀ ਬਾਣੀ ਦੀ ਆਵਾਜ਼ ਪੈ ਗਈ। ਇਸ ਬਾਣੀ ਦੀ ਖਿੱਚ ਸਦਕਾ ਉਨ੍ਹਾਂ ਦੇ ਕਦਮ ਭਾਈ ਜੋਧ ਸਿੰਘ ਜੀ ਦੇ ਘਰ ਵੱਲ ਮੁੜ ਗਏ। ਭਾਈ ਜੋਧ ਨੇ ਖਿੜੇ ਮੱਥੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਜਲ ਪਾਨ ਵੀ ਕਰਵਾਇਆ। ਜਦੋਂ ਭਾਈ ਲਹਿਣਾ ਜੀ ਨੇ ਭਾਈ ਜੋਧ ਕੋਲੋਂ ਉਸ ਰਸੀਲੀ ਬਾਣੀ ਬਾਬਤ ਜਾਣਕਾਰੀ ਲੈਣੀ ਚਾਹੀ ਤਾਂ ਉਨ੍ਹਾਂ ਨੇ ਦੱਸਿਆ ਕਿ ਇਹ ਬਾਣੀ ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਵਿੱਚੋਂ ਉਚਾਰਣ ਕੀਤੀ ਹੋਈ ਹੈ, ਜਿਹੜੀ ਮਨੁੱਖਤਾ ਨੂੰ ਇੱਕ ਸੁਚੱਜੀ ਜੀਵਨ ਜਾਂਚ ਬਾਰੇ ਗਿਆਤ ਕਰਵਾਉਂਦੀ ਹੈ। ਭਾਈ ਜੋਧ ਨੇ ਇਹ ਵੀ ਦੱਸਿਆ ਕਿ ਨਾਨਕ ਨਾਮ ਲੇਵਾ ਸੰਗਤ ਇਸ ਬਾਣੀ ਨੂੰ ਜੀਵਨ ਆਧਾਰ ਸਮਝ ਕੇ ਪੜ੍ਹਦੀ ਹੈ। ਹੁਣ ਭਾਈ ਜੋਧ ਦੇ ਘਰ ਜਾ ਕੇ ਬਾਣੀ ਸੁਣਨਾ ਉਨ੍ਹਾਂ ਦਾ ਨਿਤਨੇਮ ਬਣ ਗਿਆ। ਬਾਣੀ ਪੜ੍ਹਦਿਆਂ ਸੁਣਦਿਆਂ ਅਜਿਹਾ ਅਸਰ ਹੋਇਆ ਕਿ ਬਾਣੀਕਾਰ ਦੇ ਦਰਸ਼ਨਾਂ ਦੀ ਤਾਂਘ ਵੀ ਜਾਗ ਪਈ। ਇਸ ਤਾਂਘ ਦੀ ਤੀਬਰਤਾ ਸਦਕਾ ਭਾਈ ਲਹਿਣਾ ਜੀ ਨੇ ਕਰਤਾਰਪੁਰ ਸਾਹਿਬ ਜਾਣ ਦਾ ਮਨ ਬਣਾ ਲਿਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :-

ਚਰਨ ਸਰਨ ਗੁਰ ਏਕ ਪੈਂਡਾ ਜਾਇ ਚੱਲ, ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈ॥

ਕਰਤਾਰਪੁਰ ਸਾਹਿਬ ਜਾਂਦਿਆਂ ਭਾਈ ਲਹਿਣਾ ਜੀ ਘੋੜੀ ਤੇ ਸਵਾਰ ਸਨ ਪਰ ਗੁਰੂ ਸਾਹਿਬ ਪੈਦਲ ਤੁਰੇ ਆ ਰਹੇ ਸਨ। ਭਾਈ ਸਾਹਿਬ ਦੇ ਮਨ ਮੰਦਰ ਵਿੱਚ ਤਰੰਗਾਂ ਛਿੜ ਪਈਆਂ ਸਨ:-

ਪ੍ਰਭ ਤੁਮ ਤੇ ਲਹਿਣਾ ਤੂੰ ਮੇਰਾ ਗਹਿਣਾ॥
ਜੋ ਤੂੰ ਦੇਹਿ ਸੋਇ ਸੁਖੁ ਸਹਿਣਾ॥

ਇੱਧਰ ਅੰਤਰਜਾਮੀ ਬਾਬੇ ਨੂੰ ਚਾਅ ਸੀ ਕਿ ਉਸ ਦਾ ਲਹਿਣੇਦਾਰ ਆ ਰਿਹਾ ਹੈ। ਬਾਬੇ ਪੁੱਛਣਾ ਕੀਤਾ ਪੁਰਸ਼ਾ ਕੌਣ ਹੈਂ ਤੂੰ? ਜਵਾਬ ਸੀ ਜੀ ਮੈਂ ਲਹਿਣਾ। ਗੁੱਝੀ ਰਮਜ਼ ਦਿੰਦਿਆਂ ਗੁਰੂ ਨੇ ਕਿਹਾ ਕਿ ਠੀਕ ਹੈ ਭਾਈ ਲੈਣੇਦਾਰ ਘੋੜੀਆਂ 'ਤੇ ਸਵਾਰ ਹੋ ਕੇ ਹੀ ਆਇਆ ਕਰਦੇ ਸਨ ਅਤੇ ਦੇਣਦਾਰ ਪੈਦਲ ਹੀ। ਭਾਈ ਲਹਿਣਾ ਜੀ ਨੂੰ ਆਪਣੇ ਬੀਤੇ 'ਤੇ ਬੜਾ ਅਫਸੋਸ ਹੋਇਆ, ਪਰ ਡੁੱਲੇ ਬੇਰਾਂ ਦਾ ਅਜੇ ਵੀ ਕੁੱਝ ਨਹੀਂ ਸੀ ਵਿਗੜਿਆ। ਬਾਬੇ ਦੇ ਦਰਸ਼ਨ ਨਾਲ ਤਨ ਮਨ ਨਿਹਾਲ ਹੋ ਗਿਆ। ਮੰਝਦਾਰ ਵਿੱਚ ਫਸੀ ਕਿਸ਼ਤੀ ਨੂੰ ਜਿਵੇਂ ਕਿਨਾਰਾ ਮਿਲ ਗਿਆ ਹੋਵੇ। ਇਹ ਮੁਲਾਕਾਤ ਜੀਵਨ ਲਈ ਇੱਕ ਨਵੀਂ ਸਵੇਰ ਬਣ ਗਈ। ਇਸ ਦਿਨ ਤੋਂ ਹੀ ਭਾਈ ਲਹਿਣੇ ਤੋਂ ਅੰਗਦ (ਗੁਰੂ) ਬਣਨ ਦਾ ਸਫਰ ਆਰੰਭ ਹੋ ਗਿਆ। ਸੇਵਾ ਤੇ ਸਿਮਰਨ ਇਸ ਸਫਰ ਦੀ ਰਾਹਦਾਰੀ ਬਣ ਗਏ ਕਿਉਂਕਿ:-

ਸਤਿਗੁਰੂ ਸੇਵੇ ਤਾਂ ਸਭ ਕੁਛਿ ਪਾਏ॥
ਜੇਹੀ ਮਨਸਾ ਕਰਿ ਲਾਗੇ ਤੇਹਾ ਫਲ ਪਾਏ॥

ਭਾਈ ਲਹਿਣਾ ਜੀ ਦੇ ਪੂਰਬਲੇ ਭਾਗ ਜਾਗੇ। ਦੇਰੀ ਦਰੁਸਤੀ ਵਿੱਚ ਬਦਲ ਗਈ। ਗੁਰੂ ਬਾਬੇ ਨੇ ਗਲ ਨਾਲ ਲਗਾ ਲਿਆ। ਰਾਤ ਦਿਨ ਹਜ਼ੂਰ ਦੀ ਸੇਵਾ ਵਿੱਚ ਬਤੀਤ ਹੋਣ ਲੱਗਾ। ਜ਼ਿੰਦਗੀ ਦੇ ਸਵਾਲ ਲੇਖੇ ਵਿੱਚ ਹੋਣ ਲੱਗੇ। ਗੁਰੂ ਨਾਨਕ ਦਰਬਾਰ ਵਿੱਚ ਉਸ ਸਮੇਂ ਬਾਬਾ ਬੁੱਢਾ ਜੀ, ਭਾਈ ਭਗੀਰਥ, ਭਾਈ ਮਨਮੁੱਖ ਅਤੇ ਭਾਈ ਗਲ ਨਾਲ ਲਾ ਲਿਆ। ਰਾਤ ਦਿਨ ਹਜ਼ੂਰ ਦੀ ਸੇਵਾ ਵਿੱਚ ਬਤੀਤ ਹੋਣ ਲੱਗਾ।ਜ਼ਿੰਦਗੀ ਦੇ ਸਵਾਸ ਲੇਖੇ ਵਿੱਚ ਹੋਣ ਲੱਗ ਗਏ।

ਗੁਰੂ ਨਾਨਕ ਦਰਬਾਰ ਵਿੱਚ ਉਸ ਸਮੇਂ ਬਾਬਾ ਬੁੱਢਾ ਜੀ, ਭਾਈ ਭਗੀਰਥ, ਭਾਈ ਮਨਮੁੱਖ ਅਤੇ ਭਾਈ ਸਧਾਰਨ ਵਰਗੇ ਕਈ ਪ੍ਰਮੁੱਖ ਸੇਵਕ ਸਨ, ਪਰ ਭਾਈ ਲਹਿਣਾ ਜੀ ਦੀ ਸੇਵਾ ਬਾਬੇ ਦੇ ਮਨ ਭਾ ਗਈ। ਕਿਉਂਕਿ :-

ਆਠ ਪਹਿਰ ਪ੍ਰਭੁ ਆਪਣਾ ਧਿਆਈਏ ਗੁਰ ਪ੍ਰਸਾਦਿ ਭਉ ਤਰੀਐ॥
ਆਪ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉਂ ਮਰੀਐ॥

ਜਿਸ ਤਰ੍ਹਾਂ ਨਦੀ ਸਮੁੰਦਰ ਵਿੱਚ ਡਿੱਗ ਕੇ ਸਮੁੰਦਰ ਦਾ ਰੂਪ ਹੀ ਹੋ ਜਾਂਦੀ ਹੈ। ਉਸੇ ਤਰ੍ਹਾਂ ਭਾਈ ਲਹਿਣਾ ਜੀ ਦਾ ਨਿੱਜੀਤਵ ਵੀ ਆਪਣੇ ਗੁਰੂ ਵਿੱਚ ਸਮਾ ਗਿਆ। ਅੱਠ ਸਾਲ ਦੀ ਸਖਤ ਘਾਲਣਾ ਤੋਂ ਬਾਅਦ ਅਤੇ ਪਰਖ ਦੀ ਕਸਵੱਟੀ 'ਤੇ ਖਰਾ ਉਤਰਨ ਤੋਂ ਬਾਅਦ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦਾ ਅਨਿੱਖੜਵਾਂ ਅੰਗ ਭਾਵ ਗੁਰੂ ਅੰਗਦ ਦੇਵ ਜੀ ਬਣਨ ਵਿੱਚ ਸਫਲ ਹੋ ਗਏ। ਇਸ ਸਫਲਤਾ ਦਾ ਆਧਾਰ ਉਨ੍ਹਾਂ ਦੀ ਯੋਗਤਾ ਤੋਂ ਇਲਾਵਾ ਗੁਰੂ ਘਰ ਪ੍ਰਤੀ ਸਹਿਯੋਗਤਾ ਵੀ ਸੀ।

ਗੁਰੂ ਅੰਗਦੁ ਗੁਰੂ ਅੰਗ ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ॥
ਜੋਤੀ ਜੋਤਿ ਜਗਈਅਨ ਦੀਵੇ ਤੇ ਜਿਉ ਦੀਵਾ ਬਲਿਆ॥

ਜੋ ਅੰਗਿਆ ਗਿਆ,ਉਹ ਪਿੱਛੇ ਨਹੀਂ ਪਰਤਦਾ। ਉਹ ਜੂਝਣ ਲਈ ਸਦਾ ਤਤਪਰ ਵਿਖਾਈ ਦਿੰਦਾ ਹੈ। ਭਗਤ ਕਬੀਰ ਜੀ ਦੇ ਬਚਨ ਨੇ-

ਦਾਗੇ ਹੋਹਿ ਸੁ ਰਨ ਮਹਿ ਜੂਵਹਿ, ਬਿਨ ਦਾਗੇ ਭਗਿ ਜਾਈ॥

ਗੁਰੂ ਨਾਨਕ ਦੇਵ ਜੀ ਦੇ ਗੁਰਪੁਰੀ ਪਿਆਨਾ ਕਰ ਜਾਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਬੇ ਨਾਨਕ ਦੀ ਸੋਚ 'ਤੇ ਪਹਿਰਾ ਦਿੰਦਿਆਂ ਸਰਬਤ ਦੇ ਭਲੇ ਲਈ ਕਈ ਅਜਿਹੇ ਕਾਰਜ ਵਿੱਢੇ ਜਿਨ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਦੇ ਜਵੀਨ ਸਮਾਚਾਰਾਂ ਨੂੰ ਸਦੀਵਤਾ ਬਖਸ਼ਣ ਦੇ ਮਨੋਰਥ ਨਾਲ ਉਨ੍ਹਾਂ ਬਾਬਤ ਪਹਿਲੀ ਜਨਮ ਸਾਖੀ ਲਿਖਵਾਈ। ਪੰਜਾਬੀ ਬੋਲੀ ਦੇ ਵਿਕਾਸ ਲਈ ਗੁਰਮੁੱਖੀ ਲਿਪੀ ਨੂੰ ਨਾ ਸਿਰਫ ਮਾਂਜਿਆਂ-ਸੰਵਾਰਿਆ,ਸਗੋਂ ਵੱਖ-ਵੱਖ ਆਵਾਜ਼ਾਂ ਲਈ ਵੱਖਰੇ-ਵੱਖਰੇ ਅੱਖਰਾਂ ਨੂੰ ਪ੍ਰਮਾਣਿਕ ਤੌਰ 'ਤੇ ਪੱਕਿਆਂ ਵੀ ਕੀਤਾ।ਸੰਗਤ ਲਈ ਗੁਰਬਾਣੀ ਦੇ ਗੁਟਕੇ ਤਿਆਰ ਕਰਵਾਏ। ਤੀਸਰੀ ਅੱਖ ਦੀ ਰੌਸ਼ਨੀ ਲਈ ਵਿੱਦਿਅਕ ਅਦਾਰੇ ਖੋਲ੍ਹੇ। ਸਿਹਤ ਸੰਭਾਲ ਹਿੱਤ ਕਸਰਤੀ ਅਖਾੜਿਆਂ ਦਾ ਪ੍ਰਬੰਧ ਕੀਤਾ। ਗ੍ਰਹਿਸਤ ਪ੍ਰਧਾਨ ਸਮਾਜ ਦੀ ਹਾਮੀ ਭਰੀ। ਮਨੁੱਖੀ ਏਕਤਾ ਅਤੇ ਭਾਈਚਾਰਕ ਸਾਂਝ ਲਈ ਵਡੇਰੇ ਉਪਰਾਲੇ ਕਰਨ ਦੇ ਨਾਲ-ਨਾਲ ਲੋਕਾਂ ਨੂੰ ਵਿਰਾਗਮਈ ਰੁਚੀਆਂ ਤੋਂ ਵਰਜਿਆ। ਗੁਰੂ ਨਾਨਕ ਦੇਵ ਦੇ ਵਿਅਕਤੀਤਵ ਦੀ ਗੁਰੂ ਅੰਗਦ ਦੇਵ ਜੀ ਤੇ ਇੰਨੀ ਡੂੰਘੀ ਛਾਪ ਸੀ ਕਿ ਆਪ ਜੀ ਦੁਆਰਾ ਰਚਿਤ 62 ਸ਼ਲੋਕਾਂ ਦੇ ਉਦੇਸ਼ ਦੀ ਬਾਬੇ ਨਾਨਕ ਦੇ ਸਲੋਕਾਂ ਦੇ ਉਦੇਸ਼ ਨਾਲ ਕਾਫੀ ਨੇੜ੍ਹਤਾ ਹੈ। ਕਈ ਥਾਵਾਂ 'ਤੇ ਸ਼ਾਬਦਿਕ ਸਾਂਝ ਵੀ ਸਪੱਸ਼ਟ ਵਿਖਾਈ ਦਿੰਦੀ ਹੈ ਜਿਵੇਂ-

ਦਿਵਸ ਰਾਤ ਦੁਇ ਦਾਈ ਦਾਇਆ॥ (ਗੁਰੂ ਨਾਨਕ ਦੇਵ) ਪੰਨਾ-1
ਦਿਸੁ ਰਾਤਿ ਦੋਇ ਦਾਇਆ (ਗੁਰੂ ਅੰਗਦ ਦੇਵ) ਪੰਨਾ 147

ਗੁਰੂ ਨਾਨਕ ਦੇਵ ਜੀ ਦੀ ਤਰਜ 'ਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਵੀ ਮਨੁੱਖੀ ਸਮਾਜ ਨੂੰ ਸਾਰਥਿਕ ਸੇਧ ਪ੍ਰਦਾਨ ਕਰਨ ਦੇ ਨਾਲ-ਨਾਲ ਜੀਵਨ ਦੇ ਅਨੁਭਵ ਨੂੰ ਵੀ ਬਿਆਨ ਕਰਦੀ ਹੈ।

# ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੰਗੀ ਜੀਵਨ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਲੋਕ ਭਲਾਈ ਦੇ ਸੰਕਲਪ ਤਹਿਤ ਚਾਰੋ ਦਿਸ਼ਾਵਾਂ ਵਿਚ 'ਉਦਾਸੀਆਂ' ਕੀਤੀਆਂ। ਅੱਗੇ ਸਾਰੇ ਗੁਰੂ ਸਾਹਿਬਾਨ ਨੇ ਇਸ ਕਾਰਜ ਨੂੰ ਜਾਰੀ ਰੱਖਦਿਆਂ ਧਰਮ ਪ੍ਰਚਾਰ ਲਈ ਦੂਰ ਦੂਰ ਤੱਕ ਪ੍ਰਚਾਰਕ ਦੌਰੇ ਕੀਤੇ। ਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਨਾਲ ਨਾਲ ਚਲਦੀ ਰਹੀ। ਗੁਰੂ ਅਰਜਨ ਦੇਵ ਜੀ ਜਦੋਂ ਅੰਮ੍ਰਿਤਸਰ ਤੋਂ ਪ੍ਰਚਾਰਕ ਦੌਰਾ ਸ਼ੁਰੂ ਕਰਕੇ ਗੋਇੰਦਵਾਲ, ਕਰਤਾਰਪੁਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇ ਤਾਂ ਉਥੇ ਨੇੜਲੇ ਪਿੰਡ ਵਡਾਲੀ ਵਿਖੇ ਬਾਲ (ਗੁਰੂ) ਹਰਿਗੋਬਿੰਦ ਜੀ ਦਾ ਆਗਮਨ 5 ਜੁਲਾਈ 1595 ਨੂੰ ਹੋਇਆ।

ਆਪ ਜੀ ਦੀ ਵਿੱਦਿਆ ਅਤੇ ਸ਼ਸ਼ਤਰਾਂ ਦੀ ਸਿਖਲਾਈ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜਲਦੀ ਹੀ ਨਿਪੁੰਨ ਮਹਾਂਬਲੀ ਯੋਧਾ ਬਣ ਗਏ। ਜਦੋਂ ਆਪ ਜੀ ਦੀ ਉਮਰ ਗਿਆਰਾਂ ਕੁ ਸਾਲ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਧਾਰਮਿਕ ਈਰਖਾ ਹੇਠ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਹਥਿਆਰ ਚੁੱਕਣੇ ਪੈਣਗੇ। ਉਹਨਾਂ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਦੀ ਹੈ। ਇਸੇ ਫੌਜੀ ਕਾਰਵਾਈ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।


ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ 1606 ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ। ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੇ ਰਾਹ ਤੁਰਨ ਲਈ, ਆਪ ਜੀ ਨੇ ਦੋ ਤਲਵਾਰਾਂ 'ਮੀਰੀ ਤੇ ਪੀਰੀ' ਧਾਰਨ ਕਰ ਲਈਆਂ। ਗੁਰੂ ਜੀ ਨੇ ਸਿੱਖਾਂ ਨੂੰ ਸ਼ਿਕਾਰ ਖੇਡਣ ਅਤੇ ਸ਼ਸ਼ਤਰ ਵਿੱਦਿਆ, ਘੋੜ ਸਵਾਰੀ ਦੇ ਅਭਿਆਸਾਂ ਨਾਲ ਸੂਰਮਿਆਂ ਦੀ ਫੌਜ ਬਣਾ ਲਿਆ। ਮਾਲਵੇ ਦੁਆਬੇ ਦੇ 500 ਜੁਆਨ ਗੁਰੂ ਜੀ ਦੀ ਮਦਦ ਵਿਚ ਅੱਗੇ ਆਏ। ਗੁਰੂ ਜੀ ਦੇ ਸਮਾਜਿਕ ਕੰਮਾਂ ਜਿਵੇਂ ਬਿਪਤਾ ਅਤੇ ਕਾਲ ਦੇ ਸਮੇਂ ਸੰਗਤਾਂ ਦੀ ਸੇਵਾ ਕਰਨ ਅਤੇ ਸਾਂਝੀਵਾਲਤਾ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਕਈ ਮੁਸਲਮਾਨ ਵੀ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ।

ਸੰਨ 1609 ਵਿਚ ਗੁਰੂ ਜੀ ਨੇ ਅਕਾਲ ਤਖਤ ਦੀ ਉਸਾਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਕਰ ਲਈ। ਸੂਰਮਿਆਂ ਵਿਚ ਬੀਰ-ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਪਹਿਲਾ ਢਾਡੀ ਅਬਦੁੱਲਾ ਸੀ। ਗੁਰੂ ਜੀ ਦੀ ਵਧਦੀ ਹਰਮਨਪਿਆਰਤਾ ਤੋਂ ਜਹਾਂਗੀਰ ਔਖਾ ਸੀ। ਸੰਨ 1612 ਵਿਚ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦ ਸਨ। ਜਿਹਨਾਂ ਨਾਲ ਬੜਾ ਮਾੜਾ ਸਲੂਕ ਹੋ ਰਿਹਾ ਸੀ। ਉਹ ਸਾਰੇ ਗੁਰੂ ਜੀ ਦੇ ਸਤਸੰਗੀ ਬਣ ਗਏ। ਫਕੀਰ ਮੀਆਂ ਮੀਰ ਦੇ ਕਹਿਣ ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਹੋਏ। ਗੁਰੂ ਜੀ ਨੇ 52 ਰਾਜੇ ਵੀ ਰਿਹਾਅ ਕਰਨ 'ਤੇ ਸਹਿਮਤੀ ਦਿੱਤੀ। ਬਾਦਸ਼ਾਹ ਨੂੰ 52 ਰਾਜੇ ਵੀ ਰਿਹਾਅ ਕਰਨੇ ਪਏ। ਉਪਰੰਤ ਗੁਰੂ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤਾਂ ਉਸ ਦਿਨ ਨੂੰ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ।

### ਗੁਰੂ ਜੀ ਦਾ ਜੰਗੀ ਜੀਵਨ

**1. ਅੰਮ੍ਰਿਤਸਰ ਦੀ ਜੰਗ–** ਮੁਗਲ ਬਾਦਸ਼ਾਹ ਜਹਾਂਗੀਰ ਦੀ 1627 ਵਿਚ ਮੌਤ ਹੋ ਗਈ, ਉਸਦਾ ਪੁੱਤਰ ਸ਼ਾਹਜਹਾਂ ਤਖਤ 'ਤੇ ਬੈਠਾ। ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਵਿਰੁੱਧ ਉਸਦੇ ਕੰਨ ਭਰੇ। ਉਹ ਸਿੱਖਾਂ ਨਾਲ ਟੱਕਰ ਲੈਣ ਦਾ ਬਹਾਨਾ ਲੱਭਦਾ ਸੀ। 1628 ਨੂੰ ਅੰਮ੍ਰਿਤਸਰ ਦੇ ਨੇੜੇ ਗੁਮਟਾਲਾ ਵਿਖੇ ਸ਼ਾਹੀ ਸ਼ਿਕਾਰ ਖੇਡਿਆ ਜਾ ਰਿਹਾ ਸੀ, ਉਧਰ ਹੀ ਸਿੱਖਾਂ ਦਾ ਅਭਿਆਸੀ ਸ਼ਿਕਾਰੀ ਜਥਾ ਵੀ ਸ਼ਿਕਾਰ ਖੇਡ ਰਿਹਾ ਸੀ। ਬਾਦਸ਼ਾਹ ਦਾ ਇਕ ਬਾਜ ਸਿੱਖਾਂ ਦੇ ਹੱਥ ਆ ਗਿਆ। ਬਾਦਸ਼ਾਹ ਦੇ ਸ਼ਿਕਾਰੀ ਬੜੇ ਰੋਹਬ ਨਾਲ ਬਾਜ਼ ਵਾਪਸ ਮੰਗਣ ਆਏ। ਸਿੱਖਾਂ ਨੇ ਬਾਜ ਨਾ ਮੋੜਿਆ। ਬਾਦਸ਼ਾਹ ਸ਼ਾਹਜਹਾਨ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਉਣ ਲਈ ਮੁਖਲਿਸ ਖਾਂ ਦੀ ਕਮਾਨ ਹੇਠ ਸੱਤ ਹਜ਼ਾਰ ਦੀ ਫੌਜ ਭੇਜੀ।

ਗੁਰੂ ਜੀ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਵਿਚ ਸਨ। ਗੁਰੂ ਜੀ ਦੀ ਕੋਈ ਜੰਗੀ ਤਿਆਰੀ ਵੀ ਨਹੀਂ ਸੀ। ਜੰਗੀ ਸਮਾਨ ਵੀ ਕਾਫੀ ਨਹੀਂ ਸੀ। ਮੁਗਲਾਂ ਨੇ ਪਹਿਲਾਂ ਲੋਹਗੜ੍ਹ ਦੇ ਕਿਲੇ ਤੇ ਹਮਲਾ ਕੀਤਾ। ਥੋੜ੍ਹੇ ਜਿਹੇ ਸਿੱਖਾਂ ਨੇ ਸਖਤ ਮੁਕਾਬਲਾ ਕੀਤਾ। ਮੁਗਲਾਂ ਨੇ ਸ਼ਹਿਰ ਨੂੰ ਲੁੱਟਿਆ। ਉਹਨਾਂ ਨੇ ਗੁਰੂ ਜੀ ਦੀ ਜਾਇਦਾਦ ਅਤੇ ਪਵਿੱਤਰ ਨਿਵਾਸ ਨੂੰ ਵੀ ਲੁੱਟਿਆ। ਦੂਸਰੇ ਦਿਨ ਲੜਾਈ ਪਿਪਲੀ ਸਾਹਿਬ ਦੇ ਕੋਲ ਖਾਲਸਾ ਕਾਲਜ ਵਾਲੀ ਥਾਂ 'ਤੇ ਹੋਈ। ਗੁਰੂ ਜੀ ਦੇ ਨਾਲ



ਸੂਰਬੀਰ ਯੋਧੇ ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਪੈਂਦੇ ਖਾਂ ਆਦਿ ਸਨ। ਸਿੰਘਾਂ ਨੇ ਮੁਗਲਾਂ ਨੂੰ ਬਹੁਤ ਭਜਾਇਆ। ਤੀਸਰੇ ਦਿਨ ਦੀ ਲੜਾਈ ਵਿਚ ਭਾਰੀ ਕਤਲੇਆਮ ਹੋਇਆ। ਗੁਰੂ ਜੀ ਨੇ ਲੱਕੜ ਦੀ ਤੋਪ ਚਲਾਈ। ਦੁਸ਼ਮਣ ਦੀ ਗਿਣਤੀ ਵਧੇਰੇ ਸੀ। ਗੁਰੂ ਜੀ ਕੋਲ 700 ਸਿਪਾਹੀ ਸਨ। ਗੁਰੂ ਜੀ ਨੇ ਆਪਣਾ ਪਰਿਵਾਰ ਸੁਰੱਖਿਅਤ ਝਬਾਲ ਭੇਜ ਦਿੱਤਾ। ਘਮਸਾਨ ਦੀ ਜੰਗ ਵਿਚ ਮੁਗਲਾਂ ਦੇ ਪੈਰ ਉਖੜ ਗਏ। ਗੁਰੂ ਜੀ ਨੇ ਖੰਡੇ ਨਾਲ ਮੁਖਲਿਸ ਖਾਂ ਦੇ ਟੋਟੇ ਕਰ ਦਿੱਤੇ। ਉਸ ਦੇ ਮਰਨ ਤੇ ਮੁਗਲ ਫੌਜ ਮੈਦਾਨ ਛੱਡ ਗਈ। ਮੁਗਲਾਂ ਅਤੇ ਸਿੱਖਾਂ ਦੀ ਇਸ ਪਹਿਲੀ ਹਥਿਆਰਬੰਦ ਜੰਗ ਵਿਚ ਗੁਰੂ ਜੀ ਦੀ ਪਹਿਲੀ ਜਿੱਤ ਸੀ। ਅਗਲੇ ਦਿਨ ਗੁਰੂ ਜੀ ਨੇ ਬੀਬੀ ਵੀਰੋ ਦਾ ਵਿਆਹ ਝਬਾਲ ਦੇ ਚੌਧਰੀ ਭਾਈ ਲੰਗਾਹ ਦੇ ਘਰ ਕਰ ਦਿੱਤਾ। ਇਸ ਪਹਿਲੀ ਜੰਗ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਸੁਸ਼ੋਭਿਤ ਹੈ।

**2. ਹਰਿਗੋਬਿੰਦਪੁਰ ਦੀ ਜੰਗ (1630)–** ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੁਆਬੇ ਵਾਲੇ ਕਰਤਾਰਪੁਰ ਚਲੇ ਗਏ। ਉਥੋਂ ਆਪ ਗੁਰਦਾਸਪੁਰ ਦੇ ਨਗਰ ਗੋਬਿੰਦਪੁਰ ਗਏ। ਗੁਰੂ ਅਰਜਨ ਦੇਵ ਸਾਹਿਬ ਨੇ ਇਹ ਨਗਰ ਵਸਾਇਆ ਸੀ। ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਦਾ ਵਿਸਥਾਰ ਕੀਤਾ ਤਾਂ ਇਸਦਾ ਨਾਂ ਹਰਿਗੋਬਿੰਦਪੁਰ ਪੈ ਗਿਆ। ਇੱਥੋਂ ਦਾ ਮਾਲੀਆ ਅਧਿਕਾਰੀ ਭਗਵਾਨ ਦਾਸ ਘਰੋੜ ਸਿੱਖਾਂ ਨਾਲ ਈਰਖਾ ਕਰਦਾ ਸੀ। ਸੰਨ 1630 ਵਿਚ ਉਹ ਇਕ ਜੰਗ ਵਿਚ ਮਾਰਿਆ ਗਿਆ ਸੀ। ਉਸਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਪਾਸੋਂ ਮਦਦ ਮੰਗੀ। ਉਸਨੇ ਚੜ੍ਹਾਈ ਕਰ ਦਿੱਤੀ। ਤਿੰਨ ਦਿਨ ਸਖਤ ਜੰਗ ਹੋਈ। ਅਬਦੁਲਾ ਖਾਂ ਤੇ ਰਤਨ ਚੰਦ ਨੂੰ ਗੁਰੂ ਜੀ ਨੇ ਮਾਰ ਮੁਕਾਇਆ। ਜਲੰਧਰ ਦੀ ਫੌਜਮੈਦਾਨ ਛੱਡ ਗਈ। ਗੁਰੂ ਜੀ ਨੇ ਜੰਗੀ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ।

**3. ਮਹਿਰਾਜ ਦੀ ਜੰਗ (1631)–** ਕਾਬਲ ਦਾ ਮਸੰਦ ਗੁਰੂ ਜੀ ਵਾਸਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਲੈ ਆਇਆ। ਲਾਹੌਰ ਦੇ ਸੂਬੇਦਾਰ ਨੇ ਉਹ ਘੋੜੇ ਖੋਹ ਲਏ। ਭਾਈ ਬਿਧੀ ਚੰਦ ਆਪਣੀ ਜੁਗਤ ਨਾਲ ਉਹ ਘੋੜੇ ਵਾਪਸ ਲੈ ਆਇਆ। ਲਾਲਬੇਗ ਅਤੇ ਕਰਮਬੇਗ ਦੀ ਕਮਾਨ ਹੇਠ 20 ਕੁ ਹਜ਼ਾਰ ਦੀ ਫੌਜ ਗੁਰੂ ਜੀ ਦੇ ਵਿਰੁੱਧ ਚੜ੍ਹ ਆਈ। ਸ਼ਾਹੀ ਫੌਜ 1631 ਵਿਚ ਸਤਲੁਜ ਤੋਂ ਪਾਰ ਆਈ। ਗੁਰੂ ਜੀ ਨੇ ਮਹਿਰਾਜ਼ ਦੇ ਨੇੜੇ ਨਥਾਣੇ ਦੀ ਢਾਬ ਤੇ ਮੋਰਚੇ ਲਾ ਲਏ। ਦੋ ਦਿਨ ਦੀ ਸਖਤ ਜੰਗ ਵਿਚ ਲੋਥਾਂ ਦੇ ਢੇਰ ਲੱਗ ਗਏ। ਲਲਾ ਬੇਗ ਨੇ ਗੁਰੂ ਜੀ ਨੂੰ ਆਹਮੋ-ਸਾਹਮਣੇ ਜੰਗ ਕਰਨ ਲਈ ਲਲਕਾਰਿਆ। ਪਹਿਲਾਂ ਤੀਰਾਂ ਨਾਲ ਜੰਗ ਹੋਈ, ਫਿਰ ਤਲਵਾਰਾਂ ਨਾਲ। ਲਲਾਬੇਗ ਮਾਰਿਆ ਗਿਆ। ਉਸਦੀ ਫੌਜ ਵੀ ਭੱਜ ਗਈ। ਇਸ ਜੰਗ ਵਿਚ1200 ਸਿੰਘ ਸ਼ਹੀਦ ਹੋਏ। ਸ਼ਾਹੀ ਫੌਜ ਦਾ ਇਸ ਤੋਂ ਵੀ ਵੱਧ ਨੁਕਸਾਨ ਹੋਇਆ। ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ। ਜੰਗ ਦੀ ਜਗ੍ਹਾ ਤੇ ਗੁਰੂਸਰ ਤਾਲ ਬਣਾਇਆ।

**4. ਕਰਤਾਰਪੁਰ ਦੀ ਜੰਗ (1634)–** ਮਹਿਰਾਜ ਦੀ ਜੰਗ ਤੋਂ ਬਾਅਦ ਗੁਰੂ ਜੀ ਕਰਤਾਰਪੁਰ (ਜਲੰਧਰ) ਚਲੇ ਗਏ। ਕੁਝ ਸਮਾਂ ਪਹਿਲਾਂ ਵੀ ਜਦੋਂ ਗੁਰੂ ਜੀ ਕਰਤਾਰਪੁਰ ਠਹਿਰੇ ਸਨ ਤਾਂ ਉਹਨਾਂ ਕੁਝ ਮੁਸਲਮਾਨ ਪਠਾਣ ਨੌਕਰ ਰੱਖੇ ਸਨ। ਇਹਨਾਂ ਵਿਚ ਪੈਂਦੇ ਖਾਂ ਵੀ ਗੁਰੂ ਜੀ ਦਾ ਵਫਾਦਾਰ ਸੀ। ਪਿਪਲੀ ਸਾਹਿਬ-ਅੰਮ੍ਰਿਤਸਰ ਦੀ ਜੰਗ ਵਿਚ ਇਸਨੇ ਚੰਗੇ ਜੰਗੀ ਜੌਹਰ ਦਿਖਾਏ ਸਨ। ਫਿਰ ਉਸਨੂੰ ਹੰਕਾਰ ਹੋ ਗਿਆ ਕਿ ਗੁਰੂ ਜੀ ਦੀ ਜੰਗੀ ਸ਼ਕਤੀ ਉਸੇ ਕਰਕੇ ਹੀ ਹੈ। ਗੁਰੂ ਜੀ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ। ਉਹ ਬਾਦਸ਼ਾਹ ਕੋਲ ਜਾ ਨੌਕਰ ਹੋਇਆ। ਉਸਨੇ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਤਕੜੀ ਫੌਜ ਭੇਜਣ ਲਈ ਉਕਸਾਇਆ। ਸ਼ਾਹੀ ਫੌਜ ਦੀ ਕਮਾਨ ਕਾਲੇ ਖਾਂ ਕੋਲ ਸੀ। ਕਾਲੇ ਖਾਂ ਅੰਮ੍ਰਿਤਸਰ ਦੀ ਜੰਗ ਵਿਚ ਮਾਰੇ ਗਏ ਮੁਖਲਿਸ ਖਾਂ ਦਾ ਭਰਾ ਸੀ। ਪੈਂਦੇ ਖਾਂ ਅਤੇ ਜਲੰਧਰ ਦਾ ਫੌਜਦਾਰ ਕਤਬ ਖਾਂ ਉਸਦੇ ਸਹਾਇਕ ਸਨ।

ਸੰਨ 1634 ਵਿਚ ਕਰਤਾਰਪੁਰ ਦੀ ਜੰਗ ਹੋਈ। ਸ਼ਾਹੀ ਫੌਜ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਕਮਾਲ ਦੇ ਜੰਗੀ ਜੌਹਰ ਦਿਖਾਏ। ਇਸ ਧਰਮ ਜੰਗ ਦੀ ਅਗਵਾਈ ਬਾਬਾ ਗੁਰਦਿੱਤਾ ਜੀ ਅਤੇ ਭਾਈ ਬਿਧੀ ਚੰਦ ਜੀ ਕਰ ਰਹੇ ਸਨ। ਸਿੰਘਾਂ ਨੇ ਸ਼ਾਹੀ ਫੌਜ ਨੂੰ ਭੜਥੂ ਪਾ ਦਿੱਤਾ। ਬਾਲ (ਗੁਰੂ) ਤੇਗ ਬਹਾਦਰ ਜੀ ਵੀ 14 ਕੁ ਸਾਲਾਂ ਦੇ ਸਨ, ਕਮਾਲ ਦੀ ਬਹਾਦਰੀ ਨਾਲ ਜੰਗ ਲੜੇ। ਘਮਸਾਨ ਦੀ ਜੰਗ ਵਿਚ ਕਾਲੇ ਖਾਂ ਅਸਮਾਨ ਖਾਂ ਆਦਿ ਪਠਾਣ ਮਾਰੇ ਗਏ। ਪੈਂਦੇ ਖਾਂ ਦੀ ਗੁਰੂ ਜੀ ਨਾਲ ਹੱਥੋਂ-ਹੱਥ ਜੰਗ ਹੋਈ। ਗੁਰੂ ਜੀ ਨੇ ਉਸਨੂੰ ਪਹਿਲਾਂ ਵਾਰ ਕਰਨ ਅਤੇ ਸਾਰਾ ਗੁੱਸਾ ਕੱਢ ਲੈਣ ਦਾ ਮੌਕਾ ਦਿੱਤਾ। ਉਸਦੇ ਸਾਰੇ ਵਾਰ ਅਸਫਲ ਰਹੇ। ਗੁਰੂ ਜੀ ਨੇ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਉਹ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ। ਗੁਰੂ ਜੀ ਨੇ ਕਿਹਾ ਕਿ ਹੁਣ ਆਪਣੇ ਧਰਮ ਿਆਂ ਕਲਮਾਂ ਪੜ੍ਹਨ ਦਾ ਵੇਲਾ ਹੈ। ਉਹ ਆਖਰੀ ਸਾਹਾਂ 'ਤੇ ਸੀ। ਗੁਰੂ ਜੀ ਨੇ ਧੁੱਪ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਉਸਦੇ ਚਿਹਰੇ ਤੇ ਛਾਂ ਕੀਤੀ। ਉਸਨੇ ਕਿਹਾ ਕਿ ਗੁਰੂ ਜੀ ਤੁਹਾਡੀ ਤਲਵਾਰ ਹੀ ਮੇਰਾ ਕਲਮਾ ਤੇ ਮੁਕਤੀ ਦਾਤਾ ਹੈ। ਪੈਂਦੇ ਖਾਂ ਦੇ ਮਰਨ ਤੇ ਸ਼ਾਹੀ ਫੌਜ ਵਿਚ ਭਗਦੜ ਮੱਚ ਗਈ, ਉਹ ਨੱਸ ਗਏ। ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਨੂੰ ਤੁਰ ਪਏ।

**5. ਕੀਰਤਪੁਰ ਦੀ ਜੰਗ (1634)–** ਇਹ ਜੰਗ ਗੁਰੂ ਜੀ ਦੇ ਜੰਗੀ ਜੀਵਨ ਦੀ ਆਖਰੀ ਜੰਗ ਸੀ। ਸੰਨ 1634 ਦੀ ਇਹ ਜੰਗ ਪੜਿਆਲਾ ਕਰਕੇ ਵੀ ਜਾਣੀ ਜਾਂਦੀ ਹੈ। ਗੁਰੂ ਜੀ ਜਦੋ ਕੁਰਖਸ਼ੇਤ ਤੋਂ ਕੀਰਤਪੁਰ ਜਾ ਰਹੇ ਸਨ। ਮੁਗਲ ਪਠਾਣ ਗੁਰੂ ਜੀ ਦੀ ਵਧਦੀ ਤਾਕਤ ਵੇਖ ਕੇ ਈਰਖਾ ਵਿਚ ਸਨ। ਉਹਨਾਂ ਨੇ ਗੁਰੂ ਜੀ ਨੂੰ ਖਰੜ ਵਿਖੇ ਘੇਰਨ ਦੀ ਵਿਉੱਤ ਬਣਾਈ। ਸਿੰਘ ਜੋ 1632 ਤੋਂ ਪਿੰਡ ਨੰਗਲ ਸਿੰਘੀਆਂ ਵਿਖੇ ਰਹਿ ਰਹੇ ਸਨ, ਨੂੰ ਖਬਰ ਮਿਲੀ ਤਾਂ ਉਹ ਗੁਰੂ ਜੀ ਦੀ ਰੱਖਿਆ ਅਤੇ ਸਤਿਕਾਰ ਲਈ ਮੁਗਲ ਪਠਾਣਾਂ ਵਿਰੁੱਧ ਜੰਗ ਵਿਚ ਉਤਰ ਆਏ। ਉਹ ਸਿੰਘ ਆਪਣੇ ਖ਼ੂਨ ਦੇ ਆਖਰੀ ਕਤਰੇ ਤੱਕ ਲੜੇ ਅਤੇ ਉਹਨਾਂ ਮੁਗਲ ਪਠਾਣਾਂ ਨੂੰ ਜੰਗ ਵਿਚ ਉਲਝਾਈ ਰੱਖਿਆ। ਉਹਨਾਂ ਗੁਰੂ ਜੀ ਦੇ ਲੰਘਣ ਲਈ ਰਸਤਾ ਸੁਰੱਖਿਅਤ ਬਣਾ ਦਿੱਤਾ। ਜਦੋਂ ਗੁਰੂ ਜੀ ਪੜਿਆਲਾ ਪਹੁੰਚੇ ਤਾਂ ਉਹਨਾਂ ਨੇ ਸ਼ਹੀਦਾਂ ਨੂੰ ਮੁਕਤੀ ਦਾ ਵਰ ਦਿੱਤਾ।

ਸਿੰਘਾਂ ਦਾ ਹੱਥੀਂ ਸਸਕਾਰ ਕਰਕੇ ਗੁਰੂ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ, ਜਿੱਥੇ ਕਿ ਇਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਉਸਦੀ ਪਤਨੀ ਦਾ ਡੋਲਾ ਰੋਪੜ ਦੇ ਮੁਗਲ ਪਠਾਣ ਲੈ ਗਏ ਹਨ। ਸਿੰਘਾਂ ਨੇ ਉਹਨਾਂ ਦੀ ਰੱਖਿਆ ਵਿਚ ਮੁਗਲ ਪਠਾਣਾਂ ਨੂੰ ਭਜਾ ਦਿੱਤਾ। ਗੁਰੂ ਜੀ ਨੇ ਇਸ ਮੈਦਾਨ ਵਿਚ ਜਿੱਤ ਦਾ ਨਿਸ਼ਾਨ ਸਾਹਿਬ ਲਹਿਰਾਇਆ, ਜਿੱਥੇ ਗੁਰਦੁਆਰਾ ਝੰਡਾ ਸਾਹਿਬ ਪੜਿਆਲਾ ਕੁਰਾਲੀ ਸੁਸ਼ੋਭਿਤ ਹੈ।

ਗੁਰੂ ਜੀ ਦਾ ਉਪਦੇਸ਼ ਹੈ ਕਿ ਸ਼ਬਦ ਗੁਰੂ ਦੇ ਗਿਆਨ ਨਾਲ ਕਰਮਕਾਂਡਾਂ ਝੂਠੇ ਕਰਮਾਂ ਦੀ ਕੈਦ ਵਿਚੋਂ ਮੁਕਤ ਹੋਣਾ ਹੈ। ਉਹਨਾਂ ਰਾਮਸਰ ਬਿਬੇਕ ਸਰ ਨਾਂ ਦੇ ਸਰੋਵਰ ਬਣਾਏ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਤ ਬਣਾਉਣ ਵਾਸਤੇ ਲੋਹਗੜ੍ਹ ਕਿਲਾ ਉਸਾਰਿਆ।

## ਗ਼ਜ਼ਲ

ਬਿਰਧ ਘਰਾਂ ਵਿੱਚ ਛੱਡ ਕੇ ਬੁੱਢੇ ਮਾਂ ਤੇ ਬਾਪ,
ਬੱਚੇ ਬੈਠ ਘਰਾਂ ਵਿੱਚ ਐਸ਼ਾਂ ਕਰਦੇ ਆਪ।
ਵੱਡਿਆਂ ਦਾ ਆਦਰ ਕਰਨਾ ਭੁੱਲ ਗਏ ਨੇ ਬੱਚੇ,
ਖ਼ੌਰੇ ਇਹਨਾਂ ਨੂੰ ਕਿਸ ਨੇ ਦੇ ਦਿੱਤਾ ਸਰਾਪ।
ਥੋੜ੍ਹੀ ਬਹੁਤ ਉਨ੍ਹਾਂ 'ਚ ਹਲੀਮੀ ਆ ਜਾਂਦੀ ਹੈ,
ਜੋ ਤੜਕੇ ਉੱਠ ਕਰਦੇ ਰੱਬ ਦੇ ਨਾਂ ਦਾ ਜਾਪ।
ਜੇ ਗੁਆਂਢੀ ਅੱਗੇ ਵਧਦਾ ਹੈ, ਤਾਂ ਖੁਸ਼ ਹੋਵੋ,
ਉਸ ਨੂੰ ਅੱਗੇ ਵਧਦਾ ਤੱਕ ਨਾ ਚੜ੍ਹਾਓ ਤਾਪ।
ਪੰਡਤ ਜੀ,ਚੁੱਪ ਕਰਕੇ ਇੱਥੋਂ ਚਲਦੇ ਹੋਵੋ,
ਮੈਂ ਆਪਣੀ ਤਕਦੀਰ ਸੁਆਰ ਲਵਾਂਗਾ ਆਪ।
ਜੇਕਰ ਲੋਕਾਂ ਨੂੰ ਇਹ ਸਾਧੂ ਕੁੱਝ ਦੇ ਸਕਦਾ,
ਦਰ ਦਰ ਜਾ ਕੇ ਉਨ੍ਹਾਂ ਤੋਂ ਇਹ ਕਿਉਂ ਮੰਗੇ ਆਪ?
ਅੱਜ ਕਲ੍ਹ ਲੋਕੀਂ ਦਾਰੂ ਪੀਂਦੇ ਪਾਣੀ ਵਾਂਗ,
ਚਾਹੇ ਥਾਂ ਥਾਂ ਲਿਖਿਐ,ਦਾਰੂ ਪੀਣਾ ਪਾਪ।



– ਮਹਿੰਦਰ ਸਿੰਘ ਮਾਨ
91-99158-03554

# ਯੂਕਰੇਨ ਸੰਕਟ ਕਾਰਨ ਭਾਰਤੀ ਕਣਕ ਦੀ ਵਿਸ਼ਵਵਿਆਪੀ ਮੰਗ ਵਧੀ

**ਨਵੀਂ ਦਿੱਲੀ –** ਵਿਸ਼ਵ ਪੱਧਰ 'ਤੇ ਕਣਕ ਦੀ ਸਪਲਾਈ ਵਿੱਚ ਭਾਰਤ ਦੀ ਵੱਧ ਰਹੀ ਹਿੱਸੇਦਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਬਿਆਨ ਨੂੰ ਜਾਇਜ਼ ਠਹਿਰਾਉਂਦੀ ਹੈ ਕਿ ਭਾਰਤ ਦੁਨੀਆ ਨੂੰ ਅਨਾਜ ਮੁਹੱਈਆ ਕਰ ਸਕਦਾ ਹੈ। ਅਨੁਮਾਨ ਹੈ ਕਿ ਇਸ ਸਾਲ ਭਾਰਤ 10 ਮਿਲੀਅਨ ਟਨ ਕਣਕ ਦੀ ਬਰਾਮਦ ਕਰ ਸਕਦਾ ਹੈ। ਬਿਨਾਂ ਸ਼ੱਕ ਇਸ ਦਾ ਇਕ ਮੁੱਖ ਕਾਰਨ ਰੂਸ ਦਾ ਯੂਕਰੇਨ 'ਤੇ ਹਮਲਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਯੂਕਰੇਨ ਸੰਕਟ ਕਾਰਨ ਨਾ ਸਿਰਫ਼ ਵਿਸ਼ਵ ਭਰ ਵਿੱਚ ਭਾਰਤੀ ਕਣਕ ਦੀ ਮੰਗ ਵਧ ਰਹੀ ਹੈ, ਸਗੋਂ ਇਹ ਵੀ ਹੈ ਕਿ ਸਾਡੇ ਕਿਸਾਨ ਨਿੱਜੀ ਕੰਪਨੀਆਂ ਨੂੰ ਕਣਕ ਵੇਚਣ ਨੂੰ ਤਰਜੀਹ ਦੇ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਪ੍ਰਾਈਵੇਟ ਕੰਪਨੀਆਂ ਉਨ੍ਹਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਵੱਧ ਭੁਗਤਾਨ ਕਰ ਰਹੀਆਂ ਹਨ। ਕਿਸਾਨ ਵੀ ਪ੍ਰਾਈਵੇਟ ਕੰਪਨੀਆਂ ਨੂੰ ਕਣਕ ਵੇਚਣ ਨੂੰ ਤਰਜੀਹ ਦੇ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਸਰਕਾਰੀ ਮੰਡੀਆਂ ਵਿੱਚ ਆਮ ਤੌਰ 'ਤੇ ਆਉਣ ਵਾਲੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪੰਜਾਬ ਅਤੇ ਹਰਿਆਣਾ ਵਿੱਚ ਵੀ ਕਿਸਾਨਾਂ ਨੂੰ ਪ੍ਰਾਈਵੇਟ ਕੰਪਨੀਆਂ ਵਿੱਚ ਕਣਕ ਖਰੀਦਣ ਲਈ ਮੁਕਾਬਲੇ ਦਾ ਫਾਇਦਾ ਮਿਲ ਰਿਹਾ ਹੈ। ਇਸ ਸਥਿਤੀ ਵੱਲ ਸਿਰਫ਼ ਕਿਸਾਨ ਆਗੂਆਂ ਨੂੰ ਹੀ ਨਹੀਂ, ਸਗੋਂ ਉਨ੍ਹਾਂ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਨੂੰ ਵੀ ਦੇਖਣਾ ਚਾਹੀਦਾ ਹੈ, ਜਿਨ੍ਹਾਂ ਨੇ ਖੇਤੀ ਕਾਨੂੰਨਾਂ ਵਿਰੁੱਧ ਮਾਹੌਲ ਸਿਰਜਿਆ ਅਤੇ ਕਿਸਾਨਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਨੂੰ ਰੋਸ ਪ੍ਰਦਰਸ਼ਨ ਕਰਨ ਲਈ ਉਕਸਾਇਆ। ਘੱਟੋ-ਘੱਟ ਹੁਣ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਸਨ ਤੇ ਉਨ੍ਹਾਂ ਦਾ ਅੰਨ੍ਹੇਵਾਹ ਵਿਰੋਧ ਕਰਕੇ ਕਿਸਾਨਾਂ ਦਾ ਹੀ ਨੁਕਸਾਨ ਕੀਤਾ ਗਿਆ।



ਜੇਕਰ ਖੇਤੀ ਕਾਨੂੰਨ ਵਾਪਸ ਨਾ ਲਏ ਗਏ ਹੁੰਦੇ ਤਾਂ ਸ਼ਾਇਦ ਅੱਜ ਕਿਸਾਨ ਬਹੁਤ ਬਿਹਤਰ ਸਥਿਤੀ ਵਿੱਚ ਹੁੰਦੇ। ਕਿਸੇ ਨੂੰ ਇਹ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਹੈ ਕਿ ਭਾਰਤ ਸਰਕਾਰ ਤਿੰਨੋਂ ਖੇਤੀਬਾੜੀ ਕਾਨੂੰਨਾਂ ਵਿਚਲੀਆਂ ਊਣਤਾਈਆਂ ਨੂੰ ਦੂਰ ਕਰਨ ਲਈ ਤਿਆਰ ਸੀ। ਸਰਕਾਰ ਦੇ ਇਸ ਨਰਮ ਰੁਖ਼ ਤੋਂ ਬਾਅਦ ਵੀ ਕਿਸਾਨ ਆਗੂ ਇਸ ਗੱਲ 'ਤੇ ਅੜੇ ਰਹੇ ਕਿ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲੈਣ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ। ਵਿਰੋਧੀ ਪਾਰਟੀਆਂ ਨੇ ਕਿਸਾਨ ਆਗੂਆਂ ਨੂੰ ਮਨਾਉਣ ਅਤੇ ਵਿਚਕਾਰਲਾ ਰਾਹ ਲੱਭਣ ਦੀ ਬਜਾਏ ਉਨ੍ਹਾਂ ਦੇ ਅੜੀਅਲ ਰਵੱਈਏ ਦਾ ਸਮਰਥਨ ਕਰਨ ਨੂੰ ਤਰਜੀਹ ਦਿੱਤੀ। ਇਹ ਸਮਰਥਨ ਇਸ ਹੱਦ ਤਕ ਵਧਾਇਆ ਗਿਆ ਕਿ ਕਿਸਾਨ ਜਥੇਬੰਦੀਆਂ ਵੱਲੋਂ ਸੜਕਾਂ ਜਾਮ ਕਰਨ ਨੂੰ ਵੀ ਜਾਇਜ਼ ਠਹਿਰਾਇਆ ਗਿਆ। ਜਦੋਂ ਤੋਂ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਕਿਸਾਨ ਆਗੂਆਂ ਨੂੰ ਸੁਨੇਹਾ ਸੀ ਕਿ ਉਹ ਜੋ ਵੀ ਕਰ ਰਹੇ ਹਨ, ਉਹ ਸਹੀ ਹੈ। ਇਸ ਕਾਰਨ ਅਜਿਹੀ ਸਥਿਤੀ ਪੈਦਾ ਹੋ ਗਈ ਕਿ ਸਰਕਾਰ ਨੂੰ ਖੇਤੀ ਐਕਟ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ।

# ਪੰਚਮ ਪਾਤਸ਼ਾਹ ਦਾ ਪਿਆਰਾ ਸ਼ਰਧਾਲੂ- ਭਾਈ ਬੰਨੋ ਜੀ

ਰਮੇਸ਼ ਬੱਗਾ ਚੋਹਲਾ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਹੜਾ ਅਧਿਆਤਮਿਕ ਭੋਜਨ ਦਾ ਥਾਲ (ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ) ਸਜਾ ਕੇ ਦਿੱਤਾ ਹੈ ਇਹ ਉਨ੍ਹਾਂ ਦੀ ਇੱਕ ਵੱਡਮੁੱਲੀ ਅਤੇ ਵਿਸ਼ੇਸ਼ ਦੇਣ ਹੈ।ਇਹ ਦੇਣ ਜਿਥੇ ਗੁਰੂ ਸਾਹਿਬ ਦੇ ਇੱਕ ਯੋਗ ਸੰਪਾਦਕ,ਮਹਾਨ ਵਿਦਵਾਨ ਅਤੇ ਉੱਚਕੋਟੀ ਦੇ ਕਵੀ ਹੋਣ ਦੀ ਹਾਮੀ ਭਰਦੀ ਹੈ ਉੱਥੇ ਉਨ੍ਹਾਂ ਦੇ ਵਿੱਥ ਰਹਿਤ ਅਤੇ ਸਮਸਰ ਨਜ਼ਰੀਏ ਦੇ ਧਾਰਣੀ ਹੋਣ ਦੀ ਗਵਾਹੀ ਵੀ ਦਿੰਦੀ ਹੈ। ਵਿਸ਼ਾਲ ਅਤੇ ਕਮਾਲ ਨਜ਼ਰੀਏ ਨਾਲ ਸਜਾਏ ਇਸ ਅਧਿਆਤਮਿਕ ਥਾਲ ਵਿਚ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤ (ਉੱਚਾ ਤੇ ਸੁੱਚਾ ਆਚਰਣ) ਸੰਤੋਖ (ਦੁਨਿਆਵੀ ਦਾਤਾਂ ਤੋਂ ਤ੍ਰਿਪਤੀ) ਅਤੇ ਵੀਚਾਰ (ਆਤਮਿਕ ਗਿਆਨ) ਦੇ ਨਾਲ-ਨਾਲ ਪ੍ਰਭੂ ਦਾ ਅੰਮ੍ਰਿਤਮਈ ਅਤੇ ਸਦੀਵੀ ਨਾਮ ਵੀ ਪਰੋਸਿਆ ਹੈ।ਰੂਹਾਂ ਦੇ ਰੱਜ ਲਈ ਸਜਾਏ ਇਸ ਬੇਸ਼ਕੀਮਤੀ ਥਾਲ ਬਾਬਤ ਗੁਰੂ ਸਾਹਿਬ ਦਾ ਇਹ ਦਾਅਵਾ ਹੈ ਕਿ ਜੇਕਰ ਕੋਈ ਸ਼ਰਧਾ-ਭਾਵਨਾ ਨਾਲ ਇਸ ਆਤਮਿਕ ਭੋਜਨ ਦਾ ਸੇਵਨ ਕਰਕੇ ਉਸ ਨੂੰ ਪਚਾਵੇਗਾ ਭਾਵ ਹਿਰਦੇ ਵਿਚ ਵਸਾਵੇਗਾ ਉਸ ਦਾ ਲੋਕ ਸੁਖੀਆ ਅਤੇ ਪ੍ਰਲੋਕ ਸੁਹੇਲਾ ਹੋ ਜਾਵੇਗਾ।

ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਇਸ ਥਾਲ ਨੂੰ ਸਜਾਉਣ ਲਈ ਜਿਥੇ ਪੰਚਮ ਪਾਤਸ਼ਾਹ ਦਾ ਆਪਣਾ ਇੱਕ ਅਹਿਮਤਰੀਨ ਯੋਗਦਾਨ ਹੈ ਉੱਥੇ ਭਾਈ ਗੁਰਦਾਸ ਜੀ, ਬਾਬਾ ਬੁੱਢਾ ਸਾਹਿਬ ਅਤੇ ਨਗਰ ਖਾਰਾ ਦੇ ਨਿਵਾਸੀ ਭਾਈ ਬੰਨੋ ਜੀ ਅਦਿ ਦਾ ਵੀ ਵਿਸ਼ੇਸ਼ ਸਹਿਯੋਗ ਹੈ।

ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਭਾਈ ਬੰਨੋ ਜੀ ਦਾ ਜਨਮ ਵਿਸਾਖ ਸੁਦੀ 13 ਸੰਮਤ 1615 ਬਿਕ੍ਰਮੀ (30 ਅਪ੍ਰੈਲ 1558 ਈ.) ਨੂੰ ਭਾਈ ਬਿਸ਼ਨ ਚੰਦ/ਦੇਵ ਦੇ ਗ੍ਰਿਹਿ ਪਿੰਡ ਖਾਰਾ ਮਾਂਗਟ (ਗੁਜਰਾਤ) ਵਿਖੇ ਹੋਇਆ।ਭਾਈ ਸਾਹਿਬ ਭਾਟੀਆ (ਖੱਤਰੀ) ਭਾਈਚਾਰੇ ਨਾਲ ਸੰਬੰਧ ਰੱਖਦੇ ਸਨ।ਭਾਈ ਬੰਨੋ ਦੇ ਤਿੰਨ ਭਰਾ ਭਾਈ ਫੇਰੂ, ਭਾਈ ਗੁਰਦਿੱਤਾ ਅਤੇ ਭਾਈ ਹਰੀ ਜੀ ਸਨ।ਜਿਸ ਪਿੰਡ ਵਿਚ ਭਾਈ ਸਾਹਿਬ ਦਾ ਜਨਮ ਹੋਇਆ ਉਹ ਸਿਰਫ ਨਾਮ ਦਾ ਹੀ ਖਾਰਾ ਨਹੀਂ ਸੀ ਸਗੋਂ ਉਸ ਦਾ ਪਾਣੀ ਵੀ ਅਤਿ ਦਾ ਖਾਰਾ ਸੀ।ਪੀਣ ਦੇ ਯੋਗ ਨਾ ਹੋਣ ਕਾਰਨ ਪਿੰਡ ਵਾਸੀਆਂ ਨੂੰ ਦੂਰ-ਦੁਰਾਡੇ ਤੋਂ ਪਾਣੀ ਦੀ ਲੋੜ ਪੂਰੀ ਕਰਨੀ ਪੈਂਦੀ ਸੀ।

ਭਾਈ ਬੰਨੋ ਦਾ ਵਿਆਹ ਚੇਤ ਸੁਦੀ 7 ਸੰਮਤ 1933 ਨੂੰ ਪਿੰਡ ਮਾਨੋ ਚੱਕ ਦੇ ਵਸਨੀਕ ਦਿਆਲ ਚੰਦ ਸਾਵੜਾ ਦੀ ਬੇਟੀ ਸੁਰੰਗੀ ਜਿਨ੍ਹਾਂ ਨੂੰ ਬੀਬੀ ਰੱਜੀ ਵੀ ਕਿਹਾ ਜਾਂਦਾ ਸੀ,ਨਾਲ ਹੋਇਆ।ਨੇਕ ਸੁਭਾਅ ਦੀ ਸੁਆਣੀ ਹੋਣ ਕਰਕੇ ਪਿੰਡ ਦੇ ਲੋਕ ਉਸ ਨੂੰ 'ਮਾਈ ਰੱਜੀ ਪਰਦੇ ਕੱਜੀ' ਕਿਹਾ ਕਰਦੇ ਸਨ।ਭਾਈ ਸਾਹਿਬ ਨੂੰ ਗੁਰਮਿਤ ਦਾ ਪਾਠ ਪੜ੍ਹਾਉਣ ਵਾਲੀ ਸੁਰੰਗੀ ਉਰਫ਼ ਬੀਬੀ ਰੱਜੀ ਹੀ ਸੀ। ਭਾਈ ਬੰਨੋ ਦੇ ਘਰ ਅੱਠ ਪੁੱਤਰਾਂ ਨੇ ਜਨਮ ਲਿਆ ਜਿਨ੍ਹਾਂ ਦੇ ਨਾਮ ਹਨ-ਮੱਲ, ਟੱਲ, ਤਾਰਾ, ਦਵਾਰਕਾ, ਲੱਖੂ, ਬੱਖੂ, ਉੱਤਮ ਅਤੇ ਬੱਧੂ। ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਭਾਈ ਬੰਨੋ ਨੇ ਇਨ੍ਹਾਂ ਸਾਰਿਆਂ ਨੂੰ ਅਧਿਆਤਮਿਕ ਪੜ੍ਹਾਈ ਵੀ ਕਰਵਾਈ ਪਰ ਪਦਾਰਥਵਾਦੀ ਬਿਰਤੀ ਭਾਰੂ ਹੋਣ ਕਰਕੇ ਇਹ ਭਾਈ ਸਾਹਿਬ ਕੋਲੋਂ ਵੱਖਰੀ ਧੰਨ-ਸੰਪਤੀ ਦੀ ਆਸ ਕਰਨ ਲੱਗ ਪਏ।ਭਾਈ ਬੰਨੋ ਨੇ ਇਨ੍ਹਾਂ ਨੂੰ ਸਮਝਾਇਆ ਕਿ ਸਿੱਖੀ ਅਤੇ ਸੰਪਤੀ ਦੋਵੇਂ ਇੱਕ ਥਾਂ 'ਤੇ ਨਹੀਂ ਟਿੱਕ ਸਕਦੀਆਂ।ਪੁੱਤਰ ਬਾਪੂ ਦੀ ਰਮਜ਼ ਨੂੰ ਸਮਝ ਗਏ ਅਤੇ ਰੱਬ ਦੀ ਰਜ਼ਾ ਵਿਚ ਰਾਜੀ ਰਹਿਣ ਲੱਗ ਪਏ।

ਜਦੋਂ ਸੰਮਤ 1645 ਵਿਚ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਖੁਦਾਈ ਕਰਵਾ ਰਹੇ ਸਨ ਤਾਂ ਉਸ ਸਮੇਂ ਭਾਈ



ਬੰਨੋ ਜੀ ਸੰਗਤ ਸਮੇਤ ਦਰਸ਼ਨ ਕਰਨ ਲਈ ਆ ਗਏ।ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਹ ਉਥੋਂ ਦੇ ਹੀ ਹੋ ਕੇ ਰਹਿ ਗਏ।ਮਨ ਸਿਮਰਨ ਅਤੇ ਤਨ ਸੇਵਾ ਵਿਚ ਲਗਾ ਕੇ ਭਾਈ ਸਾਹਿਬ ਸਿੱਖੀ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਏ।ਸਿੱਖੀ ਪ੍ਰਤੀ ਸਮਰਪਣ ਦੀ ਭਾਵਨਾ ਅਤੇ ਵਿਸ਼ੇਸ਼ ਲਗਨ ਨੂੰ ਦੇਖ ਕੇ ਗੁਰੂ ਅਰਜਨ ਦੇਵ ਨੇ ਭਾਈ ਬੰਨੋ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਦਿੱਤਾ। ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਭਾਈ ਬੰਨੋ ਦੀ ਦੇਣ ਕਾਬਲ-ਏ-ਤਰੀਫ਼ ਹੈ।ਦੂਰ-ਦੁਰਾਡੇ ਦੇ ਇਲਾਕੇ ਵਿਚ ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਆਪਣੇ ਨਗਰ ਖਾਰੇ ਵਿਚ ਵੀ ਇੱਕ ਧਰਮਸ਼ਾਲਾ ਬਣਾਈ ਜਿਥੇ ਬੈਠਕੇ ਉਹ ਕਥਾ-ਕੀਰਤਨ ਦਾ ਆਖੰਡ ਪ੍ਰਵਾਹ ਚਲਾਉਂਦੇ ਸਨ। ਗੁਰੂ ਅਰਜਨ ਦੇਵ ਜੀ ਭਾਈ ਬੰਨੋ ਨੂੰ ਰੱਜਵਾਂ ਮਾਣ ਤੇ ਸਤਿਕਾਰ ਦਿੰਦੇ ਸਨ।ਹਰਿਮੰਦਰ ਸਾਹਿਬ ਦੀ ਮੁਕੰਮਲਤਾ ਦੀ ਖ਼ੁਸ਼ੀ ਵਿਚ ਗੁਰੂ ਸਾਹਿਬ ਨੇ ਇੱਕ ਵਾਰ ਬ੍ਰਹਮ-ਭੋਜ (ਲੰਗਰ) ਤਿਆਰ ਕਰਵਾਇਆ।ਪੁਰਾਤਨੀ ਸੋਚ ਵਾਲੇ ਕੁੱਝ ਸਿੱਖਾਂ ਨੇ ਗੁਰੂ ਜੀ ਨੂੰ ਇਸ ਭੋਜ ਦਾ ਪਹਿਲਾ ਥਾਲ ਕਿਸੇ ਪੁਰੋਹਿਤ ਨੂੰ ਛਕਾਉਣ ਲਈ ਕਿਹਾ। ਗੁਰੂ ਅਰਜਨ ਦੇਵ ਜੀ ਨੇ ਉਹ ਥਾਲ ਭਾਈ ਬੰਨੋ ਅੱਗੇ ਰੱਖ ਦਿੱਤਾ। ਇਸ ਗੱਲ ਦੀ ਗਵਾਹੀ ਭਾਈ ਜਵਾਹਰ ਸਿੰਘ ਨੇ ਆਪਣੀ ਪੁਸਤਕ 'ਭਾਈ ਬੰਨੋ ਪ੍ਰਕਾਸ਼' ਦੇ ਅਧਿਆਇ ਛੇਵੇਂ ਵਿਚ ਇਸ ਤਰ੍ਹਾਂ ਭਰੀ ਹੈ:-

'ਹਮਰੋ ਪ੍ਰੋਹਿਤ ਭਾਈ ਬੰਨੋ॥ ਸਭ ਸੰਗਤਿ ਤੁਮ ਸਤਿ ਕਰਿ ਮਾਨੋ॥

ਚਾਰ ਗੁਰੂ ਸਾਹਿਬਾਨ ਨੇ ਸਿੱਖੀ ਦੀ ਚੜ੍ਹਦੀਕਲਾ ਅਤੇ ਸਰਬਤ ਦੇ ਭਲੇ ਲਈ ਆਪਣੇ-ਆਪਣੇ ਸਮੇਂ ਵਿਚ ਬਾਣੀ (ਪੋਥੀ ਦੇ ਰੂਪ ਵਿਚ) ਰਚ ਕੇ ਸਾਰਥਿਕ ਅਤੇ ਸਦੀਵੀਂ ਯੋਗਦਾਨ ਪਾਇਆ ਹੈ।ਗੁਰੂ ਅਰਜਨ ਦੇਵ ਜੀ ਨੇ ਇਸ ਯੋਗਦਾਨ ਨੂੰ ਪੱਕੇ ਪੈਰੀਂ ਕਰਨ ਹਿੱਤ ਇੱਕ ਵੱਡ-ਅਕਾਰੀ ਅਤੇ ਮਿਆਰੀ ਗ੍ਰੰਥ ਦੀ ਸੰਪਾਦਨਾ ਦਾ ਪ੍ਰੋਗਰਾਮ ਬਣਾਇਆ।ਇਸ ਪ੍ਰੋਗਰਾਮ ਦਾ ਉਦੇਸ਼ ਗੁਰੂ ਸਾਹਿਬਾਨ ਦੀਆਂ ਰੱਬੀ-ਰਚਨਾਵਾਂ ਦੀ ਸਾਂਭ-ਸੰਭਾਲ ਤੋਂ ਇਲਾਵਾ ਗੁਰਮਿਤ ਦੀ ਕਸਵੱਟੀ 'ਤੇ ਖ਼ਰੀਆਂ ਉਤਰਨ ਵਾਲੀਆਂ ਭਗਤਾਂ, ਭੱਟਾਂ ਅਤੇ ਗੁਰੂ-ਘਰ ਨਾਲ ਨੇੜਤਾ ਰੱਖਣ ਵਾਲਿਆਂ ਸਿੱਖਾਂ ਦੀ ਰਚਨਾਵਾਂ ਨੂੰ ਸੰਭਾਲਣਾ ਵੀ ਸੀ।ਮਹਾਨਤਾ ਅਤੇ ਵਿਦ-ਵਾਨਤਾ ਵਾਲੇ ਇਸ ਕਾਰਜ ਲਈ ਪੰਚਮ ਪਾਤਸ਼ਾਹ ਨੇ ਰਾਮਸਰ ਨਾਮ ਦੇ ਇਕਾਂਤਕ ਸਥਾਨ ਦੀ ਚੋਣ ਕੀਤੀ ਅਤੇ ਕਾਗਜ਼-ਕਲਮ ਮੰਗਵਾਕੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਨਿਯੁਕਤ ਕਰ ਦਿੱਤਾ।ਇਸ ਤਰ੍ਹਾਂ ਗੁਰਬਾਣੀ/ਬਾਣੀ ਸੰਗ੍ਰਿਹ ਅਤੇ ਸੰਪਾਦਨ ਦਾ ਇਹ ਕਾਰਜ ਲਗਭਗ ਪੌਣੇ ਕੁ ਦੋ ਸਾਲ ਵਿਚ ਸੰਪੂਰਨ ਹੋ ਗਿਆ। ਬੀੜ ਦੀ ਤਿਆਰੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਬੜੀ ਸ਼ਿੱਦਤ ਨਾਲ ਇਸ ਦੀ ਹਿਫ਼ਾਜਤ ਦੀ ਲੋੜ ਨੂੰ ਮਹਿਸੂਸ ਕੀਤਾ ਜੋ ਕਿ ਇੱਕ ਮਜਬੂਤ ਅਤੇ ਸੁੰਦਰ ਜਿਲਦ ਨਾਲ ਹੀ ਹੋ ਸਕਦੀ ਸੀ। ਗੁਰੂ ਸਾਹਿਬ ਅਜੇ ਇਸ ਬਾਰੇ ਸੋਚ ਹੀ ਰਹੇ ਸਨ ਕਿ ਅਚਾਨਕ ਭਾਈ ਬੰਨੋ ਜੀ ਖਾਰੇ ਵਾਲੇ ਉੱਥੇ ਪਹੁੰਚ ਗਏ।ਅੰਮ੍ਰਿਤਸਰ ਨਗਰ ਅਜੇ ਨਵਾਂ-ਨਵਾਂ ਵੱਸਿਆ ਸੀ ਜਿਸ ਕਰਕੇ ਜਿਲਦਸਾਜ਼ੀ ਦਾ ਕੰਮ ਇਥੇ ਨਹੀਂ ਸੀ ਹੁੰਦਾ।ਇਸ ਕੰਮ ਲਈ ਲਾਹੌਰ ਜਾਂ ਦਿੱਲੀ ਜਾਣਾ ਪੈਣਾ ਸੀ। ਇਹ ਸੇਵਾ ਭਾਈ ਬੰਨੋ ਨੂੰ ਸੌਂਪਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ,'ਇਸ ਬੀੜ (ਜੋ ਵੱਖ-ਵੱਖ ਸੈਂਚੀਆਂ ਦੇ ਰੂਪ ਵਿਚ ਸੀ) ਨੂੰ ਆਪਣੇ ਨਗਰ ਖਾਰੇ ਲੈ ਜਾਉ ਅਤੇ ਮੁੜਦੇ ਹੋਏ ਲਾਹੌਰ ਤੋਂ ਇੱਕ ਚੰਗੀ ਅਤੇ ਟਿਕਾਊ ਜਿਲਦ ਬੰਨ੍ਹਵਾ ਲਿਆਉ।' ਭਾਈ ਬੰਨੋ ਨੇ ਗੁਰ ਸਾਹਿਬ ਦੇ ਬਚਨ ਨੂੰ ਸਤਿ ਕਰਕੇ ਜਾਣਿਆਂ ਅਤੇ ਨਾਲ ਹੀ ਇਸ ਬੀੜ ਦਾ ਇੱਕ ਹੋਰ ਉਤਾਰਾ ਕਰਨ ਦੀ ਆਗਿਆ ਵੀ ਲੈ ਲਈ। ਗੁਰੂ ਸਾਹਿਬ ਦੇ ਹੁਕਮ ਨਾਲ ਭਾਈ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਈ ਅਤੇ ਸੰਗਤ ਸਮੇਤ ਅੰਮ੍ਰਿਤਸਰ ਤੋਂ ਆਪਣੇ ਨਗਰ ਖਾਰੇ ਨੂੰ ਚੱਲ ਪਏ। ਲਾਹੌਰ ਪਹੁੰਚ ਕੇ ਦਰਿਆ ਰਾਵੀ ਦੇ ਕਿਨਾਰੇ ਇੱਕ ਇਕਾਂਤ ਸਥਾਨ 'ਤੇ ਬੈਠ ਕੇ ਉਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦਾ ਉਤਾਰਾ ਕਰਨਾ ਆਰੰਭ ਦਿੱਤਾ।ਪਰ ਜਵਾਹਰ ਸਿੰਘ ਦੇ ਮੁਤਾਬਿਕ ਇਹ ਕਾਰਜ ਉਨ੍ਹਾਂ ਨੇ ਰਸਤੇ ਵਿਚ ਪੜਾਅ ਕਰਕੇ ਹੀ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਨਗਰ ਖਾਰੇ ਵਿਚ ਪਹੁੰਚਣ ਅਤੇ ਉੱਥੋਂ ਲਾਹੌਰ ਮੁੜਦੇ ਸਮੇਂ ਤੱਕ ਭਾਈ ਬੰਨੋ ਦੇ ਉਦਮ ਸਦਕਾ ਆਦਿ ਗ੍ਰੰਥ ਸਾਹਿਬ ਦੀ ਇੱਕ ਹੋਰ ਬੀੜ ਤਿਆਰ ਹੋ ਗਈ, ਜਿਹੜੀ ਖਾਰੇ ਵਾਲੀ ਜਾਂ ਖਾਰੀ ਬੀੜ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਤੋਂ ਬਾਅਦ ਭਾਈ ਸਾਹਿਬ ਲਾਹੌਰ ਪਹੁੰਚ ਗਏ ਅਤੇ ਉਨ੍ਹਾਂ ਨੇ ਇੱਕ ਚੰਗੇ ਜਿਲਦਸਾਜ਼ ਤੋਂ ਦੋਵਾਂ ਪਵਿੱਤਰ ਬੀੜਾਂ ਦੀਆਂ ਪੱਕੀਆਂ ਜਿਲਦਾਂ ਬੰਨ੍ਹਵਾ ਲਈਆਂ। ਇਸ ਕਾਰਜ ਦੀ ਸਿੱਧੀ ਤੋਂ ਬਾਅਦ ਭਾਈ ਬੰਨੋ ਜੀ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਗਏ ਅਤੇ ਉਨ੍ਹਾਂ ਨੇ ਦੋਵੇਂ ਬੀੜਾਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀਆਂ।

ਗੁਰੂ ਜੀ ਉਨ੍ਹਾਂ ਬੀੜਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਨਾਲ ਬਚਨ ਕੀਤਾ, 'ਭਾਈ ਬੰਨੋ,ਅਸੀਂ ਅਦਬ ਦੇ ਲਿਹਾਜ਼ ਨਾਲ ਇੱਕ ਬੀੜ ਹੀ ਕਾਇਮ ਰੱਖਣੀ ਚਾਹੁੰਦੇ ਸੀ ਪਰ ਹੁਣ ਤੂੰ ਪ੍ਰੇਮ ਅਤੇ ਲਗਨ ਨਾਲ ਇਸ ਦਾ ਦੂਜਾ ਉਤਾਰਾ ਕਰਵਾ ਲਿਆ ਹੈ ਇਸ ਲਈ ਹੁਣ ਇਹ ਬੀੜ ਇੱਕ ਨਹੀਂ ਰਹੇਗੀ ਸਗੋਂ ਇਸ ਦੀ ਅਨੇਕਾਂ ਪ੍ਰਤੀਆਂ ਤਿਆਰ ਹੋ ਕਿ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਪਾਸ ਪਹੁੰਚ ਜਾਣਗੀਆਂ। ਗੁਰੂ ਸਾਹਿਬ ਦਾ ਇਹ ਬਚਨ ਅਟੱਲ ਸਾਬਤ ਹੋਇਆ 17ਵੀਂ ਅਤੇ 18ਵੀਂ ਸਦੀ ਵਿਚ ਇਸ ਬੀੜ ਦੇ ਅਨੇਕਾਂ ਉਤਾਰੇ ਹੋਏ ਜਿਨ੍ਹਾਂ ਨੂੰ ਸਿੱਖ ਸ਼ਰਧਾਲੂਆਂ ਵੱਲੋਂ ਬੜੇ ਪਿਆਰ ਤੇ ਸਤਿਕਾਰ ਨਾਲ ਪੜ੍ਹਿਆ/ਸੁਣਿਆ ਗਿਆ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਵਾਲੀ ਬੀੜ (ਆਦਿ ਗ੍ਰੰਥ ਸਾਹਿਬ) ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਿਤ ਕਰ ਦਿੱਤਾ ਅਤੇ ਦੂਜੀ (ਖਾਰੀ) ਬੀੜ ਉਪਰ ਆਪਣੇ ਦਸਤਖ਼ਤ ਕਰਕੇ ਭਾਈ ਬੰਨੋ ਜੀ ਨੂੰ ਬਖ਼ਸ਼ ਦਿੱਤੀ।ਭਾਈ ਸਾਹਿਬ ਉਹ ਬੀੜ ਲੈ ਕੇ ਆਪਣੇ ਨਗਰ ਖਾਰੇ ਮਾਂਗਟ ਚਲੇ ਗਏ,ਜਿਥੇ ਇਹ ਬੀੜ ਪਹਿਲਾਂ ਉਨ੍ਹਾਂ ਕੋਲ ਅਤੇ ਫਿਰ ਉਨ੍ਹਾਂ ਦੇ ਪਰਿਵਾਰ ਕੋਲ ਰਹੀ। ਵੰਡ ਤੋਂ ਬਾਅਦ ਭਾਈ ਬੰਨੋ ਜੀ ਦਾ ਪਰਿਵਾਰ ਉੱਤਰ ਪ੍ਰਦੇਸ਼ ਦੇ ਨਗਰ ਬੜੌਤ ਵਿਚ ਆ ਵੱਸਿਆ। ਬਿਰਧ ਅਵਸਥਾ ਵਿਚ ਹੋਣ ਦੇ ਬਾਵਜੂਦ ਇਹ ਬੀੜ ਇਸ ਪਰਿਵਾਰ ਕੋਲ ਸੁਰੱਖਿਅਤ ਰਹੀ ਹੈ।

# ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ- ਕਮੇਟੀ ਮੈਂਬਰ ਵਿਜੈ ਬੰਬੇਲੀ ਨੇ ਝੁਲਾਇਆ ਗ਼ਦਰੀ ਝੰਡਾ

**ਜਲੰਧਰ-** ਮੁਲਕ ਦੇ ਆਜ਼ਾਦੀ ਸੰਗਰਾਮ ਵਿੱਚ ਇਨਕਲਾਬੀ ਤਵਾਰੀਖ਼ ਦਾ ਵਿਲੱਖਣ ਸਫ਼ਾ ਲਿਖਣ ਵਾਲੀ ਗ਼ਦਰ ਪਾਰਟੀ ਦਾ 109ਵਾਂ ਸਥਾਪਨਾ ਦਿਹਾੜਾ (1913-2022) ਮੁਲਕ ਦੀ ਅਜੋਕੀ ਸਥਿਤੀ, ਚੁਣੌਤੀਆਂ ਅਤੇ ਲੋਕ ਪੱਖੀ ਤਾਕਤਾਂ ਦੀ ਭੂਮਿਕਾ ਨੂੰ ਸਮਰਪਤ ਕਰਦਿਆਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿੱਚ ਜੋਸ਼-ਖਰੋਸ਼ ਨਾਲ ਮਨਾਇਆ ਗਿਆ।





ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮਨਾਏ ਸਥਾਪਨਾ ਦਿਹਾੜੇ ਮੌਕੇ ਕਮੇਟੀ ਮੈਂਬਰ ਵਿਜੈ ਬੰਬੇਲੀ ਨੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਸਾਮਰਾਜਵਾਦ-ਮੁਰਦਾਬਾਦ, ਇਨਕਲਾਬ-ਜ਼ਿੰਦਾਬਾਦ, ਫ਼ਿਰਕੂ ਤਾਕਤਾਂ ਮੁਰਦਾਬਾਦ, ਲੋਕ-ਏਕਤਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗ਼ਦਰੀ ਦੇਸ਼ ਭਗਤਾਂ ਦੀ ਕਰਨੀ ਨੂੰ ਪ੍ਰਣਾਮ ਕਰਦਿਆਂ, ਗ਼ਦਰ ਪਾਰਟੀ ਦੇ ਅਧੂਰੇ ਸੁਪਨੇ ਸਾਕਾਰ ਕਰਨ ਦਾ ਅਹਿਦ ਲਿਆ ਗਿਆ। ਇਸ ਉਪਰੰਤ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਗੰਭੀਰ ਵਿਚਾਰ-ਚਰਚਾ ਮੌਕੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਵਿਜੈ ਬੰਬੇਲੀ ਅਤੇ ਸਮਾਗਮ ਦੇ ਮੁੱਖ ਵਕਤਾ ਨਾਮਵਰ ਵਿਦਵਾਨ ਪ੍ਰਣਜੋਆਇ ਗੁਹਾ ਠਾਕੁਰਤਾ ਮੌਜੂਦ ਸਨ।

ਸਮਾਗਮ 'ਚ ਬੋਲਦਿਆਂ ਵਿਜੈ ਬੰਬੇਲੀ ਨੇ ਕਿਹਾ ਕਿ ਸਾਡਾ ਮੁਲਕ ਬਹੁਪਰਤੀ-ਫੁਲਵਾੜੀ ਹੈ। ਸਿਰਫ਼ ਭੂਗੋਲਿਕ ਸਥਿਤੀ, ਅਰਥਾਤ ਮਿੱਟੀ, ਪਹਾੜਾਂ, ਜੰਗਲਾਂ, ਨਦੀਆਂ ਅਤੇ ਖਣਿਜਾਂ ਵਿੱਚ ਹੀ ਨਹੀਂ, ਸਗੋਂ ਰੁੱਤਾਂ, ਬਹੁ-ਵੰਨਗੀ ਜੀਵ-ਜੰਤੂਆ, ਬਹੁ-ਪਰਤੀ ਬਨਸਪਤੀ ਅਤੇ ਇਸ ਤੋਂ ਵੀ ਵੱਧ ਕੇ ਕੌਮਾਂ, ਕੌਮੀਅਤਾਂ, ਭਾਸ਼ਾਵਾਂ, ਬੋਲੀਆਂ, ਬਹੁ-ਧਰਮੀ, ਅਨੇਕਾਂ ਰਸਮਾਂ, ਸਭਿਆਚਾਰਾਂ ਅਤੇ ਬਹੁ-ਵੰਨਗੀ ਖਾਣਿਆਂ ਵਾਲਾ। ਭਾਵ; ਬਹੁ-ਰੰਗਾਂ ਹੈ, ਸਾਡਾ ਦੇਸ਼। ਇਹੀ; ਉਹ ਗੱਲ ਹੈ, ਜਿਹੜੀ ਕੱਟੜਪੰਥੀਆਂ, ਫਾਸ਼ੀਵਾਦੀਆਂ ਅਤੇ ਸਾਮਰਾਜਵਾਦੀਆਂ ਦੀਆਂ ਪਿੱਠੂ ਹਾਕਮ ਜਮਾਤਾਂ ਨੂੰ ਹਜ਼ਮ ਨਹੀਂ ਹੁੰਦੀ। ਉਹ ਅਨੇਕਤਾਂ ਵਿੱਚ ਏਕਤਾ ਦੀ ਬਜਾਏ ਸਾਨੂੰ ਆਪਣੇ ਸੌੜੇ ਮੁਫ਼ਾਦਾ ਖਾਤਰ ਇੱਕੋ ਰੱਸੇ ਨੂੜਨਾ ਚਾਹੁੰਦੇ ਹਨ। ਲੋਕ ਅੜ ਰਹੇ ਹਨ, ਇਸੇ ਕਰਕੇ ਉਹ ਮੁਕੰਮਲ ਸਫ਼ਲ ਨਹੀਂ ਹੋ ਰਹੇ। ਪਰ ਉਹ ਕੁਝ ਨਾ ਕੁਝ ਸਫ਼ਲ ਜ਼ਰੂਰ ਹੋ ਗਏ ਹਨ। ਸਾਡੀ ਏਨੀ ਸਦਭਾਵੀ ਅਤੇ ਲੋਕ-ਪੱਖੀ ਵਿਰਾਸਤ ਦੇ ਬਾਵਜੂਦ ਵੀ ਉਹ ਕੁਝ ਵੀ ਸਫ਼ਲ ਕਿਵੇਂ ਹੋ ਗਏ? ਗ਼ਦਰ ਪਾਰਟੀ ਦਾ ਤ੍ਰੈਅ-ਰੰਗਾਂ ਝੰਡਾ ਇਸ ਸਵਾਲ ਦਾ ਜਵਾਬ ਮੰਗਦਾ ਹੈ। ਆਓ ਪੁਖਤਾ ਜਵਾਬ ਲੱਭਣ ਲਈ ਸਿਰ ਜੋੜ ਕੇ ਬੈਠੀਏ, ਇੱਕ-ਜੁਟ ਹੋਈਏ ਅਤੇ ਲਾਮਬੰਦੀ ਕਰੀਏ। ਵਿਚਾਰ-ਚਰਚਾ 'ਚ ਜੁੜੇ ਬੁੱਧੀਜੀਵੀਆਂ, ਲੇਖਕਾਂ, ਜਮਹੂਰੀ, ਤਰਕਸ਼ੀਲ, ਇਨਕਲਾਬੀ, ਲੋਕ-ਪੱਖੀ ਆਗੂਆਂ ਅਤੇ ਕਾਮਿਆਂ ਨੂੰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਜੀ ਆਇਆਂ ਕਿਹਾ। ਸਹਾਇਕ ਸਕੱਤਰ ਡਾ. ਪਰਮਿੰਦਰ ਨੇ ਮੁੱਖ ਵਕਤਾ ਦੇ ਬਹੁ-ਵੰਨਗੀ ਕਾਰਜ ਖੇਤਰ ਬਾਰੇ ਜਾਣ-ਪਹਿਚਾਣ ਕਰਵਾਈ।

ਮੁੱਖ ਬੁਲਾਰੇ ਪ੍ਰਣਜੋਆਇ ਗੁਹਾ ਠਾਕੁਰਤਾ ਨੇ ਕਿਹਾ ਕਿ ਅਸੀਂ ਮੁਲਕ ਦੀ ਅਜੋਕੀ ਸਥਿਤੀ ਉਪਰ ਅੱਜ ਜਦੋਂ ਚਰਚਾ ਕਰਨ ਲਈ ਸਿਰ ਜੋੜਕੇ ਬੈਠੇ ਹਾਂ ਤਾਂ ਉਸ ਸਮੇਂ ਅਡਾਨੀ ਦੀ ਪ੍ਰਤੀ ਘੰਟਾ ਆਮਦਨ 90 ਕਰੋੜ ਰੁਪਿਆ ਦਾ ਵਾਧਾ ਹੋ ਰਿਹਾ ਹੈ, ਦੂਜੇ ਬੰਨੇ ਵਿਸ਼ਵ ਗੁਰੂ ਹੋਣ ਦੇ ਦਾਅਵੇਦਾਰ ਕਹਾਉਂਦੇ ਹਾਕਮਾਂ ਦੇ ਰਾਜ ਅੰਦਰ ਭੁੱਖ, ਨੰਗ, ਗਰੀਬੀ 90 ਪ੍ਰਤੀਸ਼ਤ ਤੋਂ ਵੀ ਵੱਧ ਭਾਰਤੀਆਂ ਨੂੰ ਮੌਤ ਦੇ ਜਬਾੜਿਆਂ ਵਿੱਚ ਧੱਕਿਆ ਜਾ ਰਿਹਾ ਹੈ। ਜਮਹੂਰੀਅਤ ਦੀਆਂ ਕਹਾਣੀਆਂ ਸੁਣ-ਾਉਣ ਵਾਲੇ ਮੁਲਕ ਦੇ ਇੱਕ ਦੋ ਰਾਜਨੀਤੀ ਵਾਲਿਆਂ ਅਤੇ ਇੱਕ-ਦੋ ਧੰਨ ਕੁਬੇਰਾਂ ਨੇ ਮੁਲਕ ਦੇ ਸਾਰੇ ਕੁਦਰਤੀ ਸਰੋਤਾਂ ਅਤੇ ਆਮਦਨ ਉਪਰ ਜੱਫਾ ਮਾਰ ਲਿਆ ਹੈ। ਪ੍ਰੋ. ਪ੍ਰਣਜੋਆਇ ਨੇ ਤੱਥਾਂ ਦੇ ਹਵਾਲੇ ਸਹਿਤ ਦੱਸਿਆ ਕਿ ਭਾਜਪਾ ਹਕੂਮਤ ਵਿਧਾਨ ਸਭਾਵਾਂ ਜਾਂ ਲੋਕ ਸਭਾ ਚੋਣਾਂ 'ਚ ਅਨੇਕਾਂ ਯੁਗਤਾਂ ਵਰਤਕੇ ਜਿੱਤ ਦਰਜ ਕਰਾ ਜਾਂਦੀ ਹੈ ਜਦ ਕਿ ਵੋਟ ਪ੍ਰਤੀਸ਼ਤ ਅਤੇ ਲੋਕ ਮਨਾਂ ਦੀ ਦਸ਼ਾ ਪੱਖੋਂ ਬਹੁ ਗਿਣਤੀ ਵਸੋਂ ਭਾਜਪਾ ਦੀ ਵਿਚਾਰਧਾਰਾ, ਨੀਤੀਆਂ ਅਤੇ ਅਮਲਕਾਰੀ ਦੇ ਉਲਟ ਖੜ੍ਹੀ ਹੈ।

ਪੰਡਾਲ 'ਚੋਂ ਡਾ. ਜੇ.ਐਸ.ਵਧਵਾ, ਡਾ. ਮੈਡਮ ਰਾਣਾ ਪ੍ਰੀਤ ਗਿੱਲ, ਡਾ. ਜਗਜੀਤ ਚੀਮਾ, ਡਾ. ਸੈਲੇਸ਼, ਪੱਤਰਕਾਰ ਅਨੁਰਾਗ, ਸਾਹਿਲ ਆਜ਼ਾਰ ਵਿਦਿਆਰਥੀ, ਮਾਸਟਰ ਮਦਨ ਲਾਲ ਬੁਲੋਵਾਲ ਨੇ ਵੱਖ-ਵੱਖ ਵਿਸ਼ਿਆਂ 'ਤੇ ਸੁਆਲ ਕੀਤੇ ਜਿਨ੍ਹਾਂ ਨੇ ਪ੍ਰਣਜੋਆਇ ਨੇ ਸਾਰਥਕ ਜਵਾਬ ਦਿੱਤੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਮੋਲਕ ਸਿੰਘ ਨੇ ਮਤੇ ਪੇਸ਼ ਕੀਤੇ, ਜਿਨ੍ਹਾਂ 'ਚ ਮੰਗ ਕੀਤੀ ਗਈ ਕਿ ਬੁੱਧੀਜੀਵੀਆਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕੀਤਾ ਜਾਏ। ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕੀਤਾ ਜਾਵੇ। ਫ਼ਿਰਕੂ ਫਾਸ਼ੀ ਹੱਲੇ, ਭੜਕਾਹਟ ਅਤੇ ਫ਼ਿਰਕੂ ਨਫ਼ਰਤੀ ਪ੍ਰਚਾਰ ਹੱਲੇ ਬੰਦ ਕੀਤੇ ਜਾਣ। ਲੋਕਾਂ ਦੀ ਸਮਾਜੀ, ਨਿੱਜੀ ਅਤੇ ਸਭਿਆਚਾਰਕ ਜ਼ਿੰਦਗੀ 'ਚ ਦਖਲ ਅੰਦਾਜ਼ੀ ਅਤੇ ਖਲਲ ਪਾ ਕੇ ਸੌੜੇ ਰਾਜਨੀਤਕ ਹਿੱਤ ਵਟੋਰਨਾ ਬੰਦ ਕੀਤਾ ਜਾਏ। ਕਿਸਾਨ ਅੰਦੋਲਨ 'ਚ ਰਹਿੰ-ਦੀਆਂ ਅਤੇ ਪ੍ਰਵਾਨ ਸ਼ੁਦਾ, ਮੰਗਾਂ ਦੀ ਪੂਰਤੀ ਕੀਤੀ ਜਾਏ। ਭਰੇ ਪੰਡਾਲ ਨੇ ਹੱਥ ਖੜ੍ਹੇ ਕਰਕੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਵਿਚਾਰ-ਚਰਚਾ 'ਤੇ ਸਮੇਟਵੀਂ ਟਿੱਪਣੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਹਕੂਮਤੀ ਦਹਿਸ਼ਤਗਰਦੀ ਵਿਰੁੱਧ ਸਿਰਫ਼ ਸ਼ਬਦੀ ਪ੍ਰਤੀਰੋਧ ਨਾ ਕੀਤਾ ਜਾਵੇ ਸਗੋਂ ਜੱਥੇਬੰਦਕ ਲਾਮਬੰਦੀ ਕੀਤੀ ਜਾਵੇ। ਇਸ ਵਿਚਾਰ-ਚਰਚਾ 'ਚ ਜਿਥੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਵੱਡੀ ਗਿਣਤੀ ਵਿੱਚ ਸ਼ਾਮਲ ਸਨ, ਉਥੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਜਮਹੂਰੀ ਕਿਸਾਨ ਸਭਾ, ਕਿਰਤੀ-ਕਿਸਾਨ ਯੂਨੀਅਨ, ਇਫਟੂ, ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ, ਪ੍ਰੋਗਰੈਸਿਵ ਲੇਖਕ ਸੰਘ, ਸਾਹਿਤ ਸਭਾ ਜਲੰਧਰ, ਫੁਲਕਾਰੀ ਸਾਹਿਤ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਐਨ.ਆਰ.ਆਈ. ਤੇ ਪੱਤਰਕਾਰ ਭਾਈਚਾਰਾ, ਫ਼ਿਲਮ, ਸਾਹਿਤ ਅਤੇ ਰੰਗ-ਮੰਚ ਨਾਲ ਜੁੜੀਆਂ ਸੰਸਥਾਵਾਂ ਦੇ ਕਾਰਕੁੰਨਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ। ਇਸ ਭਰਵੇਂ ਸਮਾਗਮ ਦੀ ਮੰਚ ਸੰਚਾਲਨ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਈ।

**ਜਾਰੀ ਕਰਤਾ: ਅਮੋਲਕ ਸਿੰਘ**

# ਯੂਕਰੇਨ ਸੰਕਟ : ਸੰਸਾਰ ਵਿਚ ਫੈਲ ਸਕਦੀ ਭੁੱਖਮਰੀ

**ਦੇਵਿੰਦਰ ਸ਼ਰਮਾ**

ਯੂਕਰੇਨ ’ਤੇ ਰੂਸੀ ਹਮਲੇ ਤੋਂ ਬਾਅਦ ਇੱਕ ਵਾਰੀ ਫਿਰ ਆਲਮੀ ਖ਼ੁਰਾਕ ਮੰਡੀਆਂ ਨੂੰ ਗੜਬੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਕਾਰਨ ਦੁਨੀਆ ਭਰ ਦੀਆਂ ਕਮਜ਼ੋਰ ਆਬਾਦੀਆਂ ਦੀ ਅੰਨ ਸੁਰੱਖਿਆ ਲਈ ਭਾਰੀ ਖ਼ਤਰਾ ਖੜ੍ਹਾ ਹੋ ਸਕਦਾ ਹੈ। ਆਲਮੀ ਖ਼ੁਰਾਕ ਪ੍ਰੋਗਰਾਮ ਦੇ ਕਾਰਜਕਾਰੀ ਡਾਇਰੈਕਟਰ ਡੇਵਿਡ ਬੀਸਲੀ ਨੇ ਹਾਲ ਹੀ ਵਿੱਚ ਬਲੂਮਬਰਗ ਨਾਲ ਗੱਲਬਾਤ ਕਰਦਿਆਂ ਮੰਨਿਆ: ‘‘ਯੂਕਰੇਨ ਵਿੱਚ ਚੱਲਦੇ ਬੰਬ ਤੇ ਗੋਲੀਆਂ ਆਲਮੀ ਭੁੱਖ ਸੰਕਟ ਨੂੰ ਅਜਿਹੀ ਕਿਸੇ ਵੀ ਹੱਦ ਤੋਂ ਪਾਰ ਲਿਜਾ ਸਕਦੇ ਹਨ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਹੋਵੇਗਾ।’’

ਗ਼ੌਰਤਲਬ ਹੈ ਕਿ ਅਸੀਂ ਹਾਲੇ 2007-08 ਵਿੱਚ ਹੀ ਇੱਕ ਭਾਰੀ ਆਲਮੀ ਖ਼ੁਰਾਕ ਸੰਕਟ ਦਾ ਸਾਹਮਣਾ ਕੀਤਾ ਹੈ ਅਤੇ ਇਸ ਦੇ ਸਿੱਟੇ ਵਜੋਂ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਬੇਕਾਬੂ ਹੋ ਗਈਆਂ ਸਨ। ਉਦੋਂ ਕਾਰਕਾਂ ਦੀ ਇੱਕ ਲੜੀ ਜੁੜ ਗਈ ਸੀ, ਜਿਵੇਂ-ਬਾਲਣ ਤੇਲ ਦੀਆਂ ਵਧਦੀਆਂ ਕੀਮਤਾਂ, ਵਧੇਰੇ ਖ਼ੁਰਾਕੀ ਪੈਦਾਵਾਰ ਦਾ ਜੈਵਿਕ-ਬਾਲਣਾਂ ਵਿੱਚ ਜਾਣਾ ਅਤੇ ਵਾਅਦਾ ਬਾਜ਼ਾਰ ਕਾਰਨ ਵਸਤਾਂ ਦੀਆਂ ਕੀਮਤਾਂ ਦਾ ਵਧਣਾ ਆਦਿ। ਇਸ ਸਭ ਕਾਸੇ ਨੇ ਨਾ ਸਿਰਫ਼ ਆਲਮੀ ਖ਼ੁਰਾਕੀ ਸਪਲਾਈ ਨੂੰ ਸੁੰਗੇੜ ਦਿੱਤਾ ਸੀ, ਸਗੋਂ ਇਹ 37 ਮੁਲਕਾਂ ਵਿੱਚ ਖ਼ੁਰਾਕੀ ਦੰਗਿਆਂ ਦਾ ਕਾਰਨ ਵੀ ਬਣਿਆ ਸੀ।

ਇਹ ਯਕੀਨੀ ਬਣਾਉਣ ਦੇ ਨੁਸਖ਼ੇ ਦੇ ਬਾਵਜੂਦ ਕਿ ਦੁਬਾਰਾ ਅਜਿਹਾ ਨਾ ਹੋਵੇ, ਮਹਿੰਗਾਈ ਤਾਂ ਜੰਗ ਤੋਂ ਪਹਿਲਾਂ ਹੀ ਵਧ ਰਹੀ ਸੀ। ਸਾਲ 2021 ਦੌਰਾਨ ਹੀ ਖ਼ੁਰਾਕੀ ਵਸਤਾਂ ਦੀ ਮਹਿੰਗਾਈ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਹੁਣ ਇਸ ਗੱਲ ਨੂੰ ਦੇਖਦਿਆਂ ਕਿ ਇਸ ਵਾਰ ਹੋਰ ਕਾਰਕ ਵੀ ਮੁੜ ਮਜ਼ਬੂਤ ਹੋ ਰਹੇ ਹਨ ਅਤੇ ਨਾਲ ਹੀ ਕਾਲਾ ਸਾਗਰ ਖ਼ਿੱਤੇ ਵਿੱਚ ਚੱਲ ਰਹੀ ਜੰਗ ਕਾਰਨ ਸਪਲਾਈ ਵਿੱਚ ਪੈ ਰਿਹਾ ਅੜਿੱਕਾ ਇਸ ਵਿੱਚ ਹੋਰ ਵਾਧਾ ਕਰ ਰਿਹਾ ਹੈ, ਕਿਉਂਕਿ ਇਹ ਖ਼ਿੱਤਾ ਆਲਮੀ ਸਪਲਾਈ ਦੀ 30 ਫ਼ੀਸਦੀ ਕਣਕ, 28 ਫ਼ੀਸਦੀ ਜੌਂ, 18 ਫ਼ੀਸਦੀ ਮੱਕੀ ਅਤੇ 75 ਫ਼ੀਸਦੀ ਸੂਰਜਮੁਖੀ ਤੇਲ ਮੁਹੱਈਆ ਕਰਾਉਂਦਾ ਹੈ। ਇਸ ਹਾਲਤ ਵਿੱਚ ਸੰਸਾਰ ਇੱਕ ਵਾਰੀ ਫਿਰ ਖ਼ੁਰਾਕੀ ਸੰਕਟ ਦੀ ਨਵੀਂ ਘੁੰਮਣਘੇਰੀ ਵਿੱਚ ਫਸਦਾ ਜਾ ਰਿਹਾ ਹੈ। ਇਹ ਸੰਕਟ ਕਿੰਨਾ ਕੁ ਭਿਆਨਕ ਹੋਵੇਗਾ, ਇਹ ਤਾਂ ਸਮਾਂ ਆਉਣ ’ਤੇ ਹੀ ਪਤਾ ਲੱਗੇਗਾ।

ਖ਼ੁਰਾਕੀ ਸੰਕਟ ਦੇ ਮੱਦੇਨਜ਼ਰ ਪਹਿਲਾਂ ਹੀ ਇਰਾਕ ਤੇ ਸ੍ਰੀਲੰਕਾ ਵਿੱਚ ਅੰਦੋਲਨ ਹੋ ਰਹੇ ਹਨ। ਬਹੁਤ ਸਾਰੇ ਮੁਲਕਾਂ ਨੇ ਆਪਣੀ ਘਰੇਲੂ ਖ਼ੁਰਾਕ ਸਪਲਾਈ ਕਾਇਮ ਰੱਖਣ ਦੇ ਮਕਸਦ ਨਾਲ ਪਹਿਲਾਂ ਹੀ ਰੱਖਿਆਵਾਦੀ ਕਦਮ ਉਠਾਉਣੇ ਤੇ ਸਪਲਾਈਆਂ ਰੋਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬਲੂਮਬਰਗ ਨੇ ਠੀਕ ਹੀ ਟਿੱਪਣੀ ਕੀਤੀ ਹੈ: ‘‘ਨੇੜ ਭਵਿੱਖ ਵਿੱਚ ਇੱਕ ਸੰਕਟ ਦਿਖਾਈ ਦੇ ਰਿਹਾ ਹੈ: ਇਸ ਕਾਰਨ ਵਧੇਰੇ ਲੋਕਾਂ ਦੇ ਭੁੱਖੇ ਰਹਿਣ ਦਾ ਖ਼ਦਸ਼ਾ ਹੈ।’’ਮਹਿੰਗਾਈ ਵਿੱਚ ਪਹਿਲਾਂ ਹੀ ਵਾਧੇ ਦੇ ਰੁਝਾਨ ਅਤੇ ਦੂਜੇ ਪਾਸੇ ਬਾਜ਼ਾਰਾਂ ਤੇ ਸੁਪਰਮਾਰਕੀਟਾਂ ਵਿੱਚ ਵਸਤਾਂ ਦੀ ਸਪਲਾਈ ਵਿੱਚ ਆ ਰਹੀ ਕਮੀ ਤੋਂ ਸਾਫ਼ ਜ਼ਾਹਰ ਹੈ ਕਿ ਅੰਨ ਸੁਰੱਖਿਆ ’ਤੇ ਖ਼ਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਰੂਸ ’ਤੇ ਅਮਰੀਕਾ ਵੱਲੋਂ ਆਇਦ ਮਾਲੀ ਪਾਬੰਦੀਆਂ ਕਾਰਨ ਖਾਦਾਂ ਦੀਆਂ ਕੀਮਤਾਂ ਵਿੱਚ ਵੀ ਇਜ਼ਾਫ਼ਾ ਹੋਇਆ ਹੈ। ਰੂਸ ਨਾ ਸਿਰਫ਼ ਨਾਈਟਰੋਜਨ ਆਧਾਰਿਤ ਖਾਦਾਂ ਦਾ ਹੀ ਦੁਨੀਆ ਦਾ ਸਭ ਤੋਂ ਵੱਡਾ ਉਤਪਾਦਕ ਹੈ, ਸਗੋਂ ਇਹ ਫਾਸਫੋਰਸ ਅਤੇ ਪੋਟਾਸ਼ ਖਾਦਾਂ ਦਾ ਵੀ ਵੱਡੇ ਪੱਧਰ ’ਤੇ ਉਤਪਾਦਨ ਕਰਦਾ ਹੈ। ਇਸ ਦੇ ਸਿੱਟੇ ਵਜੋਂ ਭਾਰਤ ਸਮੇਤ ਵੱਖੋ-ਵੱਖ ਮੁਲਕਾਂ ਦੇ ਕਿਸਾਨਾਂ ਦੀ ਫ਼ਸਲਾਂ ਪੈਦਾ ਕਰਨ ਦੀ ਲਾਗਤ ਵਧ ਜਾਣ ਦੇ ਆਸਾਰ ਹਨ। ਇਸ ਨਾਲ ਫ਼ਸਲਾਂ ਦੀ ਬਿਜਾਈ ’ਤੇ ਵੀ ਅਸਰ ਪਵੇਗਾ ਅਤੇ ਇਸ ਦਾ ਸਿੱਟਾ ਖ਼ੁਰਾਕੀ ਵਸਤਾਂ ਦੀ ਕਮੀ ਵਜੋਂ ਨਿਕਲੇਗਾ। ਇਹ ਵੀ ਜਾਣਨਾ ਜ਼ਰੂਰੀ ਹੈ ਕਿ ਨਾ ਸਿਰਫ਼ ਅੰਨ ਦੀ ਕਮੀ ਸਗੋਂ ਇਸ ਨੂੰ ਖ਼ਰੀਦਣ ਦੀ ਸਮਰੱਥਾ ਨਾਲ ਵੀ ਇਹ ਗੱਲ ਤੈਅ ਹੋਵੇਗੀ ਕਿ ਖ਼ੁਰਾਕ ਸੰਕਟ ਕਿੰਨਾ ਕੁ ਭਿਆਨਕ ਹੈ।



ਇਸ ਦੌਰਾਨ, ਇਸ ਸੰਕਟ ਦੀ ਪਹਿਲੀ ਮਾਰ ਮੱਧ ਪੂਰਬ, ਉੱਤਰੀ ਅਫ਼ਰੀਕਾ, ਸਮੇਤ ਹੌਰਨ ਆਫ ਅਫ਼ਰੀਕਾ ਖ਼ਿੱਤੇ (ਪੂਰਬੀ ਅਫ਼ਰੀਕਾ ਦਾ ਸੋਮਾਲੀਆ, ਦਿਜੀਬੂਟੀ ਤੇ ਇਥੋਪੀਆ ਆਦਿ ਮੁਲਕਾਂ ਵਾਲਾ ਖੇਤਰ) ਅਤੇ ਅਫ਼ਗ਼ਾਨਿਸਤਾਨ ਵਰਗੇ ਮੁਲਕਾਂ ਨੂੰ ਪੈਣ ਦਾ ਖ਼ਦਸ਼ਾ ਹੈ। ਨਾਲ ਹੀ ਅਫ਼ਰੀਕਾ ਤੇ ਅਰਬ ਖ਼ਿੱਤੇ ਦੇ ਮਿਸਰ, ਮੈਡਗਾਸਕਰ, ਮੋਰੱਕੋ, ਟਿਊਨੀਸ਼ੀਆ, ਲਿਬਨਾਨ ਤੇ ਯਮਨ, ਏਸ਼ੀਆ ਦੇ ਇੰਡੋਨੇਸ਼ੀਆ, ਫਿਲਪੀਨਜ਼, ਬੰਗਲਾਦੇਸ਼ ਤੇ ਪਾਕਿਸਤਾਨ ਅਤੇ ਨਾਲ ਹੀ ਤੁਰਕੀ, ਇਰਾਨ, ਇਰਾਕ ਅਤੇ ਇਰੀਟ੍ਰੀਆ ਆਦਿ ਮੁਲਕ ਵੀ ਖ਼ੁਰਾਕੀ ਦਰਾਮਦਾਂ ਲਈ ਜੰਗ ਮਾਰੇ ਖ਼ਿੱਤੇ ’ਤੇ ਬਹੁਤ ਜ਼ਿਆਦਾ ਨਿਰਭਰ ਹੋਣ ਕਾਰਨ ਖ਼ਤਰੇ ਵਿੱਚ ਹਨ। ਯੂਰਪੀ ਯੂਨੀਅਨ ਵਿੱਚ ਪਸ਼ੂ ਖ਼ੁਰਾਕ ਦੀਆਂ ਵਧਦੀਆਂ ਕੀਮਤਾਂ ਦੀ ਮਾਰ ਪਸ਼ੂ ਪਾਲਣ ਸਨਅਤ ਨੂੰ ਪੈ ਰਹੀ ਹੈ, ਜਿਸ ਕਾਰਨ ਮੀਟ ਪ੍ਰੋਸੈਸਿੰਗ ਮਹਿੰਗੀ ਹੋ ਰਹੀ ਹੈ। ਸਪੇਨ ਨੇ ਸੁਪਰਮਾਰਕੀਟਸ ਨੂੰ ਖ਼ੁਰਾਕੀ ਤੇਲਾਂ ਦੀ ਸਪਲਾਈ ਦੀ ਰਾਸ਼ਨਿੰਗ ਕਰ ਦਿੱਤੀ ਹੈ, ਭਾਵ ਕੋਟਾ ਤੈਅ ਕਰ ਦਿੱਤਾ ਹੈ।ਜੇ ਜੰਗ ਥੋੜ੍ਹਾ ਹੋਰ ਲੰਬੀ ਖਿੱਚਦੀ ਹੈ, ਤਾਂ ਬਿਨਾਂ ਸ਼ੱਕ ਖ਼ੁਰਾਕੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਸਾਰੇ ਸੰਸਾਰ ਵਿੱਚ ਦਿਖਾਈ ਦੇਣ ਤੇ ਮਹਿਸੂਸਿਆ ਜਾਣ ਲੱਗੇਗਾ। ਜੰਗ ਤੋਂ ਪਹਿਲਾਂ ਹੀ ਕਣਕ ਦੀਆਂ ਕੀਮਤਾਂ ਨੇ ਰਿਕਾਰਡ ਬੁਲੰਦੀ ਛੂਹੀ ਸੀ। ਦਰਅਸਲ, ਬਹੁਤੀਆਂ ਵਪਾਰਕ ਵਸਤਾਂ ਦੀਆਂ ਕੀਮਤਾਂ ਬੀਤੇ ਕਈ ਸਾਲਾਂ ਤੋਂ ਵਧ ਰਹੀਆਂ ਹਨ। ਸੰਯੁਕਤ ਰਾਸ਼ਟਰ ਖ਼ੁਰਾਕ ਅਤੇ ਖੇਤੀ ਸੰਸਥਾ ਮੁਤਾਬਕ ਸਾਲ 2021 ਦੌਰਾਨ ਕਣਕ ਤੇ ਜੌਂ ਦੀਆਂ ਕੀਮਤਾਂ ਵਿੱਚ ਇਨ੍ਹਾਂ ਦੀਆਂ 2020 ਵਾਲੀਆਂ ਕੀਮਤਾਂ ਦੇ ਮੁਕਾਬਲੇ 31 ਫ਼ੀਸਦੀ ਤੋਂ ਵੱਧ ਦਾ ਇਜ਼ਾਫ਼ਾ ਹੋਇਆ। ਇਸ ਹਾਲਾਤ ਨੇ ਮੱਕੀ ਦੀਆਂ ਕੀਮਤਾਂ ਨੂੰ ਵੀ ਹੁਲਾਰਾ ਦਿੱਤਾ ਅਤੇ ਮੱਕੀ ਨੇ ਤਾਂ ਇਸ ਤੋਂ ਪਿਛਲੇ ਸਾਲ ਦੇ ਮੁਕਾਬਲੇ ਮਹਿੰਗਾਈ ’ਚ 44 ਫ਼ੀਸਦੀ ਵਾਧੇ ਦੀ ਛਾਲ ਮਾਰੀ। ਸੂਰਜਮੁਖੀ ਤੇਲ ਵੀ 2021 ਦੌਰਾਨ 63 ਫ਼ੀਸਦੀ ਮਹਿੰਗਾ ਹੋਇਆ। ਇੰਨਾ ਹੀ ਨਹੀਂ, ਬੀਤੇ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਦੌਰਾਨ ਵਾਅਦਾ ਬਾਜ਼ਾਰ ਵਿੱਚ ਕਣਕ ਦੀ ਕੀਮਤ ਵਿੱਚ ਵੀ ਰਿਕਾਰਡ ਵਾਧਾ ਹੋਇਆ ਅਤੇ ਇਹ ਕੀਮਤ ਸਾਲ 2008, ਭਾਵ ਪਿਛਲੇ ਅੰਨ ਸੰਕਟ ਦੇ ਪੱਧਰ ਤੱਕ ਜਾ ਪੁੱਜੀ ਸੀ।

ਐੱਫ਼ਏਓ ਵੱਲੋਂ ਤਿਆਰ ਕੀਤੇ ਗਏ ਦੋ ਹਾਲਾਤੀ ਖ਼ਾਕਿਆਂ ਮੁਤਾਬਕ ਇਨ੍ਹਾਂ ਪਹਿਲਾਂ ਹੀ ਵਧੀਆਂ ਹੋਈਆਂ ਕੀਮਤਾਂ ਵਿੱਚ ਹਾਲੇ ਹੋਰ 22 ਫ਼ੀਸਦੀ ਵਾਧਾ ਹੋਣ ਦੇ ਆਸਾਰ ਹਨ, ਜਿਸ ਦੇ ਸਿੱਟੇ ਵਜੋਂ ਸਾਲ 2022-23 ਦੌਰਾਨ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਦੀ ਆਬਾਦੀ ਵਿੱਚ ਹੋਰ 80 ਲੱਖ ਤੋਂ 1।30 ਕਰੋੜ ਤੱਕ ਦਾ ਇਜ਼ਾਫ਼ਾ ਹੋਵੇਗਾ। ਭੁੱਖ ਤੇ ਕੁਪੋਸ਼ਣ ਦੀ ਸਭ ਤੋਂ ਵੱਧ ਮਾਰ ਮੁੱਖ ਤੌਰ ’ਤੇ ਏਸ਼ੀਆ-ਪ੍ਰਸ਼ਾਂਤ ਖ਼ਿੱਤੇ, ਅਫ਼ਰੀਕਾ ਦੇ ਉਪ-ਸਹਾਰਾ ਖ਼ਿੱਤੇ, ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ ਵਿੱਚ ਪਵੇਗੀ। ਇਸ ਦੌਰਾਨ ਜਿੱਥੇ ਭਾਰਤੀ ਅਨਾਜ ਬਰਾਮਦਕਾਰ ਸਪਲਾਈ ਵਿਚਲੇ ਖੱਪੇ ਨੂੰ ਭਰਨ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਆਈਟੀਸੀ ਦਾ ਅੰਦਾਜ਼ਾ ਹੈ ਕਿ ਆਗਾਮੀ ਸਾਲ ਦੌਰਾਨ ਮੁਲਕ ਦੀ ਕਣਕ ਬਰਾਮਦ ਤਿੰਨ ਗੁਣਾ ਤੱਕ ਵਧ ਕੇ ਕਰੀਬ 2।10 ਕਰੋੜ ਟਨ ਤੱਕ ਪੁੱਜ ਸਕਦੀ ਹੈ। ਇਸ ਮੌਕੇ ਮੈਨੂੰ ਇਹੋ ਗੱਲ ਅਜੀਬ ਲੱਗਦੀ ਹੈ ਕਿ ਜਿਹੜੇ ਲੋਕ ਸਾਲ ਦਰ ਸਾਲ ਵਧੇਰੇ ਅਨਾਜ ਉਗਾਉਂਦੇ ਜਾਣ ਲਈ ਭਾਰਤੀ ਕਿਸਾਨਾਂ ਨੂੰ ਭੰਡਦੇ ਸਨ, ਅੱਜ ਉਹੋ ਲੋਕ ਆਲਮੀ ਪੱਧਰ ’ਤੇ ਅਨਾਜ ਦੀ ਪੈਦਾ ਹੋ ਰਹੀ ਕਮੀ ਨੂੰ ਭਾਰਤੀ ਕਿਸਾਨਾਂ ਵੱਲੋਂ ਸੰਭਵ ਤੌਰ ’ਤੇ ਪੂਰ ਦਿੱਤੇ ਜਾਣ ਦੀ ਉਮੀਦ ਨਾਲ ਉਤਸ਼ਾਹਿਤ ਹੋ ਰਹੇ ਹਨ। ਇਸੇ ਤਰ੍ਹਾਂ ਜਦੋਂ ਭਾਰਤ ਵੱਡੇ ਪੱਧਰ ’ਤੇ ਅਨਾਜ, ਗਿਰੀਆਂ ਅਤੇ ਦਾਲਾਂ ਆਦਿ ਬਰਾਮਦ ਕਰ ਰਿਹਾ ਹੈ, ਤਾਂ ਇਸ ਰੂਪ ਵਿੱਚ ਇੱਕ ਤਰ੍ਹਾਂ ਦੇਸ਼ ਤੋਂ ਪਾਣੀ ਦੀ ਵਧ ਰਹੀ ਬਰਾਮਦ ’ਤੇ ਫ਼ਿਕਰਮੰਦੀ ਜ਼ਾਹਰ ਕਰਨ ਵਾਲੀ ਵੀ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ।

ਜਿਵੇਂ ਪਹਿਲਾਂ ਆਖਿਆ ਜਾ ਚੁੱਕਾ ਹੈ, ਸੰਸਾਰ ਤਾਂ ਹਰ ਹਾਲ ਵਿੱਚ ਇੱਕ ਹੋਰ ਅੰਨ ਸੰਕਟ ਵੱਲ ਵਧ ਰਿਹਾ ਸੀ। ਤੇਲ ਦੀਆਂ ਕੀਮਤਾਂ ਬੁਲੰਦੀਆਂ ਛੂਹ ਰਹੀਆਂ ਹਨ, ਇਸ ਕਾਰਨ ਮਹਿੰਗਾਈ ਦਰ ਵੀ ਵਧ ਰਹੀ ਹੈ, ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਪਹਿਲਾਂ ਹੀ ਬਹੁਤ ਉੱਚੀਆਂ ਹਨ, ਜਿਹੜੀਆਂ 40 ਸਾਲਾਂ ਦੌਰਾਨ ਸਭ ਤੋਂ ਵੱਧ ਹਨ। ਨਾਲ ਹੀ ਜੈਵਿਕ-ਬਾਲਣ, ਜਿਸ ਵਿੱਚ ਖ਼ੁਰਾਕੀ ਫ਼ਸਲਾਂ ਦਾ ਇਸਤੇਮਾਲ ਹੁੰਦਾ ਹੈ, ਵਿੱਚ ਵੀ ਇਜ਼ਾਫ਼ਾ ਹੋ ਰਿਹਾ ਹੈ। ਮਿਸਾਲ ਵਜੋਂ, ‘ਨਿਊ ਸਾਇੰਟਿਸਟ’ ਨਾਮੀ ਰਸਾਲੇ ਦੀ ਰਿਪੋਰਟ ਮੁਤਾਬਕ ਅਮਰੀਕਾ ਵਿੱਚ ਮੱਕੀ ਦੀ ਕੁੱਲ ਪੈਦਾਵਾਰ ਦਾ ਤੀਜਾ ਹਿੱਸਾ ਐਥਨੌਲ ਬਣਾਉਣ ਲਈ ਵਰਤਿਆ ਜਾ ਰਿਹਾ ਹੈ, ਜਿਹੜਾ ਕੁੱਲ ਖ਼ੁਰਾਕੀ ਫ਼ਸਲਾਂ ਵਿੱਚੋਂ 9 ਕਰੋੜ ਟਨ ਹੈ। ਇਸੇ ਤਰ੍ਹਾਂ ਯੂਰਪੀ ਯੂਨੀਅਨ ਵਿੱਚ 1।20 ਕਰੋੜ ਟਨ ਕਣਕ ਤੇ ਚੌਲਾਂ ਦਾ ਐਥਨੌਲ ਬਣਾਇਆ ਜਾ ਰਿਹਾ ਹੈ।

ਇਸ ਸਭ ਕਾਸੇ ਦੌਰਾਨ ਅਮਰੀਕਾ ਨੇ ਆਪਣੀਆਂ ਕੁਝ ਕੁ ਕੰਪਨੀਆਂ ਨੂੰ ਰੂਸ ਨਾਲ ਕਾਰੋਬਾਰ ਜਾਰੀ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਭਾਵੇਂ ਵੱਡੀਆਂ ਖੇਤੀ ਉਤਪਾਦਾਂ ਵਾਲੀਆਂ ਕੰਪਨੀਆਂ ਜਿਵੇਂ ਕਾਰਗਿਲ , ਆਰਚਰ ਡੇਨੀਅਲਜ਼ ਮਿਡਲੈਂਡ , ਪੈਪਸੀਕੋ ਤੇ ਬਾਯਰ ਨੇ ਉੱਥੇ ਆਪਣਾ ਕੰਮ-ਕਾਜ ਘਟਾ ਦਿੱਤਾ ਹੈ, ਉਂਜ ਉਨ੍ਹਾਂ ਨੇ ‘ਨਾਜ਼ੁਕ’ ਸਪਲਾਈ ਸੰਪਰਕ ਕਾਇਮ ਰੱਖੀ ਹੋਈ ਹੈ। ਇਸ ਤੋਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਅੰਨ ਸੁਰੱਖਿਆ ਕਿਉਂ ਆਸਾਨੀ ਨਾਲ ਕੁਝ ਵੱਡੇ ਖਿਡਾਰੀਆਂ ਦੇ ਹੱਥਾਂ ਵਿੱਚ ਦੇ ਦਿੱਤੀ ਗਈ।

ਬਸ ਇੱਥੇ ਹੀ ਸੰਸਾਰ ਨੂੰ 2007-08 ਦੇ ਆਲਮੀ ਖ਼ੁਰਾਕ ਸੰਕਟ ਤੋਂ ਬਚਾਉਣ ਦਾ ਨੁਸਖ਼ਾ ਗ਼ਲਤ ਹੋ ਗਿਆ। ਖ਼ੁਰਾਕੀ ਸਪਲਾਈ ਦੇ ਵਸੀਲਿਆਂ ਲਈ ਜਿਹੜੀ ਖੋਹਾ-ਖੋਹੀ ਅਸੀਂ ਇਸ ਵਕਤ ਦੇਖ ਰਹੇ ਹਾਂ, ਉਹ ਮੂਲ ਰੂਪ ਵਿੱਚ ਇਸ ਕਾਰਨ ਹੈ ਕਿ ਮੁਲਕਾਂ ਨੂੰ ਖ਼ੁਰਾਕ ਆਤਮ-ਨਿਰਭਰਤਾ ਤੋਂ ਲਾਂਭੇ ਰਹਿਣ ਲਈ ਆਖਿਆ ਗਿਆ ਸੀ। ਮੁਕਾਬਲੇਬਾਜ਼ੀ ਯਕੀਨੀ ਬਣਾਉਣ ਦੇ ਨਾਂ ’ਤੇ ਆਲਮੀ ਖ਼ੁਰਾਕ ਸਪਲਾਈ ਲੜੀਆਂ ਦੀ ਕਾਇਮੀ ਹੀ ਮੌਜੂਦਾ ਸੰਕਟ ਦਾ ਕਾਰਨ ਬਣੀ ਹੈ।ਇਸ ਸੰਕਟ ਤੋਂ ਇਹੋ ਸਬਕ ਸਿੱਖਿਆ ਜਾ ਸਕਦਾ ਹੈ ਕਿ ਇਸ ਗੱਲ ਦੀ ਫ਼ੌਰੀ ਲੋੜ ਹੈ ਕਿ ਬਾਜ਼ਾਰਾਂ ’ਤੇ ਨਿਰਭਰਤਾ ਘਟਾਈ ਜਾਵੇ ਅਤੇ ਖੇਤੀਬਾੜੀ ਨੂੰ ਆਰਥਿਕ ਪੱਖੋਂ ਵਿਹਾਰਕ ਬਣਾਇਆ ਜਾਵੇ। ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਐੱਮਐੱਸ ਸਵਾਮੀਨਾਥਨ ਨੇ ਆਖਿਆ ਸੀ: ‘‘ਭਵਿੱਖ ਅਨਾਜ ਵਾਲੇ ਮੁਲਕਾਂ ਦਾ ਹੈ, ਬੰਦੂਕਾਂ ਵਾਲਿਆਂ ਦਾ ਨਹੀਂ।

# ਡੈੱਡ ਕੇਡਰ

**ਭੁਪਿੰਦਰ ਸਿੰਘ ਭਾਗੋਮਾਜਰਾ ਮੋਬਾ. 9988871437**

ਇਹ ਗੱਲ 1979-80 ਦੀ ਹੈ। ਓਦੋਂ ਮੈਂ ਡੀ. ਏ. ਐਨ. ਕਾਲਜ ਆਫ ਐਜੂਕੇਸ਼ਨ ਨਵਾਂ ਸ਼ਹਿਰ ਵਿੱਚ ਆਰਟ ਐਂਡ ਕਰਾਫਟ ਦਾ ਦੋ ਸਾਲਾ ਕੋਰਸ ਕਰ ਰਿਹਾ ਸੀ। ਇੱਕ ਦਿਨ ਜਦੋਂ ਅਸੀਂ ਪਹਿਲੇ ਦੋ ਪੀਰੀਅਡ ਲਾ ਕੇ ਵਿਹਲੇ ਹੋਏ ਤਾਂ ਸਰੀਰ ਨੂੰ ਤਾਜ਼ਾ ਕਰਨ ਲਈ ਬਾਹਰ ਨਿਕਲ ਕੇ ਸਿੱਧੇ ਕੈਨਟੀਨ ਵਿੱਚ ਜਾ ਵੜੇ ਕਿਉਂਕਿ ਅੱਧੀ ਛੁੱਟੀ ਹੋ ਚੁੱਕੀ ਸੀ।ਅਜੇ ਦੋ ਪੀਰੀਅਡ ਹੋਰ ਲੱਗਣੇ ਸਨ।ਪੀਰੀਅਡ ਵੀ ਆਮ ਤੌਰ ਤੇ 45-50 ਮਿੰਟ ਦੇ ਹੁੰਦੇ ਸਨ। ਅੱਧੀ ਛੁੱਟੀ ਵੇਲੇ ਕੰਨਟੀਨ ਵਿੱਚ ਚਾਹ ਪੀਣ ਵਾਸਤੇ ਜਾਣਾ ਸੁਭਾਵਿਕ ਸੀ। ਕਿਉਂਕਿ ਘਰੋਂ ਸਵੇਰੇ ਜਲਦੀ ਨਿਕਲੇ ਹੋਣ ਕਾਰਣ ਭੁੱਖ ਵੀ ਲੱਗਦੀ ਸੀ।ਆਮ ਤੌਰ ਤੇ ਜ਼ਿਆਦਾ ਵਿਦਿਆਰਥੀ ਘਰੋਂ ਖਾਣਾ ਨਹੀਂ ਲੈ ਕੇ ਆਉਂਦੇ ਸਨ। ਕੰਨਟੀਨ ਵਿੱਚ ਹੀ ਖਾਣ ਪੀਣ ਚੱਲਦਾ ਸੀ।ਇਸ ਕਾਲਜ ਵਿੱਚ ਸਾਡੇ ਨਾਲ ਹੀ ਬਰਾਬਰ ਦੀਆਂ ਜਮਾਤਾਂ ਬੀ ਐਂਡ ਦੀਆਂ ਲੱਗਦੀਆਂ ਸਨ, ਕਿਉਂਕਿ ਇਹ ਕਾਲਜ ਸ਼ੁਰੂ ਤੋਂ ਹੀ ਕਿੱਤਾ ਮੁਖੀ ਕਾਲਜ ਸੀ। ਕਦੇ ਓ. ਟੀ. ਦੀਆਂ ਜਮਾਤਾਂ, ਕਦੇ ਜੇ. ਬੀ. ਟੀ. ਆਦਿ ਵਗੈਰਾ।ਬੀ ਐਂਡ ਜਮਾਤ ਵਿੱਚ ਸਾਡੇ ਨਾਲੋਂ ਜ਼ਿਆਦਾ ਪੜ੍ਹੇ ਵਿਦਿਆਰਥੀ ਸਨ, ਕਿਉਂਕਿ ਬੀਂ ਐੱਡ ਬੀ. ਏ. ਤੋਂ ਬਾਅਦ ਇੱਕ ਸਾਲ ਦੀ ਹੁੰਦੀ ਸੀ।ਕਈ ਮੁੰਡੇ ਕੁੜੀਆਂ ਇਹਨਾਂ ਵਿਚੋਂ ਐਮ. ਏ. ਵੀ ਸਨ।ਆਮ ਤੌਰ ਤੇ ਕਾਲਜ ਦੀ ਕੰਨਟੀਨ ਵਿੱਚ ਅੱਧੀ ਛੁੱਟੀ ਵੇਲੇ ਕਾਫੀ ਭੀੜ ਹੁੰਦੀ ਸੀ।ਆਮ ਵੀ ਜੇਕਰ ਆਪਾਂ ਵੇਖੀਏ ਤਾਂ ਸਕੂਲਾਂ ਕਾਲਜਾਂ ਵਿੱਚ ਅੱਧੀ ਛੁੱਟੀ ਵੇਲੇ ਕੰਨਟੀਨ ਵਿੱਚ ਭੀੜ ਹੋਣਾ ਸੁਭਾਵਿਕ ਹੈ। ਤਾਂ ਅਸੀਂ ਵੀ ਕਈ ਮੁੰਡੇ ਚਾਹ ਪੀਣ ਲਈ ਬੈਂਚਾਂ ਤੇ ਬੈਠ ਗਏ ਕਿਉਂਕਿ ਚਾਹ ਪੀਣੀ ਸੀ ਨਾਲ ਕੋਈ ਸਮੋਸਾ ਜਾਂ ਬਰੈਡ ਵਗੈਰਾ ਲੈਣਾ ਸੀ। ਤਾਂ ਕਈ ਮੁੰਡੇ ਬੀ ਐੱਡ ਜਮਾਤ ਦੇ ਵੀ ਆ ਪਹੁੰਚੇ ਤਾਂ ਉਹਨਾਂ ਵਿੱਚੋਂ ਇੱਕ ਨੇ ਕਿਹਾ, ਛੱਡੋ ਬਈ ਬੈਂਚ ਡੈਡ ਕੇਡਰ ਵਾਲਿਓ। ਜਦ ਡੈਡ ਕੇਡਰ ਕਿਹਾ ਮੈਨੂੰ ਕੋਈ ਸਮਝ ਨਹੀ ਆਈ ਕਿ ਡੈਡ ਕੇਡਰ ਕੀ ਹੁੰਦਾ ਏ ਕਿਉਂਕਿ ਅਸੀਂ ਜਿੰਨੇ ਵੀ ਆਰਟ ਐਂਡ ਕਰਾਫਟ ਦਾ ਕੋਰਸ ਕਰਦੇ ਸੀ, ਸਾਰਿਆਂ ਦੀ ਮੁੱਢਲੀ ਯੋਗਤਾ ਦਸਵੀਂ ਪਾਸ ਸੀ। ਅਸੀਂ ਜਿੰਨੇ ਬੈਠੇ ਸਾਂ ਇਸ ਸ਼ਬਦ ਤੋਂ ਅਣਜਾਣ ਸਾਂ। ਮੇਰੇ ਦਿਮਾਗ ਵਿੱਚ ਇੱਕ ਪ੍ਰਸ਼ਨ ਬਣ ਕੇ ਘੁੰਮਣ ਲੱਗ ਪਿਆ ਕਿ ਡੈਡ ਕੇਡਰ ਕੀ ਬਲਾ ਹੈ। ਆਪਣੇ ਦਿਮਾਗ ਦੇ ਘੋੜੇ ਦੜ੍ਹਾਉਣ ਤੋਂ ਬਾਅਦ ਵੀ ਮੈਂ ਇਸ ਦੇ ਉੱਤਰ ਤੱਕ ਨਹੀਂ ਪਹੁੰਚ ਸਕਿਆ।ਕਈ ਮੁੰਡੇ ਬੀ. ਐੱਡ ਜਮਾਤ ਵਿੱਚ ਸਾਡੇ ਨਾਲ ਆਉਣ ਜਾਣ ਵੇਲੇ ਹੈਲੋ ਹੈਲੋ ਕਰਦੇ ਸਨ।ਘਰ ਆ ਗਿਆ ਜੋ ਅਧਿਆਪਕਾਂ ਨੇ ਦਿਨ ਭਰ ਪੜ੍ਹਾਇਆ ਸੀ। ਸਾਰਾ ਕੰਮ ਕੀਤਾ, ਪਰ ਦਿਮਾਗ ਵਿੱਚ ਡੈੱਡ ਕੇਡਰ ਸ਼ਬਦ ਘੁੰਮ ਰਿਹਾ ਸੀ। ਅਗਲੇ ਦਿਨ ਕਾਲਜ ਗਿਆ ਇੱਕ ਬੀ. ਐੱਡ ਜਮਾਤ ਦੇ ਵਿਦਿਆਰਥੀ ਨੂੰ ਪਾਸੇ ਕਰਕੇ ਪੁੱਛਿਆ ਬਾਈ ਜੀ, ਡੈੱਡ ਕੇਡਰ ਕੀ ਹੁੰਦਾ ਹੈ? ਤਾਂ ਉਸ ਨੇ ਮੈਨੂੰ ਬਹੁਤ ਹੀ ਬਰੀਕੀ ਨਾਲ ਸਮਝਾਇਆ ਕਿ ਡੈੱਡ ਕੇਡਰ ਉਹ ਹੁੰਦਾ ਹੈ, ਜਿਸ ਪੋਸਟ ਦੀ ਅੱਗੇ ਕੋਈ ਤਰੱਕੀ ਨਹੀਂ ਹੁੰਦੀ, ਜਿਵੇਂ ਤੁਸੀਂ ਆਰਟ ਐਂਡ ਕਰਾਫਟ ਦਾ ਦੋ ਸਾਲਾ ਕੋਰਸ ਕਰ ਲਿਆ। ਤੁਸੀਂ ਡਰਾਇੰਗ ਟੀਚਰ ਲੱਗ ਜਾਣਾ ਪਰ ਅੱਗੇ ਤੁਸੀਂ ਲੈਕਚਰਾਰ, ਮੁੱਖ ਅਧਿਆਪਕ ਅਤੇ ਪ੍ਰਿੰਸੀਪਲ ਨਹੀਂ ਬਣਨਾ। ਇਸੇ ਤਰ੍ਹਾਂ ਪੰਜਾਬੀ, ਹਿੰਦੀ, ਪੀ. ਟੀ. ਅਤੇ ਸੰਸਕ੍ਰਿਤ ਆਦਿ ਇਹ ਟੀਚਰ ਅੱਗੇ ਤਰੱਕੀ ਨਹੀਂ ਪਾਉਂਦੇ ਕਿਉਂਕਿ ਇਹਨਾਂ ਦੀ ਯੋਗਤਾ ਦਸਵੀਂ ਪਾਸ ਹੁੰਦੀ ਹੈ।ਇਸ ਕਰਕੇ ਤੁਸੀਂ ਜਾਂ ਤੁਹਾਨੂੰ ਡੈੱਡ ਕੇਡਰ ਕਿਹਾ ਜਾਂਦਾ ਹੈ। ਮੇਰੇ ਦਿਮਾਗ ਵਿੱਚ ਡੈੱਡ ਕੇਡਰ ਘਰ ਕਰ ਗਿਆ । ਮੈਂ ਆਪਣੇ ਆਪ ਸੋਚਾਂ ਵਿੱਚ ਪੈ ਗਿਆ ਕਿ ਤੂੰ ਡਰਾਇੰਗ ਟੀਚਰ ਲੱਗ ਗਿਆ, ਮਿੱਤਰਾ ਡਰਾਇੰਗ ਟੀਚਰ ਹੀ ਸੇਵਾ ਮੁਕਤ ਹੋਵੇਗਾ। ਅੱਗੇ ਬਣੇਗਾ ਕੁੱਝ ਨਹੀਂ। ਸਿਆਣੇ ਕਹਿੰਦੇ ਕਿ ਕਿਸੇ ਦੀ ਕਹੀ ਗੱਲ ਬਣਾ ਵੀ ਦਿੰਦੀ, ਤੇ ਕਿਸੇ ਦਾ ਵਿਗਾੜ ਵੀ ਦਿੰਦੀ ਹੈ।ਮਨ ਨੇ ਫੈਸਲਾ ਕੀਤਾ ਕਿ ਅੱਗੇ ਪੜ੍ਹਿਆ ਜਾਵੇ ਪਰ ਮੁਸ਼ਕਿਲ ਇਹ ਸੀ, ਘਰ ਵਿੱਚ ਕੋਈ ਪੜ੍ਹਿਆ ਲਿਖਿਆ ਨਹੀਂ ਸੀ। ਇੱਕ ਦੁਕਾਨ ਤੇ ਅਖਬਾਰ ਆਉਂਦਾ ਸੀ। ਅਖਬਾਰ ਪੜ੍ਹਨ ਨਾ.ਲ ਅੱਗੇ ਪੜਾਈ ਜਾਰੀ ਰੱਖਣ ਵਿੱਚ ਮਦਦ ਮਿਲੀ ਤੇ ਹਾਇਰ ਸੈਕੰਡਰੀ ਤੀਜੇ ਦਰਜੇ ਵਿੱਚ ਪ੍ਰਾਈਵੇਟ ਕੀਤੀ। ਫਿਰ ਰਾਜ ਮਿਸਤਰੀ ਨਾ.ਲ ਦਿਹਾੜੀ ਵੀ ਕੀਤੀ ਅਤੇ ਹੋਰ ਪੈਸੇ ਕਮਾਉਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਣੇ ਪਏ ਪਰ ਦਿਮਾਗ ਵਿੱਚ ਇੱਕ ਗੱਲ ਘਰ ਕਰ ਗਈ ਕਿ ਬੀ. ਏ. ਕਰਨੀ ਹੈ।ਉਸ ਸਮੇਂ ਪੰਜਾਬ ਦੇ ਹਾਲਾਤ ਖਰਾਬ ਸਨ ਪਰ ਘਰ ਦੀ ਮਾਲੀ ਹਾਲਤ ਬਹੁਤੀ ਵਧੀਆ ਨਹੀਂ ਸੀ। ਰੋਪੜ ਇੱਕ ਦੁਕਾਨ ਤੋਂ ਪੁਰਾਣੀਆਂ ਕਿਤਾਬਾਂ ਘੱਟ ਰੇਟ ਤੇ ਮਿਲ ਜਾਂਦੀਆਂ ਸਨ। ਵਿਸ਼ੇਸ਼ਤਾ ਇਹ ਸੀ ਕਿ ਉਹ ਪੜ੍ਹਨ ਤੋਂ ਬਾਅਦ ਪੁਰਾਣੀਆਂ ਕਿਤਾਬਾਂ ਘੱਟ ਰੇਟ ਤੇ ਲੈ ਲੈਂਦਾ ਸੀ। ਮੇਰੇ ਲਈ ਤਾਂ ਇਹ ਖਜ਼ਾਨਾ ਸੀ ਜਾਂ ਇਹ ਕਹਿ ਲਵੋ ਜਿਵੇਂ ਕਿਸੇ ਪਿਆਸੇ ਨੂੰ ਪਾਣੀ ਮਿਲ ਗਿਆ ਹੋਵੇ।ਬਸ ਫਿਰ ਚੱਲ ਸੋ ਚੱਲ ਇਹ ਸਿਲਸਿਲਾ ਕਈ ਸਾਲ ਚੱਲਦਾ ਰਿਹਾ।ਦਿਲ ਨਹੀਂ ਛੱਡਿਆ।ਮਿਹਨਤ ਬਿਨਾਂ ਅਧਿਆਪਕ ਅਤੇ ਕਾਲਜ ਤੋਂ ਰੱਜ ਕੇ ਕੀਤੀ। ਜੇ ਡੰਗਰ ਚਾਰਨ ਜਾਣਾ ਤਾਂ ਕਿਤਾਬਾਂ ਵਾਲਾ ਝੋਲਾ ਨਾਲ ਹੀ ਲੈ ਜਾਣਾ। ਆਖਰ 1984 ਵਿੱਚ ਬੀ. ਏ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਮਨ ਬਹੁਤ ਖੁਸ਼ ਹੋਇਆ ਬਾਪੂ ਜੀ ਘੱਟ ਪੜ੍ਹੇ ਹੋਣ ਕਾਰਨ ਲੋਕਾਂ ਨੂੰ ਹੁੱਬ ਹੁੱਬ ਕੇ ਦੱਸਦੇ ਮੁੰਡਾ ਚੌਦਾਂ ਜਮਾਤਾਂ ਪਾਸ ਕਰ ਗਿਆ। ਫਿਰ ਮੈਂ ਐਮ. ਏ. ਇਤਿਹਾਸ ਦੂਜੇ ਦਰਜੇ ਵਿੱਚ ਪ੍ਰਾਈਵੇਟ ਕੀਤੀ ਨਾਲੋਂ ਨਾਲ ਛੋਟੇ ਮੋਟੇ ਕੰਮ ਕਰਕੇ ਬੁਤਾ ਸਾਰਦਾ ਰਿਹਾ। ਮੇਰਾ ਰੁਜ਼ਗਾਰ ਦਫ਼ਤਰ ਚੰਡੀਗੜ੍ਹ ਵਿੱਚ ਨਾ ਦਰਜ ਸੀ। ਮੈਂ ਅਚਾਨਕ ਚੰਡੀਗੜ੍ਹ ਸਾਇਕਲ ਤੇ ਗਿਆ ਅਤੇ ਰੁਜ਼ਗਾਰ ਦਫ਼ਤਰ ਵਿੱਚ ਆਪਣੇ ਕਾਰਡ ਬਾਰੇ ਪੁੱਛਿਆ। ਕਿਉਂਕਿ ਕੋਈ ਇੰਟਰਵਿਊ ਵਗੈਰਾ ਨਹੀਂ ਆਈ ਸੀ। ਤਾਂ ਸਬੰਧਤ ਅਧਿਕਾਰੀ ਨੇ ਕਿਹਾ ਕਾਕਾ ਅਗਲੇ ਹਫਤੇ ਡਰਾਇੰਗ ਟੀਚਰਾਂ ਦੀ ਇੰਟਰਵਿਊ ਹੈ।

ਆਹ ਫੜ ਇੰਟਰਵਿਊ ਕਾਰਡ। ਅਗਲੇ ਹਫਤੇ ਮੈਂ ਇੰਟਰਵਿਊ ਦੇਣ ਗਿਆ ਅਧਿਕਾਰੀ ਨੇ ਕਿਹਾ ਪਹਿਲਾਂ ਵੱਧ ਯੋਗਤਾ ਵਾਲਿਆਂ ਨੂੰ ਬੁਲਾਇਆ। ਮੈਂ ਸਿਲੇਕਸਨ ਕਮੇਟੀ ਅੱਗੇ ਪੇਸ਼ ਹੋਇਆ, ਉਹਨਾਂ ਸਬੰਧਤ ਸਵਾਲ ਪੁੱਛੇ ਮੈਂ ਉੱਤਰ ਦਿੱਤੇ ਤੇ ਸਾਇਕਲ ਤੇ ਘਰ ਵਾਪਸ ਆ ਗਿਆ। ਕੋਈ ਦੋ ਢਾਈ ਮਹੀਨੇ ਬਾਅਦ ਇੱਕ ਚਿੱਠੀ ਘਰ ਆਈ ਤੁਸੀਂ ਡਰਾਇੰਗ ਟੀਚਰ (ਟੀ. ਜੀ. ਟੀ.) ਚੁਣੇ ਗਏ ਹੋ, ਹਫਤੇ ਦੋ ਦੇ ਅੰਦਰ-ਅੰਦਰ ਆਪਣੀ ਡਿਊਟੀ ਤੇ ਹਾਜਰ ਹੋਵੇ। ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ, ਮੈਂ ਮੈਡੀਕਲ ਕਰਵਾਇਆ ਤੇ ਸਕੂਲ ਵਿੱਚ ਹਾਜ਼ਰ ਹੋ ਗਿਆ। ਫਿਰ ਚੱਲ ਸੋ ਚੱਲ ਮੈਂ ਦੋ ਸਾਲ ਬਾਅਦ ਰੋਹਤਕ ਯੂਨੀਵਰਸਿਟੀ ਤੋਂ ਬੀ. ਐੱਡ. ਕੀਤੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ. ਐੱਡ. ਕੀਤੀ, ਕਿਉਂਕਿ ਮੈਨੂੰ ਪੜ੍ਹਨ ਦਾ ਸ਼ੋਂਕ ਸੀ। ਫਿਰ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ. ਏ. ਸਿਸ਼ਆਲੋਜੀ ਕੀਤੀ। ਮੈਨੂੰ ਤਰੱਕੀ ਮਿਲੀ ਮੈਂ ਐਸ. ਐਸ. ਮਾਸਟਰ ਬਣਿਆ। ਫਿਰ ਅਗਲੀ ਤਰੱਕੀ ਮੈਨੂੰ ਵਿਭਾਗ ਨੇ ਲੈਕਚਰਾਰ ਇਤਿਹਾਸ ਬਣਾ ਦਿੱਤਾ ਮੈਂ ਲੱਗ ਭੱਗ ਪੰਜ ਸਾਲ ਲੈਕਚਰਾਰ ਦੀਆਂ ਸੇਵਾਵਾਂ ਪਾ ਕੇ ਸੇਵਾ ਮੁਕਤ ਹੋਇਆ।

# ਗਾਇਕ ਤੇ ਖ਼ਲਨਾਇਕ ਗੁਰਚਰਨ ਪੋਹਲੀ ਉਰਫ 'ਘੂਕਰ'

ਮਨਦੀਪ ਸਿੰਘ ਸਿੱਧੂ

ਪੰਜਾਬੀ ਦੇ ਮਸ਼ਹੂਰ ਗਾਇਕ ਤੇ ਹਿੰਦੀ/ਪੰਜਾਬੀ ਫ਼ਿਲਮਾਂ ਦੇ ਖ਼ਲਨਾਇਕ ਗੁਰਚਰਨ ਸਿੰਘ ਪੋਹਲੀ ਦੀ ਪੈਦਾਇਸ਼ 24 ਜੂਨ 1942 ਨੂੰ ਪਿੰਡ ਚੱਕ ਨੰਬਰ 51/12–ਐੱਲ, ਜ਼ਿਲ੍ਹਾ ਮਿੰਟਗੁਮਰੀ (ਹੁਣ ਜ਼ਿਲ੍ਹਾ ਸਾਹੀਵਾਲ, ਪਾਕਿਸਤਾਨ) ਦੇ ਪੰਜਾਬੀ ਸਿੱਖ ਪਰਿਵਾਰ ਵਿੱਚ ਹੋਈ। ਦੇਸ਼ ਵੰਡ ਵੇਲੇ ਇਹ ਪਰਿਵਾਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਕੋਟ ਕਰੋੜ ਕਲਾਂ ਆਣ ਵੱਸਿਆ। ਪੋਹਲੀ ਨੇ 10ਵੀਂ ਤੱਕ ਤਾਲੀਮ ਹਾਸਲ ਕੀਤੀ। ਸਕੂਲ ਪੜ੍ਹਦਿਆਂ ਹੀ ਉਸ ਨੂੰ ਨੱਚਣ ਤੇ ਗਾਉਣ ਨਾਲ ਬੇਹੱਦ ਲਗਾਓ ਸੀ ਜੋ ਜਵਾਨੀ ਦੀ ਸਰਦਲ 'ਤੇ ਪਹੁੰਚਦਿਆਂ ਗੁਲੂਕਾਰੀ ਤੇ ਅਦਾਕਾਰੀ ਵਿੱਚ ਬਦਲ ਗਿਆ।

ਗੁਰਚਰਨ ਪੋਹਲੀ ਨੇ ਆਪਣੇ ਫ਼ਨੀ ਸਫ਼ਰ ਦਾ ਆਗ਼ਾਜ਼ ਪੰਜਾਬੀ ਲੋਕ ਗਾਇਕ ਵਜੋਂ ਕੀਤਾ। ਉਸ ਨੇ ਸੰਗੀਤ ਦੀ ਮੁੱਢਲੀ ਤਾਲੀਮ ਉਸਤਾਦ ਜਸਵੰਤ ਭੰਵਰਾ ਕੋਲੋਂ ਹਾਸਲ ਕੀਤੀ। ਫਿਰ ਫ਼ਿਲਮਾਂ ਨਾਲ ਦਿਲਚਸਪੀ ਕਾਰਨ ਬੰਬੇ ਦਾ ਰੁਖ਼ ਕੀਤਾ। ਹਿੰਦੀ ਫ਼ਿਲਮਾਂ ਵਿੱਚ ਉਸ ਨੇ 'ਸ਼ੇਰਾ' ਦੇ ਫ਼ਿਲਮੀ ਨਾਮ ਨਾਲ ਅਦਾਕਾਰੀ ਕੀਤੀ ਅਤੇ ਪੰਜਾਬੀ ਫ਼ਿਲਮਾਂ ਵਿੱਚ ਗੁਰਚਰਨ ਪੋਹਲੀ ਦੇ ਨਾਮ ਨਾਲ ਆਪਣੀ ਪਛਾਣ ਬਣਾਈ।



ਮਾਲਵੇ ਦੇ ਮਸ਼ਹੂਰ ਨਾਵਲਨਿਗਾਰ ਬੂਟਾ ਸਿੰਘ ਸ਼ਾਦ ਨੇ ਜਦੋਂ ਆਪਣੇ ਫ਼ਿਲਮਸਾਜ਼ ਅਦਾਰੇ ਬਰਾੜ ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਵੇਦ ਮਹਿਰਾ ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫ਼ਿਲਮ 'ਕੁੱਲੀ ਯਾਰ ਦੀ' (1970) ਬਣਾਈ ਤਾਂ ਉਨ੍ਹਾਂ ਪੰਜਾਬੀ ਲੋਕ ਗਾਇਕ ਗੁਰਚਰਨ ਸਿੰਘ ਪੋਹਲੀ ਨੂੰ ਨਵੇਂ ਚਿਹਰੇ ਵਜੋਂ ਮੁਤਆਰਿਫ਼ ਕਰਵਾਇਆ। ਪੋਹਲੀ ਨੇ ਫ਼ਿਲਮ 'ਚ ਛੋਟੀ ਜਿਹੀ ਭੂਮਿਕਾ ਨਿਭਾਈ। ਮਨੋਹਰ ਦੀ ਮੁਰੱਤਿਬ ਮੌਸੀਕੀ ਵਿੱਚ ਬਾਬੂ ਸਿੰਘ ਮਾਨ ਦਾ ਲਿਖਿਆ ਗੀਤ 'ਜਨਨੀ ਜਨੇ ਤਾਂ ਭਗਤ ਜਨ' (ਮਹਿੰਦਰ ਕਪੂਰ) ਗੁਰਚਰਨ ਪੋਹਲੀ 'ਤੇ ਫ਼ਿਲਮਾਇਆ ਗਿਆ। ਇਹ ਬਲੈਕ ਐਂਡ ਵ੍ਹਾਈਟ ਫ਼ਿਲਮ 27 ਨਵੰਬਰ 1970 ਨੂੰ ਨੰਦਨ ਸਿਨਮਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ।

ਗੁਰਚਰਨ ਪੋਹਲੀ ਦੀ ਪਹਿਲੀ ਰੰਗੀਨ ਹਿੰਦੀ ਫ਼ਿਲਮ ਵੀ ਬਰਾੜ ਪ੍ਰੋਡਕਸ਼ਨਜ਼, ਬੰਬੇ ਦੀ ਬੀ। ਐਸ। ਸ਼ਾਦ ਨਿਰਦੇਸ਼ਿਤ 'ਕੋਰਾ ਬਦਨ' (1974) ਸੀ। ਫ਼ਿਲਮ 'ਚ ਸ਼ਾਦ ਨੇ ਗੁਰਚਰਨ ਪੋਹਲੀ ਨੂੰ 'ਸ਼ੇਰਾ' ਦੇ ਨਵੇਂ ਨਾਮ ਨਾਲ ਪੇਸ਼ ਕੀਤਾ। ਪੋਹਲੀ ਨੇ ਫ਼ਿਲਮ ਵਿੱਚ 'ਡਾਕੂ' ਦਾ ਕਿਰਦਾਰ ਨਿਭਾਇਆ। ਸਾਵਨ ਕੁਮਾਰ ਦੇ ਫ਼ਿਲਮਸਾਜ਼ ਅਦਾਰੇ ਮਰਕਰੀ ਪ੍ਰੋਡਕਸ਼ਨਜ਼, ਬੰਬੇ ਦੀ ਸਾਵਨ ਕੁਮਾਰ ਨਿਰਦੇਸ਼ਿਤ ਫ਼ਿਲਮ 'ਹਵਸ' (1974), ਰੂਪਾ ਐਚ। ਐਮ। ਦੇ ਫ਼ਿਲਮਸਾਜ਼ ਅਦਾਰੇ ਅਨੁਭਵ ਫ਼ਿਲਮਜ਼, ਬੰਬੇ ਦੀ ਕੇਦਾਰ ਕਪੂਰ ਨਿਰਦੇਸ਼ਿਤ ਫ਼ਿਲਮ 'ਚਟਾਨ ਸਿੰਘ' (1974), ਸ਼ਿਆਮ ਸੁੰਦਰ ਤੇ ਸ਼ਿਵਦਾਸਾਨੀ ਦੇ ਫ਼ਿਲਮਸਾਜ਼ ਅਦਾਰੇ ਮੁਰਧਨ ਇੰਟਰਪ੍ਰਾਈਸਜ਼, ਬੰਬੇ ਦੀ ਪ੍ਰਯਾਗ ਰਾਜ ਨਿਰਦੇਸ਼ਿਤ ਫ਼ਿਲਮ 'ਪਾਪ ਔਰ ਪੁਨਯ' (1974), ਰਾਮਾਨੰਦ ਸਾਗਰ ਦੇ ਫ਼ਿਲਮਸਾਜ਼ ਅਦਾਰੇ ਸਾਗਰ ਆਰਟ ਕਾਰਪੋਰੇਸ਼ਨ, ਬੰਬੇ ਦੀ ਆਨੰਦ ਸਾਗਰ ਨਿਰਦੇਸ਼ਿਤ ਫ਼ਿਲਮ 'ਹਮਰਾਹੀ' (1974) ਵਿੱਚ ਖ਼ਲ ਕਿਰਦਾਰ ਨਿਭਾਏ।

ਨਰੇਸ਼ ਕੁਮਾਰ ਦੇ ਫ਼ਿਲਮਸਾਜ਼ ਅਦਾਰੇ ਡਿੰਪਲ ਫ਼ਿਲਮਜ਼, ਬੰਬੇ ਦੀ ਨਰੇਸ਼ ਕੁਮਾਰ ਨਿਰਦੇਸ਼ਿਤ ਫ਼ਿਲਮ 'ਦੋ ਜਾਸੂਸ' (1975), ਐਸ ਪੀ ਮਲਹੋਤਰਾ ਤੇ ਪ੍ਰਤਾਪ ਸਿੰਘ ਦੇ ਫ਼ਿਲਮਸਾਜ਼ ਅਦਾਰੇ ਸਿਲਵਰ ਸਕਰੀਨ ਇੰਟਰਪ੍ਰਾਈਸਜ਼, ਬੰਬੇ ਦੀ ਦੇਸ਼ ਗੌਤਮ ਨਿਰਦੇਸ਼ਿਤ ਫ਼ਿਲਮ 'ਲਗਾਮ' (1976) 'ਚ ਪੋਹਲੀ ਨੇ ਫਿਰ ਖ਼ਲ ਕਿਰਦਾਰ ਨਿਭਾਏ।

ਹਾਲਾਂਕਿ 1970ਵਿਆਂ ਦੇ ਅਸ਼ਰੇ 'ਚ ਗੁਰਚਰਨ ਪੋਹਲੀ ਦਾ ਆਗਾਜ਼ ਪੰਜਾਬੀ ਫ਼ਿਲਮ ਤੋਂ ਹੋਇਆ ਤੇ ਬਾਅਦ 'ਚ ਉਸ ਨੇ ਕਈ ਹਿੰਦੀ ਫ਼ਿਲਮਾਂ 'ਚ 'ਸ਼ੇਰਾ' ਦੇ ਨਾਮ ਨਾਲ ਛੋਟੇ–ਛੋਟੇ ਕਿਰਦਾਰ ਵੀ ਨਿਭਾਏ, ਪਰ ਉਹ ਨਾਮ ਨਹੀਂ ਬਣ ਸਕਿਆ ਜੋ ਉਸ ਦੀ ਦਿੱਖ ਮੁਤਾਬਿਕ ਬਣਦਾ ਸੀ। ਆਦਾਤਰ ਹਿੰਦੀ ਫ਼ਿਲਮਾਂ 'ਚ ਉਸ ਦੀ ਆਵਾਜ਼ ਕਿਸੇ ਹੋਰ ਕੋਲੋਂ ਡੱਬ ਕਰਵਾਈ ਜਾਂਦੀ ਸੀ। ਉਸ ਨੂੰ ਅਸਲ ਸ਼ੁਹਰਤ ਸਿਰਫ਼ ਪੰਜਾਬੀ ਫ਼ਿਲਮਾਂ ਤੋਂ ਹੀ ਮਿਲ ਪਾਈ। ਚਾਦਰਾ–ਕੁੜਤਾ, ਦੰਦਾਂ 'ਚ ਪੈਂਦੀ ਵਿਰਲ ਤੇ ਹੱਸਣ ਦੇ ਅਨੋਖੇ ਅੰਦਾਜ਼ ਨੇ ਉਸ ਨੂੰ ਪੰਜਾਬੀ ਫ਼ਿਲਮਾਂ ਦਾ ਸਿਰਕੱਢ ਖ਼ਲਨਾਇਕ ਬਣਾ ਦਿੱਤਾ।

1980ਵਿਆਂ ਦੇ ਦਹਾਕੇ 'ਚ ਭੁੱਲਾ ਰਾਮ ਚੰਨ, ਹਰਦੇਵ ਸਿੰਘ ਦਿਲਗੀਰ, ਕੁਲਦੀਪ ਮਾਣਕ ਤੇ ਗੁਰਚਰਨ ਪੋਹਲੀ ਨੇ ਜਦੋਂ ਆਪਣੇ ਫ਼ਿਲਮਸਾਜ਼ ਅਦਾਰੇ ਬੀ। ਐਚ। ਕੇ। ਜੀ। ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਵਰਿੰਦਰ ਦੀ ਹਿਦਾਇਤਕਾਰੀ ਵਿੱਚ ਐਕਸ਼ਨ ਪੰਜਾਬੀ ਫ਼ਿਲਮ 'ਬਲਬੀਰੋ ਭਾਬੀ' (1981) ਬਣਾਈ ਤਾਂ ਗੁਰਚਰਨ ਪੋਹਲੀ ਨੂੰ ਇੱਕ ਵਾਰ ਫਿਰ ਨਵੇਂ ਅਦਾਕਾਰ ਵਜੋਂ ਮੁਤਆਰਿਫ਼ ਕਰਵਾਇਆ। ਫ਼ਿਲਮ ਵਿੱਚ ਉਸ ਵੱਲੋਂ ਨਿਭਾਏ 'ਘੂਕਰ'/'ਚੌਧਰੀ ਸਾਹਬ' ਦੇ ਵੈਲੀ ਕਿਰਦਾਰ ਨੇ ਮਕਬੂਲੀਅਤ ਅਤੇ ਪੁਖਤਾ ਪਛਾਣ ਦਿੱਤੀ। ਕੁਲਦੀਪ ਮਾਣਕ ਦੇ ਸੰਗੀਤ 'ਚ ਦੇਵ ਥਰੀਕੇ ਵਾਲਾ ਦਾ ਲਿਖਿਆ ਅਖਾੜਾ ਗੀਤ 'ਹੋ ਹੋ।।ਨੱਚ ਲੈ ਮੋਰਨੀਏ' (ਗੁਰਮੀਤ ਬਾਵਾ, ਕੁਲਦੀਪ ਮਾਣਕ) ਗੁਰਮੀਤ ਬਾਵਾ, ਕੁਲਦੀਪ ਮਾਣਕ, ਵਰਿੰਦਰ, ਗੁਰਚਰਨ ਪੋਹਲੀ 'ਤੇ ਫ਼ਿਲਮਾਇਆ ਗਿਆ। ਇਹ ਸੁਪਰਹਿੱਟ ਫ਼ਿਲਮ 18 ਜੂਨ 1982 ਨੂੰ ਮਾਲਵਾ ਸਿਨਮਾ, ਪਟਿਆਲਾ ਵਿਖੇ ਨੁਮਾਇਸ਼ ਹੋਈ। ਇਸ ਫ਼ਿਲਮ ਦੀ ਜਬਰਦਸਤ ਕਾਮਯਾਬੀ ਤੋਂ ਬਾਅਦ ਗੁਰਚਰਨ ਸਿੰਘ ਪੋਹਲੀ ਨੇ ਐਲ। ਐਸ। ਪਾਹਲ ਦੇ ਫ਼ਿਲਮਸਾਜ਼ ਅਦਾਰੇ ਪਾਹਲ ਬ੍ਰਦਰਜ਼, ਪ੍ਰੋਡਕਸ਼ਨਜ਼, ਬੰਬੇ ਦੀ ਕੰਵਲ ਬਿਆਲਾ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਰੂਪ ਸ਼ੁਕੀਨਣ ਦਾ' (1983) 'ਚ ਅਦਾਕਾਰਾ ਦਲਜੀਤ ਕੌਰ (ਪ੍ਰੀਤੋ) ਦੇ ਭਰਾ 'ਜੋਰਾ' ਦਾ ਖ਼ਲ ਕਿਰਦਾਰ ਨਿਭਾਇਆ। ਚਰਨਜੀਤ ਅਹੂਜਾ ਦੇ ਸੰਗੀਤ 'ਚ ਮਜ਼ਾਹੀਆ ਗੀਤ 'ਮੈਂ ਨਈ ਜਾਣਾ ਰੋਡੂ ਦੇ' (ਨੇਕੀ ਕਾਬਿਲ) ਮਿਹਰ ਮਿੱਤਲ, ਪੋਹਲੀ ਤੇ ਸਾਥੀਆਂ 'ਤੇ ਫ਼ਿਲਮਾਇਆ ਗਿਆ ਸੀ। ਇਹ ਫ਼ਿਲਮ 30 ਸਤੰਬਰ 1983 ਨੂੰ ਜੋਸ਼ੀ ਪੈਲੇਸ, ਫ਼ਿਰੋਜ਼ਪੁਰ ਸ਼ਹਿਰ ਵਿਖੇ ਨੁਮਾਇਸ਼ ਹੋਈ। ਪੁਖਰਾਜ ਪ੍ਰੋਡਕਸ਼ਨਜ਼, ਬੰਬੇ ਦੀ ਜਗਜੀਤ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਕੀ ਬਣੂ ਦੁਨੀਆ ਦਾ' (1986) 'ਚ ਗੁਰਚਰਨ ਪੋਹਲੀ ਨੇ 'ਪੋਹਲੀ ਸਾਹਬ' ਦਾ ਖ਼ਲ ਪਾਤਰ ਅਦਾ ਕੀਤਾ ਜਦੋਂਕਿ ਮੁੱਖ ਕਿਰਦਾਰ ਵਿੱਚ ਗੁਰਦਾਸ ਮਾਨ ਪਹਿਲੀ ਵਾਰ ਦੋਹਰੀ ਭੂਮਿਕਾ ਨਿਭਾ ਰਿਹਾ ਸੀ। ਹੁਣ ਫ਼ਿਲਮਸਾਜ਼ਾਂ ਤੇ ਫ਼ਿਲਮ ਮੱਦਾਹਾਂ ਨੂੰ ਪੋਹਲੀ ਦੀ ਖ਼ਲਨਾਇਕੀ ਦਾ ਅੰਦਾਜ਼ ਪਸੰਦ ਆਉਣ ਲੱਗ ਪਿਆ ਸੀ। ਲਿਹਾਜ਼ਾ ਫ਼ਿਲਮ ਦੇ ਪ੍ਰਚਾਰ ਪੋਸਟਰਾਂ 'ਤੇ ਪੋਹਲੀ ਦੀ ਫੋਟੋ ਫ਼ਿਲਮ ਦੀ ਹਿੱਟ ਦੀ ਗਾਰੰਟੀ ਮੰਨੀ ਜਾਂਦੀ ਸੀ। ਜਦੋਂ ਸੁਰਿੰਦਰ, ਉਂਕਾਰ ਸਿੰਘ ਤੇ ਰਵੀ ਨੇ ਆਪਣੇ ਫ਼ਿਲਮਸਾਜ਼ ਅਦਾਰੇ ਐਸਐਚਓਆਰ ਫ਼ਿਲਮਜ਼, ਬੰਬੇ ਦੇ ਬੈਨਰ ਹੇਠ ਵਰਿੰਦਰ ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫ਼ਿਲਮ 'ਯਾਰੀ ਜੱਟ ਦੀ' (1987) ਬਣਾਈ ਤਾਂ ਉਨ੍ਹਾਂ ਨੇ ਵੀ ਉਸ ਦੀ ਸਫਲਤਾ ਨੂੰ ਕੈਸ਼ ਕੀਤਾ। ਪੋਹਲੀ ਨੇ ਫ਼ਿਲਮ ਵਿੱਚ 'ਦੀਪਾ' ਦਾ ਖ਼ਲ ਕਿਰਦਾਰ ਨਿਭਾਇਆ। ਇਹ ਫ਼ਿਲਮ ਸਿਲਵਰ ਜੁਬਲੀ ਹਿੱਟ ਰਹੀ।



ਜੋਗਿੰਦਰ ਪਾਲ ਪ੍ਰਦੇਸੀ, ਰੰਮੀ ਪਹਿਲਵਾਨ, ਮਨਜੀਤ ਲਵਲੀ ਦੇ ਫ਼ਿਲਮਸਾਜ਼ ਅਦਾਰੇ ਫਰੈਂਡਜ਼ ਮੂਵੀਜ਼, ਬੰਬੇ ਦੀ ਜਗਜੀਤ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਪਟੋਲਾ' (1987) 'ਚ ਪੋਹਲੀ ਨੇ ਅਦਾਕਾਰਾ ਦਲਜੀਤ ਕੌਰ (ਰਾਣੀ) ਦੇ ਭਰਾ 'ਮੰਗਲ' ਦਾ ਨਕਾਰਾਤਮਕ ਪਾਰਟ ਅਦਾ ਕੀਤਾ। ਅਵਤਾਰ ਸਿੰਘ ਵਾਲੀਆ ਤੇ ਬਾਪੂ ਸੰਤੋਸ਼ ਸਿੰਘ ਸਨਿਆਲ ਦੇ ਫ਼ਿਲਮਸਾਜ਼ ਅਦਾਰੇ ਬਾਪੂ ਆਰਟਸ, ਇੰਟਰਨੈਸ਼ਨਲ, ਬੰਬੇ ਦੀ ਵਰਿੰਦਰ ਨਿਰਦੇਸ਼ਿਤ ਐਕਸ਼ਨ ਪੰਜਾਬੀ ਫ਼ਿਲਮ 'ਜੱਟ ਸੂਰਮੇ' (1988) 'ਚ ਉਸ ਨੇ ਵੈਲੀ 'ਜੰਗਾ' ਦਾ ਖ਼ਲ ਪਾਤਰ ਨਿਭਾਇਆ। ਕਹਾਣੀ ਵਰਿੰਦਰ, ਮੁਕਾਲਮੇ ਰਵੀ, ਗੀਤ ਬਾਬੂ ਸਿੰਘ ਮਾਨ ਤੇ ਸੰਗੀਤ ਕਮਲ ਕਾਂਤ ਨੇ ਤਾਮੀਰ ਕੀਤਾ। ਫ਼ਿਲਮ 'ਚ ਵਰਿੰਦਰ ਤੇ ਪ੍ਰੀਤੀ ਸਪਰੂ ਦੀ ਜੋੜੀ ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੀ ਸੀ। ਇਸ ਫ਼ਿਲਮ ਤੋਂ ਬਾਅਦ ਗੁਰਚਰਨ ਪੋਹਲੀ ਫ਼ਿਲਮੀ ਦੁਨੀਆ 'ਚੋਂ ਇਕਦਮ ਲੋਪ ਹੋ ਗਿਆ।

1990ਵਿਆਂ ਵਿੱਚ ਜਦੋਂ ਐਲ ਐਸ ਪਾਬਲਾ ਨੇ ਆਪਣੇ ਫ਼ਿਲਮਸਾਜ਼ ਅਦਾਰੇ ਏਸ਼ੀਅਨ ਫ਼ਿਲਮਜ਼ ਇੰਟਰਨੈਸ਼ਨਲ, ਬੰਬੇ ਦੇ ਬੈਨਰ ਹੇਠ ਪੰਜਾਬੀ ਫ਼ਿਲਮ 'ਦੇਸੋਂ ਪਰਦੇਸ' (1996) ਬਣਾਈ ਤਾਂ ਇੱਕ ਵਾਰ ਫਿਰ ਮਸ਼ਹੂਰ ਖ਼ਲਨਾਇਕ ਗੁਰਚਰਨ ਪੋਹਲੀ ਨੂੰ ਕਾਫ਼ੀ ਸਾਲਾਂ ਬਾਅਦ ਫ਼ਿਲਮ 'ਚ ਅਦਾਕਾਰੀ ਦਾ ਮੌਕਾ ਦਿੱਤਾ। ਪੋਹਲੀ ਨੇ ਫ਼ਿਲਮ 'ਚ 'ਏਜੰਟ ਸ਼ੇਰਾ' ਦਾ ਪਾਰਟ ਨਿਭਾਇਆ। ਇਸ ਫ਼ਿਲਮ ਤੋਂ ਬਾਅਦ ਉਸ ਨੇ ਕਿਸੇ ਪੰਜਾਬੀ ਫ਼ਿਲਮ 'ਚ ਕੰਮ ਨਹੀਂ ਕੀਤਾ।

ਪੰਜਾਬੀ ਤੇ ਹਿੰਦੀ ਫ਼ਿਲਮਾਂ ਵਿੱਚ ਅਦਾਕਾਰੀ ਕਰਨ ਵਾਲਾ ਗੁਰਚਰਨ ਪੋਹਲੀ ਪੰਜਾਬ ਦਾ ਮਸ਼ਹੂਰ ਲੋਕ ਗਾਇਕ ਵੀ ਸੀ। ਉਸ ਨੇ ਆਪਣੀ ਸਹਿ–ਗਾਇਕਾ ਪ੍ਰੋਮਿਲਾ ਪੰਮੀ ਨਾਲ ਜੋੜੀ ਬਣਾ ਕੇ ਗ੍ਰਾਮੋਫ਼ੋਨ ਰਿਕਾਰਡਾਂ ਲਈ ਕੇਸਰ ਸਿੰਘ ਨਰੂਲਾ, ਚਰਨਜੀਤ ਅਹੂਜਾ ਦੀ ਮੁਰੱਤਿਬ ਮੌਸੀਕੀ ਵਿੱਚ ਭੁੱਲਾ ਰਾਮ ਚੰਨ ਉਰਫ਼ ਚੰਨ ਗੁਰਾਇਆਂ ਵਾਲੇ ਦੇ ਲਿਖੇ ਅਨੇਕਾਂ ਲੋਕ ਗੀਤ ਗਾਏ। ਇਸ ਜੋੜੀ ਦਾ ਪਹਿਲਾ ਪੱਥਰ ਦਾ ਯਾਨੀ 78 ਆਰ ਪੀ–ਐਮ ਦਾ ਰਿਕਾਰਡ 1966 ਵਿੱਚ ਜਾਰੀ ਹੋਇਆ। ਉਸ ਤੋਂ ਬਾਅਦ ਕਈ ਈ। ਪੀ। ਰਿਕਾਰਡ ਆਉਣ ਤੋਂ ਇਲਾਵਾ ਐਚਐਮਵੀ ਕੰਪਨੀ ਤੇ ਹੋਰਨਾਂ ਕੰਪਨੀਆਂ ਵਿੱਚ ਅਨੇਕਾਂ ਆਡੀਓ ਕੈਸੇਟਾਂ ਵੀ ਰਿਲੀਜ਼ ਹੋਈਆਂ।

1966 ਤੋਂ 1985 ਤੱਕ ਇਸ ਜੋੜੀ ਨੇ ਪੰਜਾਬ ਦੇ ਪਿੰਡਾਂ ਵਿੱਚ ਇਕੱਠੇ ਬਹੁਤ ਅਖਾੜੇ ਲਾਏ। ਫਿਰ ਇਨ੍ਹਾਂ ਨੇ ਵਿਆਹ ਕਰਵਾ ਲਿਆ। ਪ੍ਰੋਮਿਲਾ ਪੰਮੀ ਉਰਫ਼ ਪ੍ਰੋਮਿਲਾ ਦੇਵੀ (1948) ਜੋ ਲੁਧਿਆਣਾ ਦੇ ਪੰਜਾਬੀ ਪੰਡਤਾਂ ਦੀ ਧੀ ਹੈ, ਉਹ ਪੰਜਾਬ ਦੇ ਬੁਰੇ ਸਮੇਂ ਦੌਰਾਨ ਗੁਰਚਰਨ ਪੋਹਲੀ ਨਾਲ ਪੱਕੇ ਤੌਰ 'ਤੇ ਅਮਰੀਕਾ ਜਾ ਵੱਸੀ। ਅੱਜਕੱਲ੍ਹ ਇਹ ਮਕਬੂਲ ਜੋੜੀ ਅਮਰੀਕਾ ਵਿਖੇ ਆਪਣੇ ਪਰਿਵਾਰ ਨਾਲ ਖ਼ੁਸ਼ਹਾਲ ਜ਼ਿੰਦਗੀ ਬਸਰ ਕਰ ਰਹੀ ਹੈ। ਅੱਜ ਵੀ 80 ਸਾਲਾ ਗੁਰਚਰਨ ਪੋਹਲੀ ਦੀ ਅਦਾਕਾਰੀ ਤੇ ਗੁਲੂਕਾਰੀ ਨੂੰ ਸੁਣਨ ਤੇ ਪਸੰਦ ਕਰਨ ਵਾਲਿਆਂ ਦੀ ਵੱਡੀ ਤਾਦਾਦ ਹੈ।

# ਗੁਰੂ ਘਰ ਦੀ ਸੇਵਾ 'ਚ ਜੁੱਟਿਆ ਸਾਹਸੀ ਗੁਰਦੇਵ ਸਿੰਘ ਰੌਂਟਲ ਰੋਹੀ

ਇਨਸਾਨ ਦੀ ਕੋਈ ਜਾਤ ਨਹੀਂ ਹੁੰਦੀ ਹੈ, ਸੱਚਾ ਸੁੱਚਾ ਮਿਸ਼ਨ ਹੀ ਉਸ ਦਾ ਧਰਮ ਜਾਤ ਹੁੰਦਾ ਹੈ। ਜੋ ਅਰਸ਼ 'ਚੋਂ ਮਨੁੱਖ ਨੂੰ ਸ਼ੰਦੇਸ ਮਿਲਦਾ ਹੈ ਉਸ ਮੁਤਾਬਿਕ ਧਰਮ ਦੀ ਕੋਈ ਜਾਤ ਨਹੀਂ ਹੈ। ਗਰੀਬ ਤੇ ਪਿਛੜੇ ਲੋਕਾਂ ਦੇ ਹਿੱਤ ਦੀ ਰੱਖਿਆ ਕਰਨਾ ਹੀ ਮਨੁੱਖੀ ਧਰਮ 'ਹੈ। ਸਮਾਜ ਵੀ ਉਹਨਾਂ ਨੂੰ ਅੱਖੋਂ ਉਹਲੇ ਨਹੀਂ ਕਰਦਾ ਹੈ। ਅਜਿਹੇ ਸ਼ਖਸ ਵਿਰਲੇ ਹੀ ਸੰਸਾਰ ਵਿਚ ਮਿਲਦੇ ਹਨ ਅਤੇ ਜਾਤ ਪਾਤ ਦਾ ਭੇਤਭਾਵ ਮਿਟਾਕੇ ਸਮਾਜ ਨੂੰ ਅਹਿਜੀਆ ਕਰੀਤਾਂ ਤੋਂ ਬਚ–ਉਂਦੇ ਹਨ। ਅਜਿਹੇ ਵਿਅਕਤੀ ਦੀ ਗਾਥਾ ਨੇ ਮੈਨੂੰ ਕਲਮ ਨੇ ਕਾਗਜ਼ ਦੀ ਹਿੱਕ 'ਤੇ ਉਤਾਰਨ ਲਈ ਉਲੀਂਕਣ ਦਾ ਸ਼ੰਦੇਸ ਦਿੱਤਾ।

ਪਿੰਡ ਰੌਂਟਲ ਰੋਹੀ ਤਹਿਸੀਲ ਜ਼ੀਰਾ ਜਿਲ੍ਹਾ ਫਿਰੋਜਪੁਰ ਵਿਖੇ ਗੁਰਦੇਵ ਸਿੰਘ ਦਾ ਪਿਤਾ ਸਰਵਣ ਸਿੰਘ ਮਾਤਾ ਜਗੀਰ ਕੌਰ ਦੀ ਕੁੱਖੋਂ 15 ਜਨਵਰੀ ਸੰਨ 1955 ਨੂੰ ਜਨਮ ਹੋਇਆ। ਗੁਰਦੇਵ ਸਿੰਘ ਸਿਆਣਾ ਤੇ ਸੰਤੋਖ ਭਰਿਆ ਵਿਅਕਤੀ ਸੀ। ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪੰਜਵੀਂ ਪਾਸ ਕੀਤੀ, ਗੋਰਮਿੰਟ ਹਾਈ ਸਕੂਲ ਤਲਵੰਡੀ ਭਾਈ ਤੋਂ ਸੰਨ 1973 'ਚ ਮੈਟ੍ਰਿਕ ਦੀ ਪ੍ਰੀ–ਖਿਆ ਪਾਸ ਕੀਤੀ ਅਤੇ ਫਰੀਦਕੋਟ ਕਾਲਜ ਤੋਂ ਉਸਨੇ ਗਿਆਨੀ ਦੀ ਪ੍ਰੀਖਿਆ ਚੰਗੇ ਅੰਕਾਂ ਨਾਲ ਪਾਸ ਕੀਤੀ ਅਤੇ ਬੀ ਏ ਦੀ ਪ੍ਰੀਖਿਆ ਵੀ ਜਲਦੀ ਪਾਸ ਕਰ ਲਈ ਅਤੇ ਸੰਨ 1978 ਵਿਚ ਆਪਦੀ ਸ਼ਾਦੀ ਸੁਰਜੀਤ ਕੌਰ ਨਾਲ ਹੋਈ ਤੇ ਗ੍ਰਹਿਸਤੀ ਜੀਵਨ ਵਿਚ ਰੁਝ ਗਏ। ਸੰਨ 1981 ਵਿਚ ਬਾਬੇ ਨਾਨਕ ਦੀ ਮੇਹਰ ਹੋਈ, ਸ਼ੂਗਰ ਮਿੱਲ ਜ਼ੀਰਾ ਵਿਖੇ ਆਪ ਨੂੰ ਨੌਕਰੀ ਹਾਸਲ ਹੋ ਗਈ। ਫੀਲਡ ਦੀ ਨੌਕਰੀ ਸਦਕਾ ਇਲਾਕੇ ਵਿਚ ਆਪਦਾ ਵਧੀਆ ਮਿਆਰੀ ਮਿਲਵਰਤਨ ਬਣ ਗਿਆ।



ਗੁਰੂ ਦੀ ਮੇਹਰ ਹੋਈ 1983 ਵਿਚ ਗੁਰਦੇਵ ਸਿੰਘ ਅ੍ਰਮਿਤਪਾਨ ਕਰਕੇ ਗੁਰੂ ਵਾਲੇ ਬਣ ਗਏ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਰਹਿਣ ਲੱਗੇ। ਸੰਨ 1992 ਨਵੇਂ ਗੁਰੂ ਘਰ ਦੀ ਇਮਾਰਤ ਦੀ ਸੇਵਾ ਸ਼ੁਰੂ ਕੀਤੀ, ਗੁਰੂ ਦੀ ਮੇਹਰ ਸਦਕਾ ਗੁਰੂ ਘਰ ਦਾ ਕਾਰਜ ਨੇਪਰੇ ਚੜ੍ਹਿਆ। ਮੁੱਖ ਸੇਵਾਦਾਰ ਵਜੋਂ ਗੁਰੂ ਘਰ ਦੀ ਸੇਵਾ ਨਿਭਾਈ । ਸੰਨ 1996 ਵਿਚ ਪਿਤਾ ਦੀ ਸੰਘਣੀ ਛਾਂ ਵਲੋਂ ਵਾਂਝੇ ਹੋ ਗਏ। 1998 ਮਾਤਾ ਜਗੀਰ ਕੌਰ ਵੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਸਾਰੇ ਘਰ ਦੀ ਜੁੰਮੇਵਾਰੀ ਗੁਰਦੇਵ ਸਿੰਘ ਦੇ ਮੋਢਿਆਂ 'ਤੇ ਆ ਪਈ ਤੇ ਇਸ ਜੁੰਮੇਵਾਰੀ ਨੂੰ ਬੇਖੂਬੀ ਨਿਭਾਇਆ। 2000–2001 ਵਿਚ ਸਮਾਜ ਦੀਆਂ ਜੁੰਮੇਵਾਰੀਆਂ ਸਮਝਦੇ ਹੋਏ ਦੋਨੋਂ ਲੜਕਿਆਂ ਨੂੰ ਚੰਗੀਆਂ ਸਿੱਖਿਆ ਦੁਆਕੇ ਉਹਨਾਂ ਦੀਆਂ ਸ਼ਾਦੀਆਂ ਕੀਤੀਆ, ਨਾਨਕ ਸਾਹਿਬ ਦੀ ਕ੍ਰਿਪਾ ਸਦਕਾ ਦੋਹਤਿਆ ਪੋਤਰਿਆ ਦੀ ਬਖਸ਼ਿਸ ਹੋਈ।



ਸੰਨ 2011 ਸਹਿਕਾਰੀ ਮਿੱਲ ਜ਼ੀਰਾ ਤੋਂ ਸੇਵਾਮੁਕਤ ਹੋਏ। ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਨਾਂ–ਮਾਤਰ ਪੈਨਸ਼ਨ ਮਿਲੀ। ਅਫਸ਼ੋਸ ਜ਼ਾਹਿਰ ਕਰਦਿਆ ਗੁਰਦੇਵ ਸਿੰਘ ਨੇ ਦੱਸਿਆ ਕਿ ਲੀਡਰਾਂ ਦੀਆਂ ਤਜੌਰੀਆਂ ਤਾਂ ਕਈ ਗੁਣੇ ਵਧ ਗਈਆ ਪਰ ਮੇਰੇਵਰਗੇ ਅਣਗਿਣਤ ਵਿਅਕਤੀ ਗਰੀਬੀ ਦੀ ਰੇਖਾ ਤੋਂ ਵੀ ਹੇਠਾਂ ਚਲੇ ਗਏ। ਜਿੰਨਾ ਦੀ ਕੋਈ ਵੀ ਬਾਂਹ ਫੜਨ ਲਈ ਤਿਆਰ ਨਹੀਂ ਹੈ। ਗੁਰਦੇਵ ਸਿੰਘ ਮੁਤਾਬਕ ਰੌਂਟਲ ਰੋਹੀ ਪਿੰਡ ਸਿੱਧੂ ਪ੍ਰਵਾਰਾਂ ਵਲੋਂ ਵਸਾਇਆ ਗਿਆ ਸੀ। ਇਸ ਪਿੰਡ ਦੀਆਂ ਚਾਰ ਪੱਤੀਆਂ ਹਨ। ਕੁਝ ਪਰਿਵਾਰ ਢਿਲੋਂ ਤੇ ਗੋਦਾਰਾ ਵੀ ਇਥੇ ਵਸਦੇ ਹਨ। ਲੋਕ ਮਿਲ ਜੁਲ ਕੇ ਪਿਆਰ ਨਾਲ ਰਹਿੰਦੇ ਹਨ।

ਕੋਈ ਸ਼ੱਕ ਨਹੀਂ ਅੱਜ ਵੀ ਗੁਰਦੇਵ ਸਿੰਘ ਗੁਰੂ ਘਰ ਦੇ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ। ਗਰੀਬ ਲਾਚਾਰ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਪਿੱਛੇ ਜਿਹੇ ਗੁਰਦੇਵ ਸਿੰਘ ਵੀ ਸਾਡੇ ਪਿੰਡ ਝੱਤਰਾ ਦੇ ਲੋਕਾਂ ਨੂੰ ਚੰਗੇ ਮਿਆਰੀ ਕੰਬਲ ਵੰਡੇ ਸਨ। ਅਸੀਂ ਉਨ੍ਹਾਂ ਦੇ ਸ਼ੁਕਰਗੁਜਾਰ ਹਾਂ।

**ਲੇਖਕ ਜਗਜੀਤ ਸਿੰਘ ਝਤਰਾ**
**7814490249**
**ਅਨੁਵਾਦ ਤਸਵਿੰਦਰ ਸਿੰਘ ਬੜੈਚ**

## ਸੱਦਾ ਪੱਤਰ

ਸ਼ਹੀਦੋਂ ਕੀ ਚਿਤਾਉਂ ਪੇ ਲਗੇਂਗੇ ਹਰ ਵਰਸ ਮੇਲੇ
ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ

# ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵੱਲੋਂ



ਸ਼ਹੀਦ-ਏ-ਆਜ਼ਮ

## ਸ. ਭਗਤ ਸਿੰਘ ਦਾ ਸ਼ਹੀਦੀ ਦਿਹਾੜਾ

ਅਤੇ

## ਮਜ਼ਦੂਰ ਦਿਵਸ



# ਮਿਤੀ 1 ਮਈ 2022 (ਦਿਨ ਐਤਵਾਰ)

ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ:

ਚਾਹ ਪਾਣੀ : 2 ਵਜੇ
ਵਿਚਾਰ ਚਰਚਾ : 2:30 ਵਜੇ
ਸ਼ਾਮ ਦਾ ਭੋਜਨ : 5 ਵਜੇ

ਜਿਸ ਵਿੱਚ ਵੱਖ-ਵੱਖ ਬੁਲਾਰੇ ਵਿਚਾਰ ਪੇਸ਼ ਕਰਨਗੇ।

Venue :

**Confrence Hall**
Gurdwara Sant Sagar
1541 Jessie Ave CA 95838
Secramento

ਉਡੀਕਵਾਨ:

Surinder Singh Bindra
President

Gian S. Bilga
Gen. Sec

Contact : 916-420-2390

Sponsored by- Desh Doaba

# 22 ਅਪ੍ਰੈਲ, 2022 ਲਈ ਗਦਰੀ ਆਗੂ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਬਰਸੀ ਸਬੰਧੀ ਵਿਸ਼ੇਸ਼

ਸਾਡੇ ਦੇਸ਼ ਵਿੱਚ ਵਰਣ ਵਿਵਸਥਾ ਅਤੇ ਜਾਤਿ ਪ੍ਰਥਾ ਪ੍ਰਭਾਵੀ ਹੋਣ ਕਾਰਨ ਸਮਾਜ ਦੇ ਸਭ ਤੋਂ ਹੇਠਲੇ ਵਰਗ ਦੇ ਲੋਕਾਂ ਦੀ ਜਿੰਦਗੀ ਸਦੀਆਂ ਤੱਕ ਤਰਸਯੋਗ ਹੀ ਰਹੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਵਿੱਚ ਇੱਕ ਨਾਮ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਦਾ ਜਨਮ 14 ਜਨਵਰੀ, 1886 ਨੂੰ ਪੰਜਾਬ ਦੇ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਸਮਾਜ ਦੀ ਅਖੌਤੀ ਵਰਣ ਵਿਵਸਥਾ ਕਾਰਨ ਆਪ ਦੇ ਪਰਿਵਾਰ ਨੂੰ ਬਾਕੀ ਅਛੂਤਾਂ ਵਾਂਗ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਵਿਤਕਰੇ ਸ਼ਿਕਾਰ ਹੋਣਾ ਪੈਂਦਾ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਆਪ ਦੇ ਪਿਤਾ ਚਮੜੇ ਦਾ ਧੰਦਾ ਕਰਦੇ ਸਨ ਅਤੇ ਇਸ ਸਬੰਧੀ ਆਏ ਚਿੱਠੀ ਪੱਤਰ ਪੜ੍ਹਾਉਣ ਲਈ ਦੂਜੇ ਵਰਗ ਦੇ ਲੋਕਾਂ ਤੇ ਨਿਰਭਰ ਰਹਿੰਦੇ ਸਨ। ਆਪ ਦੇ ਪਿਤਾ ਚਾਹੁੰਦੇ ਸਨ ਕਿ ਅੰਗਰੇਜੀ ਪੜਕੇ ਮੰਗੂ ਰਾਮ ਉਨ੍ਹਾਂ ਦੀ ਇਹ ਸਮੱਸਿਆ ਦੂਰ ਕਰ ਦੇਵੇ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਨੇੜੇ ਹੁਸ਼ਿਆਰਪੁਰ ਸਕੂਲ ਅਤੇ ਦੇਹਰਾਦੂਨ ਵਿੱਚ ਪੜ੍ਹੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਤੇ ਇਕੱਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜ੍ਹਣਾ ਪੈਂਦਾ ਸੀ। ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਬਾਬਜੂਦ ਅਧਿਆਪਕਾਂ ਦੇ ਜਾਤ ਅਧਾਰਿਤ ਵਿਤਕਰੇ ਕਾਰਨ ਆਪ ਨੂੰ ਪੜ੍ਹਾਈ ਛੱਡਕੇ ਅਪਣੇ ਪਿਤਾ ਨਾਲ ਚਮੜੇ ਦਾ ਕੰਮ ਕਰਨਾ ਪਿਆ। ਆਪ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਆਪ ਨੇ ਕੁੱਝ ਸਾਲ ਵੱਖ ਵੱਖ ਇਲਾਕਿਆਂ ਵਿੱਚ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰੰਤੂ ਈੱਥੇ ਵੀ ਜਾਤ ਅਧਾਰਿਤ ਵਿਤਕਰੇ ਨੇ ਉਨ੍ਹਾਂ ਦਾ ਪਿੱਛਾ ਨਾਂ ਛੱਡਿਆ। ਇਸ ਸਮੇਂ ਦੌਰਾਨ ਹੀ ਨਵੰਬਰ, 1913 ਵਿੱਚ ਗਦਰ ਲਹਿਰ ਦੀ ਸਥਾਪਨਾ ਕੀਤੀ ਗਈ ਅੰਗਰੇਜੀ ਹਕੂਮਤ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚਲਾ ਰਹੀ ਸੀ। ਗਦਰ ਲਹਿਰ ਵਿੱਚ ਗਿਣਤੀ ਦੇ ਦਲਿਤ ਹੀ ਸਾਮਲ ਸਨ ਪਰ ਇਸ ਵਿੱਚ ਕਿਸੇ ਨਾਲ ਵੀ ਜਾਤ ਅਧਾਰਿਤ ਵਿਤਕਰਾ ਨਹੀਂ ਸੀ। ਆਪ ਗਦਰ ਲਹਿਰ ਨਾਲ ਜੁੜ੍ਹ ਗਏ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਭਾਰਤ ਦੀ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ। ਇਸ ਮਿਸ਼ਨ ਦੀ ਅਗਵਾਈ ਲਈ ਜਿੰਮੇਵਾਰੀ ਆਪ ਅਤੇ ਕੁੱਝ ਹੋਰ ਸਾਥੀਆਂ ਨੂੰ ਦਿੱਤੀ ਗਈ ਪਰੰਤੂ ਇਸਦੀ ਸੂਚਨਾ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ। ਇਹ ਮਿਸ਼ਨ ਜਿਸਨੂੰ ਬਾਬੂ ਜੀ ਸਮੇਤ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਜੋਕਿ 1915 ਵਿੱਚ ਚੱਲਿਆ ਪਰੰਤੂ ਕੁੱਝ ਗਦਾਰਾਂ ਦੀ ਸੂਹ ਤੇ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਹੀ ਤੋਪਾਂ ਨਾਲ ਉਡਾ ਦਿਤਾ। ਇਸ ਹਾਦਸੇ ਵਿੱਚ ਆਪ ਬਚ ਗਏ ਅਤੇ ਕਿਸੇ ਤਰੀਕੇ ਨਾਲ ਫਿਲਪਾਈਨ (ਮਨੀਲਾ) ਪਹੁੰਚ ਗਏ, ਫਿਰ ਉਥੋਂ ਸ਼੍ਰੀ ਲੰਕਾ ਨੂੰ ਆ ਗਏ। ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ਼੍ਰੀ ਲੰਕਾ ਤੋਂ ਦੱਖਣੀ ਭਾਰਤ ਬੰਬੇ ਰਾਹੀਂ ਪੰਜਾਬ ਅਪਣੇ ਪਿੰਡ ਪਹੁੰਚੇ। ਆਪ ਨੇ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਨਾਲ ਹੋ ਰਹੇ ਵਿੱਤਕਰੇ ਅਤੇ ਅਨਿਆਂ ਨੂੰ ਅਪਣੇ ਅੱਖੀਂ ਵੇਖਿਆ ਅਤੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਨਾਲ ਵਿਆਹ ਦਿਤਾ ਸੀ। ਆਪ ਵਾਪਸ ਅਪਣੇ ਪਿੰਡ ਮੂਗੋਵਾਲ ਆ ਗਏ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਸੀ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਇਸ ਦੌਰਾਨ ਹੀ ਆਰਿਆ ਸਮਾਜ ਦੇ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਨੂੰ ਲੈਕੇ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ। ਇਸ ਕਾਨਫਰੰਸ ਨੂੰ ਰੋਕਣ ਲਈ ਕੁੱਝ ਆਰਿਆ ਸਮਾਜੀ ਆਗੂਆਂ ਅਤੇ ਇਲਾਕੇ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਅਤੇ ਪੂਰਾ ਜੋਰ ਲਾਇਆ ਪਰ



BABU MANGU RAM MUGOWALIA
FOUNDER AD-DHARAM MANDAL
14 JANUARY,1886 TO 22 APRIL, 1980

ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਰਿਆ ਸਮਾਜੀ ਆਗੂ ਸਵਾਮੀ ਅਛੁਤਾ ਨੰਦ ਅਤੇ ਇਲਾਕੇ ਦੇ ਜੈਲਦਾਰ ਪੁੰਨੂ ਰਾਮ ਨੂੰ ਮੁਆਫੀ ਮੰਗਣੀ ਪਈ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਬਾਬੂ ਮੰਗੂ ਰਾਮ ਨੂੰ ਪ੍ਰਧਾਨ, ਹੰਸ ਰਾਜ ਪ੍ਰੇਮਗੜ੍ਹ ਨੂੰ ਉੱਪ ਪ੍ਰਧਾਨ, ਠਾਕਰ ਦਾਸ ਕੰਧੋਲਾ ਨੂੰ ਜਨਰਲ ਸਕੱਤਰ ਨਿਯੁੱਕਤ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਕਿਰਾਏ ਤੇ ਲੈਕੇ ਖੋਲਿਆ ਗਿਆ ਅਤੇ ਫਿਰ ਅਪਣੀ ਜਮੀਨ ਖਰੀਦੀ ਗਈ ਜਿਸਦੀ ਰਜਿਸਟਰੀ ਸ਼੍ਰੀ ਗੁਰੂ ਰਵਿਦਾਸ ਅਸਥਾਨ ਆਦਿ ਧਰਮ ਮੰਡਲ ਜਲੰਧਰ ਦੇ ਨਾਮ ਕਰਵਾਈ ਗਈ। 1927 ਵਿੱਚ ਆਦਿ ਡੰਕਾ ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦਿ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। 1928 ਵਿੱਚ ਇੰਗਲੈਂਡ ਸਰਕਾਰ ਨੇ ਭਾਰਤ ਦੇ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਲੱਗਭੱਗ ਪੰਜ ਹਜਾਰ ਵਿਅਕਤੀਆਂ ਇਸਦੇ ਪੱਖ ਵਿੱਚ ਇਕੱਠੇ ਹੋਏ। ਇਸ ਮੌਕੇ ਆਦਿ ਧਰਮ ਮੰਡਲ ਆਗੂਆਂ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਆਦਿ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦਿ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦਿ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਵਿਅਕਤੀਆਂ ਨੂੰ ਜੇ ਬੀ ਟੀ ਦਾ ਕੋਰਸ ਕਰਵਾਕੇ ਮਾਸਟਰ ਬਣਾਇਆ ਗਿਆ। 26 ਫਰਵਰੀ 1930 ਨੂੰ ਆਦਿ ਧਰਮ ਰਜਿਸਟਰਡ ਹੋਇਆ ਅਤੇ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ, ਕਈ ਥਾਵਾਂ ਤੇ ਅਛੂਤਾਂ ਨੂੰ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਵਰਣਨਯੋਗ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸੰਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਾਕੇ ਲੱਗਭੱਗ 13 ਲੱਖ ਕਰ ਦਿੱਤੀ ਗਈ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਕਿਹਾ ਕਿ ਅਛੂਤਾਂ ਦਾ ਵੀ ਉਹ ਹੀ ਲੀਡਰ ਹੈ ਅਤੇ ਡਾਕਟਰ ਅੰਬੇਡਕਰ ਨੂੰ ਇਸਤੋਂ ਬਾਹਰ ਭੇਜਿਆ ਜਾਵੇ। ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੈਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਅੰਬੇਡਕਰ ਅਛੂਤਾਂ ਦਾ ਨੁਮਾਇੰਦਾ ਬਣਕੇ ਨਾਲ ਆਇਆ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਬਾਬੂ ਜੀ ਦੀ ਅਗਵਾਈ ਵਿੱਚ ਆਦਿ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਵਿਅਕਤੀਆਂ ਨਾਲ ਪਹੁੰਚੇ ਅਤੇ ਅਪਣੀਆਂ ਮੰਗਾਂ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਰਿਆ ਸਮਾਜੀ ਆਗੂਆਂ ਨੇ ਅਛੂਤ ਗਦਾਰਾਂ ਦੀ ਮੱਦਦ ਨਾਲ ਆਦਿ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਵਿਅੱਕਤੀਆਂ ਨੇ ਜਦੋਂ ਇੱਕਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦਿ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਅਲੱਗ ਰਿਜ਼ਰਵੇਸ਼ਨ ਦਿਤੀ ਜਾਵੇ। ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ ਜੋਕਿ 17 ਅਗੱਸਤ 1932 ਨੂੰ ਛਾਪਿਆ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿੰਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਹਿੰਦੁਸਤਾਨ ਦੀ ਕੌਂਸਲ ਵਿੱਚ 73 ਸੀਟਾਂ ਹਿੰਦੂਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ ਅਤੇ 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਖਤਮ ਕਰ ਦਿਤਾ ਪਰੰਤੂ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦਿਧਰਮ ਆਗੂਆਂ ਨੇ ਅਪਣਾ ਮਰਨ ਵਰਤ ਲਗਾਤਾਰ ਜਾਰੀ ਰੱਖਿਆ ਅਤੇ 12ਵੇਂ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀਕੇ ਮਰਨ ਵਰਤ ਖਤਮ ਕੀਤਾ। ਪੂਨਾ ਪੈਕਟ ਅਨੁਸਾਰ ਪੂਰੇ ਹਿੰਦੁਸਤਾਨ ਵਿੱਚ ਐਮ ਐਲ ਏ ਦੀਆਂ ਕੁੱਲ 1585 ਸੀਟਾਂ ਵਿੱਚੋਂ 151 ਸੀਟਾਂ ਅਛੂਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਉਸ ਵੇਲੇ ਦੇ ਪੰਜਾਬ ਦੀਆਂ 175 ਵਿੱਚੋਂ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ।

1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਯੂਨੀਅਨਿਸਟ ਪਾਰਟੀ ਨਾਲ ਰਲਕੇ ਚੋਣ ਲੜ੍ਹੀ ਅਤੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੋਣਾਂ ਨਹੀਂ ਹੋਈਆਂ। 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧੀਰ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਉਹ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਬਾਬੂ ਮੰਗੂ ਰਾਮ ਅਤੇ ਸਾਥੀਆਂ ਨੇ ਠੁਕਰਾ ਦਿਤਾ। ਦੇਸ਼ ਅਜਾਦ ਹੋਣ ਬਾਦ ਭਾਰਤ ਦਾ ਅਪਣਾ ਸੰਵਿਧਾਨ ਬਣਾਕੇ ਲਾਗੂ ਕੀਤਾ ਗਿਆ ਅਤੇ 1951 ਵਿੱਚ ਹੋਈ ਜਨਗਣਨਾ ਵਿੱਚ ਆਦਿ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ।

ਅਜਾਦ ਭਾਰਤ ਵਿੱਚ ਵੀ ਆਪ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸਨ ਲਗਾਈ। ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। 1977 ਵਿੱਚ ਆਦਿ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਜੀ ਨੂੰ ਹੀ ਇਸਦਾ ਆਗੂ ਬਣਾਇਆ ਗਿਆ ਅਤੇ ਆਪਦੇ ਸਹਿਯੋਗੀਆਂ ਨੇ ਆਪ ਨੂੰ ਗ੍ਰੇਟ ਬਰਤਾਨੀਆ ਦੇ ਦੌਰੇ ਤੇ ਭੇਜਿਆ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਅੱਜ ਬਾਬੂ ਮੰਗੂ ਰਾਮ ਬੇਸ਼ੱਕ ਦੁਨੀਆਂ ਵਿੱਚ ਨਹੀਂ ਹਨ ਪਰ ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਉਨ੍ਹਾਂ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ।



ਕੁਲਦੀਪ ਚੰਦ
91-9417563054


## ਬੁਝਾਰਤਾਂ

1. ਇਕ ਬਰੂਟੀ ਝੂਮਰ ਝੂਟੀ, ਮੇਵਾ ਵੰਨੋ ਵੰਨਾਂ ਦਾ,
   ਜਦੋਂ ਬਰੂਟੀ ਪੱਕਣ ਲੱਗੀ, ਝੁਰਮਟ ਪੈ ਗਿਆ ਰੰਨਾਂ ਦਾ।
2. ਲੁਧਿਆਣੇ ਤੋਂ ਟਿਕਟ ਲੈ ਕੇ, ਉਹ ਜਾ ਪਹੁੰਚਿਆ ਕਲਕੱਤੇ,
   ਕਲਕੱਤੇ ਅਜਬ ਦਰੱਖਤ ਦੇਖਿਆ, ਨਾ ਸੀ ਜੜ੍ਹ ਤੇ ਨਾ ਉਹਦੇ ਪੱਤੇ।
3. ਬਾਹਰੋਂ ਲਿਆਂਦੀ ਵੱਡ ਕੇ, ਘਰ ਕਰੀ ਮੁਟਿਆਰ,
   ਬਾਂਸ ਦੇ ਵਿਚ ਬੋਲਦੀ, ਲੱਠ, ਮਝੇਰੂ ਨਾਲ।
4. ਰਤਨੀ ਪਤਲੀ ਨੈਣੋਂ ਗੋਰੀ,
   ਕਾਠ ਦੀ ਘੱਗਰੀ, ਚੰਮ ਦੀ ਚੋਲੀ।
5. ਕਿਸੇ ਸ਼ੀਸੇ ਦਾ ਮਹਿਲ ਬਣਾਇਆ, ਵਿਚ ਬਿਠਾਈ ਰਾਣੀ,
   ਉੱਤੋਂ ਦੀ ਮੈਂ ਜਿੰਦਰਾ ਲਾਇਆ, ਥੱਲਿਉ ਪਾਇਆ ਪਾਣੀ।
6. ਰਾਤ ਨੂੰ ਰਹੇ ਪਈ, ਦਿਨੇ ਰਹਿੰਦੀ ਖੜ੍ਹੀ,
   ਉਸ ਦੇ ਚਾਰੇ ਪਾਸੇ, ਹੈ ਰੱਸੀ ਜੜੀ।
7. ਐਨਾ ਕੁ ਮੀਆਂ, ਐਨੀ ਕੁ ਉਹਦੀ ਪੂਛ,
   ਜਿੱਥੇ ਮੀਆਂ ਛੂਹ ਗਿਆ, ਉਥੋਂ ਡੇਰਾ ਕੂਚ।
8. ਕਾਠ ਦੀ ਸੰਦੂਕੜੀ, ਵਿਚ ਤੋਤਾ ਉੱਚੀ-ਉੱਚੀ ਬੋਲੇ।
9. ਕਾਬਲ ਭੱਠਾ ਚਾੜ੍ਹਿਆ, ਅੱਗ ਲੱਗੀ ਮੁਲਤਾਨ,
   ਦਿੱਲੀ ਭਾਫ਼ਾਂ ਉੱਠੀਆਂ, ਰਿੱਝੇ ਪਾਕਿਸਤਾਨ।
10. ਖਾਧੇ ਨੇ ਬਹੁਤ, ਪਰ ਤੋੜਿਆ ਇਕ ਵੀ ਨਹੀਂ।

ਉੱਤਰ- (1) ਤੰਦੂਰ, (2) ਅਮਰਵੇਲ, (3) ਚਰਖਾ, (4) ਤਲਵਾਰ, (5) ਲਾਲਟਿਣ, (6) ਵਾਣ ਦੀ ਮੰਜੀ, (7) ਉਸਤਰਾ, (8) ਰੇਡੀਓ, (9) ਹੁੱਕਾ, (10) ਗੜ੍ਹੇ।

ਤਸਵਿੰਦਰ ਸਿੰਘ ਬੜੈਚ
91-98763-22677







Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556

# ਦਲਿਤਾਂ ਦਾ ਨਿਧੜਕ ਸੂਰਮਾ ਸੀ ਸਿੰਗਾਰਾ ਰਾਮ ਸਹੂੰਗੜਾ

ਚਰਨਜੀਤ ਸੱਲਣ

ਮੇਰੀ ਦਰਦ ਕਹਾਣੀ ਤੇ ਕੋਈ ਗੀਤ ਲਿਖੋ,
ਸ਼ਬਦ ਮੁਹੱਬਤ ਦੇ ਮੇਰੇ ਮਨ ਮੀਤ ਲਿਖੋ।
ਨਫਰਤ ਛੱਡ ਕੇ ਇਸ ਧਰਤੀ ਦੀ ਹਿੱਕ ਉਤੇ,
ਉਲਫਤ ਦਾ ਇਕ ਪਿਆਰਾ ਗੀਤ ਲਿਖੋ।

ਚੜ੍ਹਦੀ ਜਵਾਨੀ ਵਿਚ ਤੇ ਕਾਲਜ ਦੀ ਪੜ੍ਹਾਈ ਸਮੇਂ ਨਵੇਂ ਨੌਜਵਾਨ ਤੇ ਨਵੇਂ ਵਿਚਾਰਾਂ ਦੀ ਅੰਗੜਾਈ ਨਾ ਹੋਵੇ ਤਾਂ ਉਹ ਗੱਲ ਮਾਇਨੇ ਵਿਚ ਨਹੀਂ ਆਉਂਦੀ। 10 ਮਈ 1963 ਨੂੰ ਮਾਤਾ ਗੁਰਦਾਸ ਕੌਰ ਦੀ ਕੁੱਖੋਂ ਤੇ ਪਿਤਾ ਬਾਰੂ ਰਾਮ ਦੇ ਘਰ ਜਨਮੇ ਇਕ ਪੁੱਤਰ ਬਾਰੇ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਇਸ ਦੀਆਂ ਇਕ ਦਿਨ ਕਹਾਣੀਆਂ ਜੋਸ਼ੀਲੀਆਂ ਵਾਂਗ ਹੋ ਗਈਆਂ ਤੇ ਸੁਣੀਆਂ ਜਾਣਗੀਆਂ। ਇਸ ਬਾਰੇ ਕੋਈ ਖਿਆਲ ਨਹੀਂ ਸੀ ਕਿ ਵੱਡਾ ਹੋ ਕੇ ਇਹ ਕੋਈ ਮਹਾਨ ਆਗੂ ਜਰਨੈਲ ਜਾਂ ਲੜਾਕੂ ਯੋਧਾ ਬਣ ਕੇ ਸਮਾਜ ਦੇ ਦੁੱਖ ਦੂਰ ਕਰਨ ਦੇ ਲਾਇਕ ਹੋਵੇਗਾ।

ਖੈਰ ਬਾਬਾ ਸਾਹਿਬ ਜੀ ਤੋਂ ਬਾਅਦ ਪੈ ਚੁੱਕੇ ਖਲਾਅ ਨੂੰ ਭਰਨ ਲਈ ਪੰਜਾਬ ਦਾ ਸੂਰਬੀਰ ਯੋਧਾ ਕਾਂਸ਼ੀ ਰਾਮ ਮੈਦਾਨ ਵਿਚ ਦੁਨੀਆਂ ਦੀ ਸਟੇਜਉਪਰ ਆਪਣੇ ਕਰਿਸ਼ਮੇ ਦੀ ਕਲਾ ਦੀਆਂ ਮਹਿਕਾਂ ਬਿਖੇਰ ਰਿਹਾ ਸੀ। ਡਾ. ਅੰਬੇਡਕਰ ਦੀ ਪੈ ਗਈ ਘਾਟ ਨੂੰ ਪੂਰਨ ਵਸਤੇ ਸਿਰ ਤੋੜ ਯਤਨ ਕਰ ਰਿਹਾ ਸੀ। ਇਸ ਦਰਮਿਆਨ ਪਿੰਡ ਸਹੂੰਗੜਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪੰਜਵੀਂਕਰਨ ਉਪਰੰਤ ਸਰਕਾਰੀ ਹਾਈ ਸਕੂਲ ਤੋਂ ਦਸਵੀਂ ਕਰਕੇ ਖਾਲਸਾ ਕਾਲਜ ਗੜ੍ਹਸ਼ੰਕਰ ਤੋਂ +1 ਤੇ +2 ਕਰਕੇ ਬੀ. ਏ. ਦੀ ਪੜ੍ਹਾਈ 'ਚ ਦਾਖਲ ਹੋ ਕੇ ਜ਼ਿੰਦਗੀ ਵਿਚ ਕੁਝ ਕਰ ਗੁਜ਼ਰਨ, ਕੁਝ ਬਣ ਜਾਣ ਦੀ ਇੱਛਾ ਨਾਲ ਪੜ੍ਹਾਈ ਲਗਾਤਾਰ ਜਾਰੀ ਸੀ। ਬਾਪ ਮਜ਼ਦੂਰੀ ਕਰਕੇ ਵੀ ਆਪਣੇ ਪੁੱਤਰ ਨੂੰ ਲਗਾਤਾਰ ਪੜ੍ਹਾ ਰਿਹਾ ਸੀ। ਬੀ. ਏ. ਦੀ ਪੜ੍ਹਾਈ ਦਰਮਿਆਨ ਸਹੂੰਗੜਾ ਵਿਚ ਜੰਮੇ ਤੇ ਪਲੇ ਤੇ 6 ਫੁੱਟ ਤੋਂ ਉਪਰ ਜੁਆਨ ਹੋਏ ਗੱਭਰੂ ਸਿੰਗਾਰਾ ਰਾਮ ਸਹੂੰਗੜਾ ਲਈ ਕੁਦਰਤ ਵੱਲੋਂ ਕੁਝ ਹੋਰ ਹੀ ਪਲਾਨ ਤਿਆਰ ਕੀਤਾ ਹੋਇਆ ਸੀ। ਇਸ ਦੌਰਾਨ ਸਿੰਗਾਰਾ ਰਾਮ ਡੀ.ਐਸ.4 ਦੇ ਬੈਨਰ ਹੇਠ ਲੜਾਈ ਲੜ ਰਹੇ ਕਾਂਸ਼ੀ ਰਾਮ ਦੇ ਸੰਪਰਕ ਵਿਚ ਆਏ ਤੇ ਪੜ੍ਹ-ਲਿਖ ਕੇ ਉਚ ਕੋਟੀ ਦਾ ਅਫਸਰ ਬਣਨ ਦਾ ਸੁਪਨਾ ਤਿਆਗ ਕੇ ਵੱਡੇ ਅਫਸਰਾਂ ਤੋਂ ਸਲੂਟ ਵਜਾਉਣ ਵਾਲਾ ਲੀਡਰ ਬਣਨ ਲਈ ਤਿਆਰੀ ਸ਼ੁਰੂ ਕਰ ਦਿੱਤੀ। ਇਸ ਵਾਸਤੇ ਸਿੰਗਾਰਾ ਰਾਮ ਦੇ ਜਿਗਰੀ ਯਾਰ ਤੇ ਤਾਏ ਦੇ ਪੁੱਤਰ ਚਿਰੰਜੀ ਲਾਲ ਨੇ ਵੀ ਭਰਪੂਰ ਸਹਿਯੋਗ ਦਿੱਤਾ। ਚਿਰੰਜੀ ਲਾਲ ਵੱਲੋਂ ਆਪਣੀ ਮਿਹਨਤ ਮਜ਼ਦੂਰੀ ਕਰਕੇ ਜਮ੍ਹਾ ਕੀਤੇ ਪੈਸਿਆਂ ਨੂੰ ਸਿੰਗਾਰਾ ਰਾਮ ਤੇ ਕੁਰਬਾਨ ਕਰਕੇ ਸ਼ਿੰਗਾਰਨਾ ਸ਼ੁਰੂ ਕਰ ਦਿੱਤਾ। ਚਿਰੰਜੀ ਲਾਲ ਕਲੇਰ ਪਰਿਵਾਰ ਨਾਲ ਸਬੰਧ ਰੱਖਦਾ ਸੀ। ਇਸ ਸਮੇਂ ਦੌਰਾਨ ਆਪਣਾ ਭਰਾ ਕੇਵਲ ਚੰਦ ਕੋਈ ਕੰਮ ਕਾਰ ਨਹੀਂ ਸੀ ਕਰਦਾ। ਸੋ, ਉਸ ਵੱਲੋਂ ਕੋਈ ਪੈਸਿਆਂ ਦੀ ਮਦਦ ਮਿਲਣੀ ਮੁਸ਼ਕਲਿ ਸੀ। ਬਾਪ ਦੀ ਮਿਹਨਤ ਨਾਲ ਘਰ ਦੀ ਰੋਟੀ ਦਾ ਖਰਚਾ ਤੇ ਕਮੀ-ਲਾਚਾਰੀ ਚੱਲ ਰਹੀ ਸੀ। ਸੋ, ਲੀਡਰੀ ਕਰਕੇ ਸਮਾਜ ਦੀ ਸੇਵਾ ਕਰਨ ਦਾ ਚਸਕਾ ਪਾਲ ਚੁੱਕੇ ਸਿੰਗਾਰਾ ਰਾਮ ਦਾ ਇਹ ਸ਼ੌਂਕ ਕਲੇਰ ਪਰਿਵਾਰ ਵਾਲਿਆਂ ਚਿਰੰਜੀ ਲਾਲ, ਧਨੀ ਰਾਮ ਤੇ ਬਗੀਚਾ ਸਿੰਘ ਪੂਰਾ ਕਰਦੇ ਰਹੇ। ਸਿੰਗਾਰਾ ਰਾਮ ਪੂਰੀ ਰਫਤਾਰ ਨਾਲ ਸਮਾਜ ਸੇਵਾ ਵਿਚ ਜੁਟ ਗਏ ਤੇ ਹਰਭਜਨ ਲਾਖਾ, ਪਵਨ ਟੀਨੂੰ, ਪਰਮਜੀਤ ਗੋਸਲ, ਅਵਤਾਰ ਕਰੀਮਪੁਰੀ, ਹਰਨਾਮ ਸਿੰਘ ਬਹਿਲਪੁਰੀ, ਨੇਕਾ ਮੱਲ੍ਹਾਬੇਦੀਆਂ, ਸਤਨਾਮ ਕੈਂਥ, ਹਰਗੋਪਾਲ ਸਿੰਘ, ਦੇਵ ਰਾਜ ਸੰਧੂ, ਦਰਸ਼ਨ ਲਾਲ ਜੇਠੂਮਲਾਮ, ਮੋਹਣ ਸਿੰਘ ਫਲੀਆਂਵਾਲਾ ਸਮੇਤ ਅਨੇਕਾਂ ਲੀਡਰਾਂ ਦੇ ਸੰਪਰਕ ਵਿਚ ਰਹਿਣਕਰਕੇ ਸਮਾਜ ਦੀ ਸੇਵਾ ਵਾਲੀ ਲਗਨ ਵਧਦੀ ਗਈ ਤੇ ਕਾਂਸ਼ੀ ਰਾਮ ਦਾ ਜਾਦੂ ਸਿਰ ਚੜ੍ਹ ਬੋਲਣ ਲੱਗ ਪਿਆ।

ਸਿੰਗਾਰਾ ਰਾਮ ਡੀ.ਐਸ.4 ਤੋਂ ਬਹੁਜਨ ਸਮਾਜ ਪਾਰਟੀ ਦੇ ਮੈਦਾਨ ਵਿਚ ਆ ਕੇ ਸਪੀਡ ਫੜਨ ਤੱਕ ਗਰੀਨ ਘਰਾਂ ਵਿਚ ਹਰਮਨ ਪਿਆਰਾ ਤੇ ਕਾਂਸ਼ੀ ਰਾਮ ਦਾ ਲਾਡਲਾ ਬਣ ਚੁੱਕਿਆ ਸੀ। ਸਿੰਗਾਰਾ ਰਾਮ ਦੇ ਭਾਸ਼ਣਾਂ ਵਿਚ ਜੋਸ਼ੀਲਾਪਣ ਤੇ ਜੁਝਾਰੂਪਣ ਭਾਰੂ ਹੁੰਦਾ ਸੀ ਤੇ ਇਤਿਹਾਸ ਤੇ ਮਜ਼ਬੂਤ ਪਕੜ ਹੋਣ ਕਰਕੇ ਬਹੁਤ ਵਧੀਆ ਬੁਲਾਰਾ ਬਣ ਚੁੱਕਾ ਸੀ। ਪੰਜਾਬ ਵਿਚ ਜੇ ਕਿਸੇ ਵੀ ਸਟੇਜ ਤੋਂ ਸਿੰਗਾਰਾ ਰਾਮ ਨਾ ਭਾਸ਼ਣ ਕਰਦੇ ਤਾਂ ਉਹ ਪ੍ਰੋਗਰਾਮ ਸਫਲ ਨਾ ਹੁੰਦਾ। ਜੇ ਕਿਸੇ ਮਰੀਜ਼ ਦੇ ਇਲਾਜ ਤੇ



ਡਾਕਟਰ ਦੀ ਪਕੜ ਮਜ਼ਬੂਤ ਨਾ ਹੋਵੇ ਤਾਂ ਉਹ ਡਾਕਟਰ ਕਹਾਉਣ ਲਾਇਕ ਨਹੀਂਹੁੰਦਾ। ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ ਸਿੰਗਾਰਾ ਰਾਮ ਤੇ ਆਪਣੀ ਪੜ੍ਹਨ ਦੀ ਰੁਚੀ ਵਧਾ ਕੇ ਇਤਿਹਾਸ ਤੇ ਆਪਣੀ ਪਕੜ ਮਜ਼ਬੂਤ ਬਣਾ ਕੇ ਆਪਣੀ ਬੋਲ-ਬਾਣੀ ਤੇ ਭਾਸ਼ਣਾਂ ਵਿਚ ਅਜਿਹਾ ਜਲਜਲਾ ਪੇਸ਼ ਕੀਤਾ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜੁੜਦੇ ਗਏ।

ਕਾਂਸ਼ੀ ਰਾਮ ਆਪਣੀ ਕੀਤੀ ਸਖਤ ਮਿਹਨਤ ਚੈਕ ਕਰਨੀ ਚਾਹੁੰਦਾ ਸੀ। ਤਾਂ 1991 ਦੀਆਂ ਚੋਣਾਂ ਲੜਨ ਲਈ ਫਾਰਮ ਭਰਵਾਏ। ਇਹ ਚੋਣਾਂ ਖਾੜਕੂਵਾਦ ਦਾ ਸਮਾਂ ਸੀ, ਰੱਦ ਕਰਨੀਆਂ ਪਈਆਂ। ਫਿਰ 1992 ਵਿਚ ਵਿਧਾਨ ਸਭਾ ਚੋਣਾਂ ਹੋਈਆਂ ਤਾਂ ਪਹਿਲੀ ਵਾਰੀ ਵਿਚ ਹੀ ਬਹੁਜਨ ਸਮਾਜ ਪਾਰਟੀ ਦੇ ਬੈਨਰ ਹੇਠ 9 ਨੇਤਾ ਵਿਧਾਇਕ ਬਣ ਗਏ। ਤੇ ਵਿਰੋਧੀ ਪਾਰਟੀ ਦੀ ਭੂਮਿਕਾ ਵਿਚ ਸਾਹਮਣੇ ਆਏ। ਇਸ ਸਮੇਂ ਤੱਕ ਸਿੰਗਾਰਾ ਰਾਮ, ਸਿੰਗਾਰਾ ਰਾਮ ਤੋਂ ਸਿੰਗਾਰਾ ਰਾਮ ਸਹੂੰਗੜਾ ਬਣ ਚੁੱਕੇਸਨ ਤੇ ਜਿੱਥੇ ਵੀ ਜ਼ੁਲਮ ਸੋਸ਼ਣ ਹੁੰਦਾ, ਉਹ ਹਰ ਥਾਂ ਸਿੰਗਾਰਾ ਰਾਮ ਸਹੂੰਗੜਾ ਪਹਿਲੀ ਮੰਗ ਹੋਇਆ ਕਰਦੇ ਸਨ। ਜ਼ੁਲਮ ਨਾਲ ਹਰ ਥਾਂ ਮੱਥਾ ਲਾਉਣਾ ਸਿੰਗਾਰਾ ਰਾਮ ਦਾ ਸ਼ੌਂਕ ਬਣ ਚੁੱਕਿਆ ਸੀ। ਜੋ ਅਫਸਰ ਸਰਕਾਰ ਦੇ ਦਬਾਅ ਹੇਠ ਗਲਤ ਕੰਮ ਕਰਦੇ ਉਹਨਾਂ ਦੀ ਛਿੱਤਰ ਪਰੇਡ ਕਰਨੀ ਸਿਰਫ ਸਿੰਗਾਰਾ ਰਾਮ ਸਹੂੰਗੜਾ ਦੇ ਹਿੱਸੇ ਹੀ ਆਈ। ਹਰ ਦਿਨ ਸਹੂੰਗੜਾ ਅਖਬਾਰਾਂ ਦੀਆਂ ਸੁਰਖੀਆਂ ਬਣਨ ਲੱਗ ਪਿਆ ਤੇ ਸ਼ੋਸ਼ਣ ਰੋਕਣ ਵਾਲਾ ਨੇਤਾ ਬਣ ਚੁੱਕਿਆ ਤੇ ਹਰ ਇਕ ਦਿਨ ਹਰਮਨ ਪਿਆਰਾ ਬਣ ਗਿਆ ਸੀ। 1997 ਵਿਚ ਫਿਰ ਤੋਂ ਵਿਧਾਨ ਸਭਾ ਚੋਣਾਂ ਹੋਈਆਂ ਤਾਂ ਬਾਕੀ ਦੇ 8 ਹਾਰ ਗਏ। ਸਿਰਫ ਗੜ੍ਹਸ਼ੰਕਰ ਵਰਗੇ ਜਨਰਲ ਹਲਕੇ ਤੋਂ ਸਿੰਗਾਰਾ ਰਾਮ ਹੀ ਦੂਜੀ ਵਾਰ ਜਿੱਤ ਦਰਜ ਕਰਨ ਵਿਚ ਕਾਮਯਾਬ ਹੋਇਆ। ਹੁਣ ਤੰਕ ਸਿੰਗਾਰਾ ਰਾਮ ਦੀ ਤੂਤੀ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਵੀ ਬੋਲਣ ਲੱਗ ਪਈ ਸੀ। ਹਰ ਜ਼ੁਲਮ ਕਰਨ ਵਾਲੇ ਅਧਿਕਾਰੀ ਦਾ ਹੰਕਾਰ ਤੋੜਨ ਲਈ ਸਿੰਗਾਰਾ ਰਾਮ ਦੇ ਨਾਮ ਦੀ ਦਹਿਸ਼ਤ ਹੀ ਐਨੀ ਬਣ ਚੁੱਕੀ ਸੀ ਕਿ ਲੋਕ ਪ੍ਰਸ਼ਾਸਨ ਤੇ ਪੁਲਿਸ ਨੂੰ ਡਰਾਉਣ ਲਈ ਝੂਠੀਆਂ ਖਬਰਾਂ ਅਖਬਾਰਾਂ ਵਿਚ ਲਗਵਾ ਕੇ ਵੀ ਆਪਣਾ ਕੰਮ ਕਰਵਾਉਣ ਲੱਗ ਪਏ ਸਨ।

ਸਿੰਗਾਰਾ ਰਾਮ ਸਹੂੰਗੜਾ ਵਿਧਾਇਕ ਬਣ ਕੇ ਵੱਡੇ-ਵੱਡੇ ਕਾਰਨਾਮੇ ਕਰਨ ਵਾਲਾ ਇਕ ਸੂਰਬੀਰ ਯੋਧਾ ਬਣ ਗਿਆ ਤੇ ਚੋਣਾਂ ਵਿਚ ਹਾਰਨ ਤੋਂ ਬਾਅਦ ਲੋਕ ਪੂਜਾ ਕਰਨ ਲੱਗ ਪਏ ਸਨ, ਜਿਸ ਦੀ ਮਿਸਾਲ ਹਿਮਾਚਲ ਪ੍ਰਦੇਸ਼ ਦੇ ਸੰਤੋਸ਼ਗੜ੍ਹ ਵਿਚ ਗੁਰੂ ਰਵਿਦਾਸ ਜੀ ਦੇ ਪੁਲਿਸ ਪ੍ਰਸ਼ਾਸਨ ਵੱਲੋਂ ਢਾਹੇ ਗਏ ਗੁਰਦੁਆਰਾ ਸਾਹਿਬ ਕਰਕੇ ਸਾਹਮਣੇ ਆਈ। ਸਹੂੰਗੜਾ ਵੀ ਇਸ ਗੁਰੂ ਘਰ ਨੂੰ ਪ੍ਰਸ਼ਾਸਨ ਵੱਲੋਂ 5 ਵਾਰੀ ਡੇਗਣ ਦੇ ਬਾਵਜੂਦ ਵੀ ਬਣਾਉਣ ਲਈ ਲੱਗਾ ਰਿਹਾ। ਪੁਲਿਸ ਨਾਲ ਮਾਰ ਕੁੱਟ ਵੀ ਹੋਈ, ਜੇਲ੍ਹ ਯਾਤਰਾ ਵੀ ਕੀਤੀ ਪਰ ਪੈਰ ਪਿੱਛੇ ਨਾ ਮੋੜੇ। ਪੁਲਿਸ ਪ੍ਰਸ਼ਾਸਨ ਨੇ 5 ਵਾਰੀ ਗੁਰੂ ਘਰ ਤੋੜਿਆ ਤਾਂ ਸਿੰਗਾਰਾ ਰਾਮ 5 ਮੰਜ਼ਿਲਾ ਗੁਰੂ ਘਰ ਰਵਿਦਾਸ ਮਹਾਰਾਜ ਜੀ ਦੀ ਅਪਾਰ ਕਿਰਪਾਨਾਲ ਬਣਵਾ ਦਿੱਤਾ।

ਸੁਰਤ ਸੰਭਾਲਣ ਤੋਂ ਲੈ ਕੇ ਆਖਰੀ ਸਾਹ ਤੱਕ ਸਿੰਗਾਰਾ ਰਾਮ ਸਿਰਫ ਆਪਣੇ ਲੋਕਾਂ ਲਈ ਜੀਵਿਆ। ਅਸੀਂ ਲੋਕ ਡਾ. ਅੰਬੇਡਕਰ, ਕਾਂਸ਼ੀ ਰਾਮ ਤੇ ਸਹੂੰਗੜਾ ਵਰਗੇ ਜੁਝਾਰੂ ਨੇਤਾ ਗੁਆ ਕੇ ਵੀ ਨਿਕੰਮੇ ਬਣੇ ਰਹਾਂਗੇ। ਅਸੀਂ ਕੋਈ ਸਬਕ ਸਿੱਖਾਂਗੇ ਜਾਂ ਨਹੀਂ। ਕਾਂਸ਼ੀ ਰਾਮ ਜੀ ਤੋਂ ਬਾਅਦ ਸਾਡਾ ਇਹ ਅਣਖੀ ਸੂਰਮਾ ਵੀ 2 ਅਪ੍ਰੈਲ 2022 ਨੂੰ ਆਪਣੀ ਸੰਸਾਰ ਦੀ ਯਾਤਰਾ ਪੂਰੀ ਕਰਕੇ ਆਪਣਾ ਕਿਰਦਾਰ ਨਿਭਾਅ ਕੇ ਚਲਾ ਗਿਆ। ਕੀ ਅਸੀਂ ਕੋਈ ਸਬਕ ਵੀ ਸਿੱਖ ਸਕਾਂਗੇ ਜਾਂ ਕਦੇ ਵੀ ਨਹੀਂ। ਸਿੰਗਾਰਾ ਰਾਮ ਚਾਹੁੰਦਾ ਸੀ ਕਿ ਮੇਰੇ ਸਮਾਜ ਤੇ ਜ਼ੁਲਮ ਕਰਨ ਵਾਲੇ ਦੀਆਂ ਬੋਟੀਆਂ-ਬੋਟੀਆਂ ਕਰ ਦਿਓ ਤਾਂ ਜੋ ਅੱਗੇ ਤੋਂ ਕੋਈ ਅਜਿਹਾ ਨਾ ਕਰ ਸਕੇ। ਹੁਣ ਸਮਾਜ ਦੇ ਲੀਡਰਾਂ ਨੂੰਵੀ ਸਮਝਣਾ ਪਵੇਗਾ ਕਿ ਸਿੰਗਾਰਾ ਰਾਮ ਨੂੰ ਬਹੁਜਨ ਸਮਾਜਪਾਰਟੀ ਵਿਚੋਂ ਬਾਹਰ ਕੱਢਣ ਦੇ ਬਾਵਜੂਦ ਵੀ ਲੋਕਾਂ ਵਿਚੋਂ ਉਸਦੀ ਸਰਦਾਰੀ ਖਤਮ ਨਾ ਕੀਤੀ ਜਾ ਸਕੀ। ਸੰਸਕਾਰ ਦੇ ਸਮੇਂ ਹੋਇਆ ਹਜ਼ਾਰਾਂ ਦਾ ਇਕੱਠ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਜਨਤਾ, ਜਿਸ ਨੂੰ ਕਾਂਸ਼ੀ ਰਾਮ ਦੀ ਜੁਝਾਰੂ ਲਹਿਰ ਨਾਲ ਸਿੰਗਾਰਾ ਰਾਮ ਜੋੜ ਕੇ ਗਿਆ ਹੈ, ਉਹ ਜਨਤਾ ਅੱਜ ਵੀ ਉਸੇ ਥਾਂ ਤੇ ਖੜ੍ਹੀ ਹੈ ਸਿਰਫ ਨਿਮਾਣੀ ਤੇ ਨਿਤਾਣੀ ਬਣ ਕੇ ਘਰੇ ਬੈਠ ਗਈ ਹੈ। ਇਹ ਅੱਜ ਦੇ ਸਾਡੇ ਲੀਡਰਾਂ ਨੂੰ ਸਾਹਮਣੇ ਦੀਵਾਰ ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਨਹੀਂ ਤਾਂ ਪਿੰਡਾਂ ਵਿਚ ਪੰਜ ਬਣਾਉਣ ਲਈ ਵੋਟ ਵੀ ਨਹੀਂ ਮਿਲਣੀ ਕਿਉਂਕਿ ਜਦੋਂ ਜਨਤਾ ਚਾਹੇ ਤਾਂ ਸਿਰ ਦਾ ਤਾਜ ਬਣਾਉਂਦੀ ਹੈ ਤੇ ਜਦੋਂ ਚਾਹੇ ਤਾਂ ਅਰਸ਼ ਤੋਂ ਫਰਸ਼ ਤੇ ਸੁੱਟਣ ਵਿਚਵੀ ਸਮਾਂ ਨਹੀਂ ਲਗਾਉਂਦੀ। ਅੱਜ ਦੇ ਲੀਡਰਾਂ ਨੂੰ ਸਿੰਗਾਰਾ ਰਾਮ ਸਹੂੰਗੜਾ ਵਰਗੇ ਇਮਾਨਦਾਰ, ਨਿਧੜਕ ਤੇ ਦਲੇਰ ਸੂਰਮਾ ਬਣਨਾ ਪਵੇਗਾ। ਜੋ ਹਰ ਥਾਂ ਅੱਜ ਦੇ ਸਮੇਂ ਵਿਚ ਹੋ ਰਹੇ ਜ਼ੁਲਮ ਖਿਲਾਫ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਹਿੱਕ ਡਾਹ ਕੇ ਜੰਗ ਦੇ ਮੈਦਾਨ ਵਿਚ ਨਿੱਤਰ ਪਏ। ਆਓ 17 ਅਪ੍ਰੈਲ ਨੂੰ ਸਿੰਗਾਰਾ ਰਾਮ ਸਹੂੰਗੜਾ ਦੇ ਭੋਗ ਵਾਲੇ ਦਿਨ ਕਸਮ ਖਾਈਏ ਕਿ ਜਨਤਾ ਤੇ ਮਿਸ਼ਨਰੀ ਲੀਡਰਾਂ ਦਰਮਿਆਨ ਪੈ ਚੁੱਕੀ ਦੂਰੀ ਨੂੰ ਖਤਮ ਕਰੀਏ ਤੇ ਕਾਂਸੀ ਰਾਮ ਦੀ ਲਹਿਰ ਨੂੰ ਫਿਰ ਤੋਂ ਬਹਾਰਾਂ ਦੀ ਸ਼ਹਿਜਾਦੀ ਬਣਾ ਕੇ ਰਾਜ ਭਾਗ ਦੇ ਮਾਲਕ ਬਣਨ ਵੱਲ ਚਾਲੇ ਪਾਈਏ ਤੇ ਮਜ਼ਲੂਮਾਂ ਦੇ ਸ਼ੇਰ ਸਿੰਗਾਰਾ ਰਾਮ ਸਹੂੰਗੜਾ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰੀਏ।

# ਲੈਫਟੀਨੈਂਟ ਜਨਰਲ ਮਨੋਜ ਪਾਂਡੇ ਹੋਣਗੇ ਨਵੇਂ ਥਲ ਸੈਨਾ ਮੁਖੀ

**ਨਵੀਂ ਦਿੱਲੀ** – ਲੈਫਟੀਨੈਂਟ ਜਨਰਲ ਮਨੋਜ ਪਾਂਡੇ ਅਗਲੇ ਆਰਮੀ ਚੀਫ਼ ਹੋਣਗੇ । ਸਰਕਾਰ ਨੇ ਉਨ੍ਹਾਂ ਦੀ ਭਾਰਤੀ ਸੈਨਾ ਮੁਖੀ ਵਜੋਂ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਅਹੁਦੇ 'ਤੇ ਪਹੁੰਚਣ ਵਾਲੇ ਉਹ ਪਹਿਲੇ ਇੰਜੀਨੀਅਰ ਅਧਿਕਾਰੀ ਹਨ। ਮਨੋਜ ਮੁਕੰਦ ਨਰਵਾਣੇ ਤੋਂ ਬਾਅਦ ਲੈਫਟੀਨੈਂਟ ਜਨਰਲ ਮਨੋਜ ਪਾਂਡੇ ਫੌਜ ਦੇ ਸਭ ਤੋਂ ਸੀਨੀਅਰ ਅਧਿਕਾਰੀ ਸਨ। ਇਸ ਸਮੇਂ ਜਨਰਲ ਮਨੋਜ ਪਾਂਡੇ ਥਲ ਸੈਨਾ ਦੇ ਉਪ ਮੁਖੀ ਹਨ। ਉਹ ਜਨਰਲ ਐਮਐਮ ਨਰਵਾਣੇ ਦੀ ਥਾਂ ਲੈਣਗੇ ਜੋ ਇਸ ਮਹੀਨੇ ਦੇ ਅੰਤ ਵਿੱਚ ਸੇਵਾਮੁਕਤ ਹੋ ਰਹੇ ਹਨ।



ਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰ ਨੇ ਲੈਫਟੀਨੈਂਟ ਜਨਰਲ ਮਨੋਜ ਪਾਂਡੇ ਨੂੰ ਅਗਲਾ ਥਲ ਸੈਨਾ ਮੁਖੀ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਜਨਰਲ ਮਨੋਜ ਪਾਂਡੇ 1 ਮਈ ਨੂੰ 29ਵੇਂ ਥਲ ਸੈਨਾ ਮੁਖੀ ਵਜੋਂ ਅਹੁਦਾ ਸੰਭਾਲਣਗੇ। ਜਨਰਲ ਮਨੋਜ ਮੁਕੰਦ ਨਰਵਾਣੇ 30 ਅਪ੍ਰੈਲ ਨੂੰ ਆਪਣਾ 28 ਮਹੀਨਿਆਂ ਦਾ ਕਾਰਜਕਾਲ ਪੂਰਾ ਕਰਨ ਜਾ ਰਹੇ ਹਨ। ਨੈਸ਼ਨਲ ਡਿਫੈਂਸ ਅਕੈਡਮੀ ਦੇ ਸਾਬਕਾ ਵਿਦਿਆਰਥੀ, ਪਾਂਡੇ ਨੂੰ ਦਸੰਬਰ 1982 ਵਿੱਚ ਕੋਰ ਆਫ਼ ਇੰਜੀਨੀਅਰਜ਼ ਵਿੱਚ ਕਮਿਸ਼ਨ ਦਿੱਤਾ ਗਿਆ ਸੀ।

ਲੈਫਟੀਨੈਂਟ ਜਨਰਲ ਪਾਂਡੇ ਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਨਾਲ ਪੱਲ-ਨਵਾਲਾ ਸੈਕਟਰ ਵਿੱਚ ਅਪਰੇਸ਼ਨ ਪਰਾਕਰਮ ਦੌਰਾਨ ਇੱਕ ਇੰਜੀਨੀਅਰ ਰੈਜੀਮੈਂਟ ਦੀ ਕਮਾਂਡ ਕੀਤੀ। ਦਸੰਬਰ 2001 ਵਿਚ ਸੰਸਦ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਓਪਰੇਸ਼ਨ ਪਰਾਕਰਮ ਨੇ ਪੱਛਮੀ ਸਰਹੱਦ 'ਤੇ ਫੌਜਾਂ ਅਤੇ ਹਥਿਆਰਾਂ ਦੀ ਵੱਡੀ ਤੈਨਾਤੀ ਦੇਖੀ। ਇਸ ਘਟਨਾ ਨੇ ਭਾਰਤ ਅਤੇ ਪਾਕਿਸਤਾਨ ਨੂੰ ਜੰਗ ਦੇ ਕੰਢੇ ਪਹੁੰਚਾ ਦਿੱਤਾ ਹੈ।

ਪਿਛਲੇ ਤਿੰਨ ਮਹੀਨਿਆਂ ਦੌਰਾਨ ਫੌਜ ਦੇ ਕੁਝ ਅਧਿਕਾਰੀ ਸੇਵਾਮੁਕਤ ਹੋ ਗਏ, ਜਿਸ ਕਾਰਨ ਲੈਫਟੀਨੈਂਟ ਜਨਰਲ ਪਾਂਡੇ ਸੀਨੀਆਰਤਾ ਵਿੱਚ ਸਿਖਰ 'ਤੇ ਆ ਗਏ। ਵਰਤਮਾਨ ਵਿੱਚ, ਉਹ ਜਨਰਲ ਐਮਐਮ ਨਰਵਾਣੇ ਤੋਂ ਬਾਅਦ ਸਭ ਤੋਂ ਸੀਨੀਅਰ ਅਧਿਕਾਰੀ ਹਨ। ਹਾਲ ਹੀ ਵਿੱਚ ਆਰਮੀ ਟਰੇਨਿੰਗ ਕਮਾਂਡ ਦੇ ਲੈਫਟੀਨੈਂਟ ਜਨਰਲ ਰਾਜ ਸ਼ੁਕਲਾ, ਲੈਫਟੀਨੈਂਟ ਜਨਰਲ ਸੀਪੀ ਮੋਹੰਤੀ ਅਤੇ ਲੈਫਟੀਨੈਂਟ ਜਨਰਲ ਵਾਈਕੇ ਸੇਵਾਮੁਕਤ ਹੋਏ ਹਨ। ਵੈਸੇ ਦੇਸ਼ ਦੇ ਪਹਿਲੇ ਸੀਡੀਐਸ ਜਨਰਲ ਬਿਪਿਨ ਰਾਵਤ ਦੀ ਹੈਲੀਕਾਪਟਰ ਦੁਰਘਟਨਾ ਵਿੱਚ ਮੌਤ ਤੋਂ ਬਾਅਦ ਮੁੱਖ ਰੱਖਿਆ ਮੁਖੀ ਦਾ ਅਹੁਦਾ ਅਜੇ ਵੀ ਖਾਲੀ ਹੈ। ਅਗਲਾ ਚੀਫ਼ ਆਫ਼ ਡਿਫੈਂਸ ਸਟਾਫ (ਸੀਡੀਐਸ) ਕੌਣ ਹੋਵੇਗਾ ਇਸ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ।

ਇਹ ਜਾਣਿਆ ਜਾਂਦਾ ਹੈ ਕਿ ਜਨਰਲ ਬਿਪਿਨ ਰਾਵਤ, ਉਨ੍ਹਾਂ ਦੀ ਪਤਨੀ ਮਧੁਲਿਕਾ ਅਤੇ 12 ਹੋਰ ਫੌਜੀ ਅਧਿਕਾਰੀਆਂ ਦੀ 8 ਦਸੰਬਰ 2021 ਨੂੰ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋ ਗਈ ਸੀ। ਹਾਲ ਹੀ ਵਿੱਚ, ਜਨਰਲ ਬਿਪਿਨ ਰਾਵਤ ਨੂੰ ਮਰਨ ਉਪਰੰਤ ਦੇਸ਼ ਦੇ ਦੂਜੇ ਸਰਵਉੱਚ ਨਾਗਰਿਕ ਪੁਰਸਕਾਰ, ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਜਨਰਲ ਰਾਵਤ ਦੀਆਂ ਬੇਟੀਆਂ ਤਾਰਿਣੀ ਅਤੇ ਕੀਰਤਿਕਾ ਨੂੰ ਇਹ ਸਨਮਾਨ ਮਿਲਿਆ ਹੈ।

## 22 ਅਪ੍ਰੈਲ 'ਤੇ ਸ਼ਰਧਾਂਜਲੀ

# ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਯਾਦ ਕਰਦਿਆਂ ! ਇੰਗਲੈਂਡ 'ਚ ਡਾ.ਅੰਬੇਡਕਰ ਨੂੰ ਦਲਿਤਾਂ ਦਾ ਆਗੂ ਬਣਾਉਣ ਵਿੱਚ ਅਹਿਮ ਰੋਲ

## ਬਹੁਜਨ ਸਮਾਜ ਦੇ ਮਾਨਵਪੱਖੀ ਸੋਚ ਦੇ ਪਹਿਰੇਦਾਰਾਂ ਨੂੰ ਏਕਤਾ ਦੀ ਲੋੜ



ਸੰਤੋਖ ਜੱਸੀ (ਸਰਪੰਚ)
98766-58364

ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ 14 ਜਨਵਰੀ 1886 ਨੂੰ ਹੋਇਆ। ਬਾਬੂ ਮੰਗੂ ਰਾਮ ਜੀ ਚੌਧਰੀ ਦੇ ਨਾਮ ਨਾਲ ਮਸ਼ਹੂਰ ਇੱਕ ਭਾਰਤੀ ਸੁਤੰਤਰਤਾ ਸੰਗਰਾਮੀ, ਪੰਜਾਬ ਦੇ ਇੱਕ ਰਾਜਨੇਤਾ ਅਤੇ ਗਦਰ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸਨ।

1909 ਵਿੱਚ ਉਹ ਸੰਯੁਕਤ ਰਾਜ ਅਮਰੀਕਾ ਚਲੇ ਗਏ ਅਤੇ ਗਦਰ ਪਾਰਟੀ ਨਾਲ ਜੁੜ ਗਏ। 1925 ਵਿੱਚ ਭਾਰਤ ਵਾਪਸ ਆਉਣ ਤੋਂ ਬਾਅਦ ਉਹ ਅਛੂਤ (ਦਲਿਤ) ਜਾਤੀ ਦੇ ਲੋਕਾਂ ਦੇ ਨੇਤਾ ਬਣ ਗਏ ਅਤੇ ਉਹਨਾਂ ਨੂੰ ਅਛੂਤ ਹੋਣ ਦੀ ਵਿਵਸਥਾ ਦੇ ਵਿਰੋਧ ਵਿੱਚ ਇੱਕਮੁੱਠ ਕੀਤਾ। ਜਿਹਨਾਂ 'ਤੇ ਬਹੁਤ ਜੁਲਮ ਹੋ ਰਹੇ ਸਨ। ਆਦਿ-ਧਰਮ ਅੰਦੋਲਨ ਜੋ ਉਸ ਸਮੇਂ ਅਛੂਤਾਂ ਲਈ ਬਰਾਬਰੀ ਦੇ ਹੱਕ ਹਾਸਲ ਕਰਨ ਲਈ ਸਮਰਪਿਤ ਸੀ, ਦੀ ਨੀਂਹ ਰੱਖਣ ਵਿੱਚ ਬਾਬੂ ਜੀ ਨੇ ਅਹਿਮ ਭੂਮਿਕਾ ਨਿਭਾਈ ਸੀ।

ਬਾਬੂ ਮੰਗੂ ਰਾਮ ਜੀ ਦਾ ਜਨਮ ਪਿਤਾ ਹਰਮਨ ਦਾਸ ਅਤੇ ਮਾਤਾ ਅਤਰੀ ਦੇ ਘਰ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਰਾਜ, ਬ੍ਰਿਟਿਸ਼ ਭਾਰਤ ਦੇ ਇੱਕ ਚਮਾਰ ਪਰਿਵਾਰ ਵਿੱਚ ਹੋਇਆ। ਜਦੋਂ ਬਾਬੂ ਮੰਗੂ ਰਾਮ ਜੀ 3 ਸਾਲਾਂ ਦੇ ਸਨ ਤਾਂ ਉਹਨਾਂ ਦੀ ਮਾਤਾ ਅਤਰੀ ਦੀ ਮੌਤ ਹੋ ਗਈ। ਬਾਬੂ ਮੰਗੂ ਰਾਮ ਜੀ ਦੇ ਪਿਤਾ ਨੂੰ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੇ ਪੁੱਤਰ ਨੂੰ ਵੀ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ। ਇਸ ਲਈ ਬਾਬੂ ਮੰਗੂ ਰਾਮ ਜੀ ਨੂੰ ਮੁੱਢਲੀ ਵਿੱਦਿਆ ਲਈ ਸਕੂਲ ਵਿੱਚ ਦਾਖਲ ਕਰਵਾਇਆ।

ਬਾਬੂ ਮੰਗੂ ਰਾਮ ਜੀ ਨੂੰ 7 ਸਾਲ ਦੀ ਉਮਰ ਤੱਕ ਪਿੰਡ ਦੇ ਇੱਕ ਸੰਤ ਨੇ ਸਿੱਖਿਆ ਦਿੱਤੀ। ਬਾਬੂ ਮੰਗੂ ਰਾਮ ਜੀ ਨੇ ਮੁੱਗੋਵਾਲ ਖੇਤਰ ਅਤੇ ਦੇਹਰਾਦੂਨ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਜ਼ਿਆਦਾਤਰ ਸਕੂਲਾਂ ਵਿੱਚ ਬਾਬੂ ਮੰਗੂ ਰਾਮ ਜੀ ਇਕਲੌਤੇ ਦਲਿਤ ਵਿਦਿਆਰਥੀ ਸਨ। ਉਹਨਾਂ ਨੂੰ ਜਮਾਤ ਦੇ ਪਿਛਲੇ ਪਾਸੇ ਜਾਂ ਵੱਖਰੇ ਕਮਰੇ ਵਿੱਚ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਕਮਰੇ ਦੇ ਬਾਹਰ ਖੜ੍ਹੇ ਹੋ ਕੇ ਪੜ੍ਹਨਾ ਪਿਆ। ਜਦੋਂ ਉਹ ਬਜਵਾੜਾ ਦੇ ਹਾਈ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾਂ ਨੂੰ ਕਮਰੇ ਦੇ ਬਾਹਰ ਰੁਕਣ ਲਈ ਮਜਬੂਰ ਕੀਤਾ ਗਿਆ ਅਤੇ ਖਿੜਕੀਆਂ ਰਾਹੀਂ ਕਲਾਸਾਂ ਸੁਣਦੇ ਸਨ। ਇੱਕ ਵਾਰ ਬਾਬੂ ਮੰਗੂ ਰਾਮ ਜੀ ਭਾਰੀ ਗੜ੍ਹੇਮਾਰੀ ਦੇ ਦੌਰਾਨ ਜਮਾਤ ਅੰਦਰ ਦਾਖਲ ਹੋ ਗਏ ਤਾਂ ਉਹਨਾਂ ਦੇ ਇੱਕ ਬ੍ਰਾਹਮਣ ਅਧਿਆਪਕ ਨੇ ਉਹਨਾਂ ਨੂੰ ਕੁੱਟਿਆ ਤੇ ਜਲੀਲ ਕੀਤਾ ਅਤੇ ਜਮਾਤ ਦੇ ਸਾਰੇ ਫਰਨੀਚਰ, ਜੋ ਇੱਕ ਅਛੂਤ ਦੇ ਜਮਾਤ ਅੰਦਰ ਆਉਣ ਨਾਲ ਭਿੱਟਿਆ ਗਿਆ ਮੰਨਿਆ ਗਿਆ ਸੀ, ਬਾਹਰ ਮੀਂਹ ਵਿੱਚ ਬੇਇੱਜ਼ਤ ਕੀਤਾ ਗਿਆ ਅਤੇ ਫਰਨੀਚਰ ਜਬਰੀ ਸਾਫ਼ ਕਰਵਾਇਆ ਗਿਆ। ਇਸ ਦੇ ਬਾਵਜੂਦ ਬਾਬੂ ਮੰਗੂ ਰਾਮ ਜੀ ਇੱਕ ਚੰਗੇ ਵਿਦਿਆਰਥੀ ਸਨ। ਉਹ ਪ੍ਰਾਇਮਰੀ ਸਕੂਲ ਵਿੱਚ ਆਪਣੀ ਜਮਾਤ ਵਿੱਚੋਂ ਤੀਜੇ ਨੰਬਰ 'ਤੇ ਆਏ ਸਨ। ਜਦੋਂ ਕਿ ਦੂਸਰੇ ਵਿਦਿਆਰਥੀਆਂ ਨੂੰ ਪਟਵਾਰੀ ਬਣਨ ਜਾਂ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਬਾਬੂ ਮੰਗੂ ਰਾਮ ਜੀ ਨੂੰ ਸਕੂਲ ਛੱਡਣ ਤੋਂ ਬਾਅਦ ਉਹਨਾਂ ਦੇ ਪਿਤਾ ਨੇ ਚਮਾਰ ਕੌਮ ਦੀ ਮਦਦ ਕਰਨ ਲਈ ਉਤਸ਼ਾਹਿਤ ਕੀਤਾ।

### ਆਦਿ-ਧਰਮ ਲਹਿਰ ਦੀ ਪਹਿਲੀ ਦਲਿਤ ਕਾਨਫਰੰਸ

ਬਾਬੂ ਮੰਗੂ ਰਾਮ ਨੇ ਅਮਰੀਕਾ ਤੋਂ ਵਾਪਸ ਪੰਜਾਬ ਆ ਕੇ ਪਿੰਡ-ਪਿੰਡ ਜਾ ਕੇ ਆਤਮ ਸਨਮਾਨ ਲਈ ਜਹਾਦ ਖੜ੍ਹਾ ਕਰ ਦਿੱਤਾ ਕਿ "ਅਸੀਂ ਦੋਹਰੇ ਗੁਲਾਮ ਹਾਂ।" ਇੱਕ ਪਾਸੇ ਅਸੀਂ ਅੰਗਰੇਜਾਂ ਦੇ ਗੁਲਾਮ ਹਾਂ, ਦੂਜੇ ਪਾਸੇ ਅਸੀਂ ਹਿੰਦੂਆਂ ਦੇ ਗੁਲਾਮ ਹਾਂ। ਗੁਲਾਮੀ ਤੋਂ ਛੁਟਕਾਰੇ ਲਈ ਬਾਬੂ ਜੀ ਨੇ ਪੱਛੜੀਆਂ ਸ਼੍ਰੇਣੀਆਂ ਦੀ 11-12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਖੇ ਦੋ ਰੋਜਾ ਕਾਨਫਰੰਸ ਦਾ ਆਯੋਜਨ ਕੀਤਾ।

ਕਾਨਫਰੰਸ ਵਿੱਚ ਪੰਜਾਬ ਭਰ ਤੋਂ ਪੱਛੜੀਆਂ ਸ਼੍ਰੇਣੀਆਂ ਵਾਲਮੀਕਿ, ਆਦਿ-ਧਰਮੀ, ਸਾਂਸੀ, ਭੰਜੜੇ, ਗੰਧੀਲੇ, ਬਰੜ, ਜੁਲਾਹੇ, ਮੇਘ, ਚੰਬਾਰ, ਕਬੀਰ ਪੰਥੀ, ਮਹਾਸੇ, ਡੋਮ, ਜਟੀਏ ਆਦਿ ਜਾਤਾਂ ਨੂੰ ਨੁਮਾਇੰਦਿਆਂ ਨੇ ਭਾਗ ਲਿਆ। ਅਛੂਤਾਂ ਤੋਂ ਇਲਾਵਾ ਦੂਸਰੇ ਮਜ਼ਹਬਾਂ ਈਸਾਈਆਂ, ਸਿੱਖਾਂ, ਮੁਸਲਮਾਨਾਂ, ਸਨਾਤਨੀ ਅਤੇ ਆਰੀਆ ਸਮਾਜੀਆਂ ਦੇ ਸਨਮਾਨ ਯੋਗ ਲੋਕ ਵੀ ਸ਼ਾਮਿਲ ਹੋਏ। ਇਸ ਕਰਕੇ ਇਹ ਇੱਕ ਸਫ਼ਲ ਕਾਨਫਰੰਸ ਸੀ।

ਅਛੂਤਾਂ ਦੇ ਨੁਮਾਇੰਦਿਆਂ ਨੇ ਆਪਣੇ ਹਾਲਾਤਾਂ ਸੰਬੰਧੀ ਵਿਚਾਰ ਸਪੱਸ਼ਟ ਅਤੇ ਗੱਜ-ਵੱਜ ਕੇ ਕਹੇ ਉਹਨਾਂ ਨੇ ਸਾਰੇ ਪਾਖੰਡੀ ਧਰਮਾਂ ਬਾਰੇ ਦੱਸ ਕੇ ਪਾਜ ਉਘੇੜੇ। ਦੂਸਰੇ ਧਰਮਾਂ ਦੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਉਹਨਾਂ ਦੀ ਜ਼ਬਰਦਸਤ ਆਲੋਚਨਾ ਕੀਤੀ। ਬੇਹੱਦ ਬਹਿਸ ਅਤੇ ਦਲੀਲਬਾਜੀ ਤੋਂ ਬਾਅਦ ਰਿਸ਼ੀ ਵਾਲਮੀਕਿ, ਗੁਰੂ ਰਵਿਦਾਸ, ਗੁਰੂ ਕਬੀਰ ਅਤੇ ਗੁਰੂ ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਇਹ ਫੈਸਲਾ ਕੀਤਾ ਗਿਆ ਕਿ ਅਛੂਤਾਂ ਨੂੰ ਆਦਿ-ਧਰਮੀ ਕਿਹਾ ਜਾਵੇ। ਕਾਨਫਰੰਸ ਵਿੱਚ ਸਰਬਸੰਮਤੀ ਨਾਲ 25 ਮਤੇ ਪਾਸ ਕੀਤੇ ਗਏ। ਇੱਕ ਸੌ ਮੈਂਬਰੀ ਕਮੇਟੀ ਬਣਾਈ। ਆਦਿ-ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਅਤੇ ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ।

11-12 ਜੂਨ ਦਿਨ ਐਤਵਾਰ-ਸੋਮਵਾਰ 1926 ਨੂੰ ਮੁੱਗੋਵਾਲ ਵਿਖੇ ਸ੍ਰੀ ਸੀ ਐਲ ਚੁੰਬਰ ਦੁਆਰਾ ਪ੍ਰਕਾਸਿਤ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਾਰ (1985) ਵਿਚ ਪਹਿਲਾ ਜਾਣਕਾਰੀ ਭਰਪੂਰ ਛਪਿਆਂ ਇਸ਼ਤਿਹਾਰ ਪ੍ਰਕਾਸਿਤ ਹੋਇਆ।

ਅਮਰੀਕਾ ਤੋਂ ਵਾਪਸ ਆਉਣ ਤੋਂ ਬਾਅਦ ਬਾਬੂ ਮੰਗੂ ਰਾਮ ਜੀ ਨੇ ਆਪਣੇ ਗ੍ਰਹਿ ਪਿੰਡ ਮੁੱਗੋਵਾਲ ਵਿਖੇ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਿਸਦਾ ਨਾਮ ਉਹਨਾਂ ਨੇ ਆਦਿ-ਧਰਮ ਸਕੂਲ ਰੱਖਿਆ। ਇਹ ਉਹੀ ਸਕੂਲ ਸੀ, ਜਿੱਥੇ ਬਾਬੂ ਮੰਗੂ ਰਾਮ ਜੀ ਨੇ ਸਭ ਤੋਂ ਪਹਿਲਾਂ ਮੀਟਿੰਗ ਬੁਲਾਈ। ਜਿਸ ਨੇ ਆਦਿ-ਧਰਮ ਲਹਿਰ ਦੀ ਰਸਮੀ ਸ਼ੁਰੂਆਤ ਕੀਤੀ। ਆਦਿ-ਧਰਮ ਲਹਿਰ ਦੀ ਸਥਾਪਨਾ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਕੀਤੀ ਗਈ ਸੀ। ਜਿਸ ਨੇ ਦਲਿਤਾਂ ਦੇ ਸਮਾਜਿਕ ਢਾਂਚੇ ਨੂੰ ਨੀਵਾਂ ਕੀਤਾ ਹੋਇਆ ਸੀ। ਦਲਿਤਾਂ ਵਲੋਂ ਜਾਤੀ ਨਾਲ ਭਰੇ ਸਮਾਜ ਵਿੱਚ ਬਰਾਬਰੀ ਹਾਸਲ ਕਰਨ ਲਈ ਇਹ ਸ਼ਾਨਦਾਰ ਕਦਮ ਸੀ। ਆਦਿ-ਧਰਮ ਅੰਦੋਲਨ ਦੇ ਜ਼ਰੀਏ, ਬਾਬੂ ਮੰਗੂ ਰਾਮ ਜੀ ਨੇ ਉੱਤਰੀ-ਭਾਰਤ ਵਿੱਚ ਦਲਿਤ ਅੰਦੋਲਨ ਦੀ ਸ਼ੁਰੂਆਤ ਕੀਤੀ।

ਬਾਬੂ ਮੰਗੂ ਰਾਮ ਜੀ ਨੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਉਹਨਾਂ ਨੂੰ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਦਾ ਰਾਹ ਮੁਸ਼ਕਿਲਾਂ ਨਾਲ ਘਿਰਿਆ ਹੋਇਆ ਸੀ। ਉਹਨਾਂ ਨੂੰ ਮੁਸ਼ਕਿਲਾਂ ਅਤੇ ਮੁਸ਼ਕਿਲ ਹਾਲਾਤਾਂ ਦੇ ਵਿਰੁੱਧ ਕੰਮ ਕਰਨਾ ਪਿਆ। ਬਾਬੂ ਮੰਗੂ ਰਾਮ ਜੀ ਦੁਆਰਾ ਲਿਆਂਦਾ ਗਿਆ ਸੰਦੇਸ਼ ਨਵਾਂ ਅਤੇ ਪ੍ਰੇਰਣਾਦਾਇਕ ਸੀ। ਇਸ ਦਾ ਉਦੇਸ਼ ਅਛੂਤਾਂ ਨੂੰ ਜਾਗਰੂਕ ਕਰਨਾ ਸੀ। ਸੰਦੇਸ਼ ਵਿੱਚ ਉਹਨਾਂ ਨੂੰ ਆਪਣੇ ਆਪ ਨੂੰ ਜਾਣਨ ਅਤੇ ਮਹਿਸੂਸ ਕਰਨ ਲਈ ਕਿਹਾ ਗਿਆ, ਕਿਉਂਕਿ ਉਹ ਦੁਸ਼ਮਣਾਂ ਦੇ ਪ੍ਰਭਾਵਾਂ ਕਾਰਨ ਆਪਣੇ ਸੱਚੇ ਆਪੇ ਨੂੰ ਭੁੱਲ ਗਏ ਹਨ। ਜਿਸ ਵਿੱਚ ਉਹ ਹਜ਼ਾਰਾਂ ਸਾਲਾਂ ਤੋਂ ਜੀ ਰਹੇ ਸਨ। ਇਹ ਕਲਪਨਾ ਅਤੇ ਦੱਬੇ-ਕੁੱਚਲੇ ਲੋਕਾਂ ਦੇ ਦਿਲਾਂ ਨੂੰ ਫੜ੍ਹ ਲਿਆ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ 1932 ਨੂੰ ਜਦੋਂ ਮਹਾਤਮਾ ਗਾਂਧੀ ਨੇ ਗੋਲਮੇਜ਼ ਕਾਨਫ਼ਰੰਸ ਲੰਡਨ ਵਿੱਚ ਐਲਾਨ ਕੀਤਾ ਕਿ ਉਹ ਹੀ ਦਲਿਤਾਂ (ਅਛੂਤਾਂ) ਦਾ ਆਗੂ ਹੈ ਤਾਂ ਬਾਬੂ ਮੰਗੂ ਰਾਮ ਜੀ ਨੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ ਆਪਣਾ ਭਾਵ ਦਲਿਤਾਂ (ਅਛੂਤਾਂ) ਦਾ ਆਗੂ ਮੰਨਿਆ ਅਤੇ ਬਾਬਾ ਸਾਹਿਬ ਦੇ ਹੱਕ ਵਿੱਚ ਤਾਰਾਂ (ਟੈਲੀਗ੍ਰਾਮ) ਭੇਜੀਆਂ ਤੇ ਲਿਖਿਆ ਕਿ ਸਾਡੇ ਅਛੂਤਾਂ ਦੇ ਆਗੂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਹੀ ਹਨ।

### ਸੰਘਰਸ਼ 'ਤੇ ਪੰਛੀ ਝਾਤ

ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਜਾਤ-ਆਧਾਰਿਤ ਵਿਤਕਰੇ ਨੂੰ ਆਪਣੇ ਤਨ-ਬਦਨ 'ਤੇ ਹੰਢਾਇਆ। 1909 ਵਿੱਚ ਯੂ.ਐਸ.ਏ. ਚਲੇ ਗਏ ਅਤੇ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾਂ ਦੇ ਸੰਪਰਕ ਵਿੱਚ ਆਏ ਅਤੇ ਇਸ ਲਹਿਰ ਵਿੱਚ ਕੰਮ ਕੀਤਾ ਉਪਰੰਤ ਫਿਲਪਾਈਨ (ਮਨੀਲਾ) ਸ਼੍ਰੀ ਲੰਕਾ ਹੁੰਦੇ ਹੋਏ 1925 ਵਿੱਚ ਵਤਨ ਪਰਤੇ ਅਤੇ ਆਪਣੇ ਪਿੰਡ ਪਹਿਲਾ ਆਦਿ-ਧਰਮ ਪ੍ਰਾਇਮਰੀ ਸਕੂਲ ਖੋਲ੍ਹਿਆ ਅਤੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਇੱਕ ਵਿਸ਼ਾਲ ਜਲਸਾ ਕੀਤਾ, ਜਿਸ ਵਿੱਚ ਚੂਹੜੇ-ਚਮਾਰ ਦੀ ਜਗ੍ਹਾ 'ਆਦਿ-ਧਰਮੀ' ਨਾਂ ਵਰਤਣ ਦਾ ਫੈਸਲਾ ਹੋਇਆ। ਆਦਿ-ਧਰਮ ਮੰਡਲ ਦੀ ਸਥਾਪਨਾ ਕੀਤੀ। ਇਸ ਸੰਮੇਲਨ ਵਿੱਚ ਦਲਿਤ ਵਰਗਾਂ ਦੀਆਂ ਗਰੀਬ 36 ਜਾਤਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਬਾਬੂ ਮੰਗੂ ਰਾਮ ਆਦਿ-ਧਰਮ ਮੰਡਲ ਦੇ ਪਹਿਲੇ ਪ੍ਰਧਾਨ ਥਾਪੇ ਗਏ। ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ। ਜਨਵਰੀ 1928 ਨੂੰ ਸਾਈਮਨ ਕਮਿਸ਼ਨ ਸਾਹਮਣੇ ਆਪਣਾ ਪੱਖ ਪੇਸ਼ ਕਰਦਿਆਂ ਬਾਬੂ ਮੰਗੂ ਰਾਮ ਨੇ ਸਬੂਤਾਂ ਸਹਿਤ ਦੱਸਿਆ ਕਿ ਉਹ ਆਦਿ-ਧਰਮੀ, ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਨਹੀਂ। ਲੰਮੇ ਸੰਘਰਸ਼ ਅਤੇ ਦਲੀਲਬਾਜੀ ਤੋਂ ਬਾਅਦ ਦਲਿਤਾਂ ਨੂੰ 'ਆਦਿ-ਧਰਮ' ਜਾਂ 'ਆਦਿ-ਧਰਮੀ' ਹੋਣ ਦਾ ਨਾਂ ਮਨਜ਼ੂਰ ਹੋਇਆ। ਜਨਵਰੀ 1928 ਵਿੱਚ 15 ਮੰਨੇ-ਪ੍ਰਮੰਨੇ ਵਿਅਕਤੀਆਂ ਦਾ ਡੈਪੂਟੇਸ਼ਨ ਰੋਇਲ ਕਮਿਸ਼ਨ ਸਾਹਮਣੇ ਪੇਸ਼ ਹੋਇਆ ਸੀ। ਸੰਨ 1929 ਵਿੱਚ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ ਬਾਬੂ ਜੀ ਨੇ 300 ਵਿਅਕਤੀਆਂ ਦੇ ਨਾਲ ਉਸ ਨਾਲ ਮੁਲਾਕਾਤ ਕੀਤੀ ਅਤੇ ਮੈਮੋਰੰਡਮ ਦਿੱਤਾ। 1930 ਵਿੱਚ ਆਦਿ-ਧਰਮ ਮੰਡਲ ਦਾ ਨਾਮ ਰਜਿਸਟਰਡ ਹੋ ਗਿਆ। 1931 ਦੀ ਮਰਦਮਸ਼ੁਮਾਰੀ ਵਿੱਚ ਲੱਖਾਂ ਲੋਕਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਲਿਖਵਾਇਆ। ਸੰਨ 1932 ਵਿੱਚ ਲੰਡਨ ਗੋਲਮੇਜ਼ ਕਾਨਫਰੰਸ ਦੇ ਦੂਜੇ ਸੈਸ਼ਨ ਵਿੱਚ ਆਦਿ-ਧਰਮ ਮੰਡਲ ਵਲੋਂ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਪੱਖ ਵਿੱਚ 57 ਟੈਲੀਗ੍ਰਾਮਾਂ ਭੇਜੀਆਂ ਗਈਆਂ। ਉਸ ਵੇਲੇ ਬਾਬਾ ਸਾਹਿਬ ਗਾਂਧੀ ਦੇ ਮੁਕਾਬਲੇ 7 ਵੋਟਾਂ ਨਾਲ ਅਛੂਤਾਂ (ਡਿਪ੍ਰੈੱਸਡ ਕਲਾਸਾਂ) ਦੇ ਆਗੂ ਪ੍ਰਵਾਨੇ ਗਏ। ਇਸ ਹਾਰ ਕਾਰਨ ਗਾਂਧੀ ਜੀ ਨੂੰ ਵਾਪਸ ਭਾਰਤ ਪਰਤਣਾ ਪਿਆ। ਕਮਿਊਨਲ ਐਵਾਰਡ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖਿਆ ਤਾਂ ਮੁਕਾਬਲੇ 'ਤੇ ਬਾਬੂ ਮੰਗੂ ਰਾਮ ਨੇ ਵੀ ਵਰਤ ਰੱਖਿਆ ਸੀ। ਆਦਿ-ਧਰਮ ਮੰਡਲ ਜਲੰਧਰ ਨੇ ਸਪਤਾਹਿਕ 'ਆਦਿ-ਡੰਕਾ' ਅਖ਼ਬਾਰ ਵੀ ਕੱਢਿਆ। ਸੰਨ 1946 ਵਿੱਚ ਬਾਬੂ ਜੀ ਐਮ.ਐਲ.ਏ. ਚੁਣੇ ਗਏ। ਫਰੀਡਮ ਫਾਈਟਰ ਤੌਰ 'ਤੇ 15 ਅਗਸਤ 1972 ਨੂੰ ਸ਼੍ਰੀਮਤੀ ਇੰਦਰਾ ਗਾਂਧੀ ' ਪੱਤਰ' ਦੇ ਕੇ ਸਨਮਾਨਿਤ ਕੀਤਾ ਤੇ 200/- ਰੁਪਏ ਮਹੀਨਾ ਪੈਨਸ਼ਨ ਲੱਗੀ। 22 ਮਈ 1977 'ਆਦਿ-ਧਰਮ' ਬ੍ਰਦਰਹੁੱਡ ਯੂ.ਕੇ. ਦੇ ਸੱਦੇ 'ਤੇ 6 ਮਹੀਨੇ ਲਈ ਇੰਗਲੈਂਡ ਦੀ ਯਾਤਰਾ 'ਤੇ ਗਏ। ਅੰਤ 22 ਅਪ੍ਰੈਲ 1980 ਨੂੰ 94 ਸਾਲ ਦੀ ਉਮਰ 'ਚ ਦੇਸ਼ ਕੌਮ ਦਾ ਨਿਧੜਕ ਯੋਧਾ ਸਾਥੋਂ ਸਦਾ ਲਈ ਵਿੱਛੜ ਗਿਆ। ਇਹ ਗਦਰੀ ਆਗੂ, ਬਾਨੀ ਆਦਿ-ਧਰਮ ਅਤੇ ਆਦਿ-ਧਰਮ ਦੀ ਲਹਿਰ, ਸਾਡੇ ਇਤਿਹਾਸ ਦਾ ਇੱਕ ਸ਼ਾਨਦਾਰ ਪੰਨਾ ਹੈ।

### ਬਾਬਾ ਸਾਹਿਬ ਦਾ ਸਵਾਗਤ

ਬਾਬੂ ਮੰਗੂ ਰਾਮ ਮੁੱਗੋਵਾਲੀਆ ਪ੍ਰਧਾਨ ਆਦਿ-ਧਰਮ ਮੰਡਲ ਅਤੇ ਮੰਡਲ ਦੇ ਹੋਰ ਤਮਾਮ ਅਹੁੱਦੇਦਾਰਾਂ ਅਤੇ ਮੈਂਬਰਾਂ ਨੇ ਅਤੇ ਸਮਾਜ ਦੇ ਸ਼ੁੱਭਚਿੰਤਕਾਂ ਨੇ ਬਾਬਾ ਸਾਹਿਬ ਦਾ ਸਵਾਗਤ ਕਰਦਿਆਂ ਕਿਹਾ ਕਿ "ਅਸੀਂ ਖੁਸ਼ੀ ਨਾਲ ਯਕੀਨ ਕਰਦੇ ਹਾਂ ਕਿ ਆਪ ਦੇ ਹੱਥ ਵਿੱਚ ਸਾਡੇ ਹੱਕ ਸੁਰੱਖਿਅਤ ਹਨ। ਆਉਣ ਵਾਲੀਆਂ ਪੀੜ੍ਹੀਆਂ ਡਿਪ੍ਰੈੱਸਡ ਕਲਾਸਜ਼ ਦੇ ਚੈਂਪੀਅਨ ਵਜੋਂ ਸੁਨਹਿਰੀ ਅੱਖਰਾਂ ਵਿੱਚ ਆਪ ਨੂੰ ਯਾਦ ਕਰੇਗੀ।"




**ਬਾਬੂ ਮੰਗੂ ਰਾਮ ਜੀ ਨੂੰ 7 ਸਾਲ ਦੀ ਉਮਰ ਤੱਕ ਪਿੰਡ ਦੇ ਇੱਕ ਸੰਤ ਨੇ ਸਿੱਖਿਆ ਦਿੱਤੀ। ਬਾਬੂ ਮੰਗੂ ਰਾਮ ਜੀ ਨੇ ਮੁੱਗੋਵਾਲ ਖੇਤਰ ਅਤੇ ਦੇਹਰਾਦੂਨ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਜ਼ਿਆਦਾਤਰ ਸਕੂਲਾਂ ਵਿੱਚ ਬਾਬੂ ਮੰਗੂ ਰਾਮ ਜੀ ਇਕਲੌਤੇ ਦਲਿਤ ਵਿਦਿਆਰਥੀ ਸਨ। ਉਹਨਾਂ ਨੂੰ ਜਮਾਤ ਦੇ ਪਿਛਲੇ ਪਾਸੇ ਜਾਂ ਵੱਖਰੇ ਕਮਰੇ ਵਿੱਚ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਕਮਰੇ ਦੇ ਬਾਹਰ ਖੜ੍ਹੇ ਹੋ ਕੇ ਪੜ੍ਹਨਾ ਪਿਆ। ਜਦੋਂ ਉਹ ਬਜਵਾੜਾ ਦੇ ਹਾਈ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾਂ ਨੂੰ ਕਮਰੇ ਦੇ ਬਾਹਰ ਰੁਕਣ ਲਈ ਮਜਬੂਰ ਕੀਤਾ ਗਿਆ ਅਤੇ ਖਿੜਕੀਆਂ ਰਾਹੀਂ ਕਲਾਸਾਂ ਸੁਣਦੇ ਸਨ। ਇੱਕ ਵਾਰ ਬਾਬੂ ਮੰਗੂ ਰਾਮ ਜੀ ਭਾਰੀ ਗੜ੍ਹੇਮਾਰੀ ਦੇ ਦੌਰਾਨ ਜਮਾਤ ਅੰਦਰ ਦਾਖਲ ਹੋ ਗਏ ਤਾਂ ਉਹਨਾਂ ਦੇ ਇੱਕ ਬ੍ਰਾਹਮਣ ਅਧਿਆਪਕ ਨੇ ਉਹਨਾਂ ਨੂੰ ਕੁੱਟਿਆ ਤੇ ਜਲੀਲ ਕੀਤਾ ਅਤੇ ਜਮਾਤ ਦੇ ਸਾਰੇ ਫਰਨੀਚਰ, ਜੋ ਇੱਕ ਅਛੂਤ ਦੇ ਜਮਾਤ ਅੰਦਰ ਆਉਣ ਨਾਲ ਭਿੱਟਿਆ ਗਿਆ ਮੰਨਿਆ ਗਿਆ ਸੀ, ਬਾਹਰ ਮੀਂਹ ਵਿੱਚ ਬੇਇੱਜ਼ਤ ਕੀਤਾ ਗਿਆ ਅਤੇ ਫਰਨੀਚਰ ਜਬਰੀ ਸਾਫ਼ ਕਰਵਾਇਆ ਗਿਆ। ਇਸ ਦੇ ਬਾਵਜੂਦ ਬਾਬੂ ਮੰਗੂ ਰਾਮ ਜੀ ਇੱਕ ਚੰਗੇ ਵਿਦਿਆਰਥੀ ਸਨ।**

**ਪੂਨਾ ਪੈਕਟ:-** ਪੂਨਾ ਪੈਕਟ ਮੁਤਾਬਿਕ 175 ਸੀਟਾਂ ਅਛੂਤਾਂ ਦੇ ਹਿੱਸੇ ਆਈਆਂ। ਪੰਜਾਬ ਦੇ ਹਿੱਸੇ 8 ਸੀਟਾਂ ਆਈਆਂ। 7 ਸੀਟਾਂ 'ਤੇ ਆਦਿ-ਧਰਮ ਮੰਡਲ ਦੇ ਉਮੀਦਵਾਰ ਸਫ਼ਲ ਹੋਏ।

### ਕਾਂਸ਼ੀ ਰਾਮ ਦਾ ਸੰਦੇਸ਼

ਬਹੁਜਨ ਨਾਇਕ, ਕਰੋੜਾਂ ਲੋਕਾਂ ਦੇ ਮਸੀਹਾਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਨੇ ਇੱਕ ਵਾਰ ਕਿਹਾ ਕਿ ਮੈਂ ਡੂੰਘੀ ਸੋਚ-ਵਿਚਾਰ ਤੋਂ ਬਾਅਦ ਮੈਂ ਇਸ ਨਤੀਜੇ 'ਤੇ ਪੁੱਜਿਆ ਹਾਂ ਕਿ ਜੇਕਰ ਅਸੀਂ ਇਸ ਦੇਸ਼ ਵਿੱਚ ਪਰਿਵਰਤਨ ਲਿਆਉਣਾ ਹੈ ਤਾਂ ਪੂਰੇ ਦੇਸ਼ ਵਿੱਚ 100 ਮਹਾਂਪੁਰਸ਼ ਹਨ। ਜਿਹਨਾਂ ਦੀ ਵਿਚਾਰਧਾਰਾ ਤੋਂ ਸਬਕ ਸਿੱਖ ਕੇ ਮਿਸ਼ਨ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਉਹਨਾਂ ਨੂੰ ਯਾਦ ਰੱਖੋ।

ਉਹਨਾਂ ਤੋਂ ਬਿਨ੍ਹਾਂ ਅਸੀਂ ਅੱਗੇ ਨਹੀਂ ਵਧ ਸਕਦੇ। ਉਹਨਾਂ ਨੇ ਇਹਨਾਂ ਮਹਾਂਪੁਰਸ਼ਾਂ ਨੂੰ ਬਹੁਜਨ ਮਹਾਂਪੁਰਸ਼ਾਂ ਦਾ ਨਾਮ ਦਿੱਤਾ। ਇਹਨਾਂ ਮਹਾਂਪੁਰਸ਼ਾਂ ਨੂੰ ਅਪਣਾ ਕੇ ਹੀ ਅਸੀਂ ਅੱਗੇ ਵਧ ਸਕਦੇ ਹਾਂ। ਕਿਤੇ ਭੁੱਲ ਨਾ ਜਾਇਓ ਆਪਣੇ ਰਹਿਬਰਾਂ ਨੂੰ ਇੱਕ ਸਮਾਗਮ ਦੌਰਾਨ ਉਹਨਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸੰਘਰਸ਼ ਦੀ ਘਾਲਣਾ ਨੂੰ ਵਿਸ਼ੇਸ਼ ਤੌਰ 'ਤੇ ਸਰਾਹਿਆ ਅਤੇ ਕਿਹਾ ਕਿ ਅਜਿਹੇ ਮਹਾਂਪੁਰਸ਼ ਦੀ ਕੁਰਬਾਨੀ ਪੰਜਾਬ ਦੇ ਲੋਕਾਂ ਲਈ ਰਾਹ ਦਸੇਰਾ ਹੈ।

ਨਿੱਕੇ ਮੋਟੇ ਝਗੜੇ ਛੱਡ ਕੇ ਪਿਛਾਂਹ,
ਤੇ ਬੰਨ ਲਓ ਸਿਰਾਂ 'ਤੇ ਲਾਲ ਪੱਗਾਂ,
ਅਸੀਂ ਕੋਈ ਹੋਰ ਕੌਮ ਨਾ,
ਬਲਕਿ ਬਣਾਉਣੀ ਆਪਣੀ ਕੌਮ ਆ,
ਇਸ ਲਈ ਆਦਿ-ਧਰਮੀਓ,
ਤਕੜੇ ਹੋ ਜਾਓ, ਤਕੜੇ ਹੋ ਜਾਓ...।

ਅਜਿਹੇ ਗੀਤ ਉਸ ਵੇਲੇ ਅਛੂਤਾਂ ਦੀ ਇੱਛਾ-ਸ਼ਕਤੀ ਤੇ ਹੌਂਸਲੇ ਵਧਾਉਣ ਲਈ ਗਾਏ ਜਾਂਦੇ ਸਨ।

ਬਾਬੂ ਮੰਗੂ ਰਾਮ ਮੁਰੋਵਾਲੀਆ ਕੌਮ ਦਾ ਮਹਾਨ ਆਗੂ ਹੈ। ਲੋਕ ਮਨਾਂ ਵਿੱਚ ਵਸਿਆ ਹੋਇਆ ਹੈ। ਹੁਣ ਸਾਨੂੰ ਸਮਝਦਾਰੀ, ਬੁੱਧੀ ਨਾਲ ਰਲ਼-ਮਿਲ਼ ਕੇ ਆਪਸੀ ਮੱਤਭੇਦ ਦੂਰ ਕਰਨ ਦੀ ਲੋੜ੍ਹ ਹੈ।

ਇਸ ਤਰ੍ਹਾਂ ਆਪਸੀ ਖੁਦਗਰਜ਼ੀ, ਅਖੌਤੀ ਲੈਫਟੀਨੈਂਟ ਅਤੇ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸਮਾਜ ਦਾ ਸੁਧਾਰ ਕੀਤਾ ਜਾ ਸਕਦਾ ਹੈ ਤਾਂ ਜੋ ਰਹਿਬਰਾਂ ਦੇ ਸੁਪਨਿਆਂ ਨੂੰ ਅਮਲੀ ਰੂਪ ਵਿੱਚ ਪੂਰਾ ਕੀਤਾ ਜਾ ਸਕੇ।

**(ਇਹ ਲੇਖ, ਲੇਖਕ ਦਾ ਬਾਬੂ ਮੰਗੂ ਰਾਮ ਮੁਗੋਵਾਲੀਆ ਪ੍ਰਤੀ ਪਹਿਲਾ ਲੇਖ ਹੈ)**

# ਪ੍ਰੋ: ਦਿੱਤ ਰਾਮ ਉਰਫ ਪ੍ਰੋ: ਦਿੱਤ ਸਿੰਘ



ਸੀ. ਐਲ. ਚੁੰਬਰ

ਅੱਜ ਤੋਂ 156 ਵਰ੍ਹੇ ਪਹਿਲਾਂ 21 ਅਪ੍ਰੈਲ 1850 ਨੂੰ ਮੌਜੂਦਾ ਫਤਿਹਗੜ੍ਹ ਸਾਹਿਬ ਦੇ ਪਿੰਡ ਕਲੌੜ ਦੇ ਸ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਲੱਖਣੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ। ਜਿਸ ਦਾ ਨਾਂ ਮਾਪਿਆਂ ਨੇ ਦਿੱਤ ਰਾਮ ਰੱਖਿਆ ਜੋ ਦਿੱਤਾ ਰਾਮ ਜਾਂ ਰਾਮ ਦਿੱਤ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਸ. ਦੀਵਾਨ ਸਿੰਘ ਨੇ ਪਿਤਾ ਪੁਰਖੀ ਚਮੜੇ ਰੰਗਣ ਦਾ ਕੰਮ ਛੱਡ ਕੇ ਕੱਪੜੇ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ। ਮਿ: ਐਚ. ਏ. ਰੋਜ. ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰਾਵਿੰਸ ਹਿੱਸਾ ਤੀਜਾ ਸਫ਼ਾ 307 ਤੇ ਲਿਖਦੇ ਹਨ ਕਿ ਬਹੁਤ ਸਾਰੇ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਕੇ ਕੱਪੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਡਵੋਕੇਟ ਭਗਵਾਨ ਦਾਸ ਨੇ ਆਪਣੀ ਸੰਪਾਦਕ ਪੁਸਤਕ 'ਦਜ਼ ਸਪੋਕ ਅੰਬੇਦਕਰ' ਹਿੱਸਾ ਚਾਰ ਸਫ਼ਾ 183 ਤੇ ਪ੍ਰੋ: ਜੀ ਨੂੰ ਮਜ਼੍ਹਬੀ ਸਿੱਖ ਲਿਖਿਆ ਹੈ। ਜੋ ਕਿ ਬੇਬੁਨਿਆਦ ਹੈ। (ਦੇਖੋ ਸ਼ੀਰੀ ਫਰਹਾਦ ਕ੍ਰਿਤ ਸੰਤ ਦਿੱਤਾ ਰਾਮ ਉਰਫ ਗਿਆਨੀ ਦਿੱਤ ਸਿੰਘ ਸੰਪਾਦਕ ਸ. ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 3, ਪੰਜਵੀ ਐਡੀਸ਼ਨ, ਸਾਲ 1970 ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ)।

ਪਹਿਲਾਂ ਤਾਂ ਪਿਤਾ ਨੇ ਬਾਲਕ ਦਿੱਤ ਰਾਮ ਨੂੰ ਘਰੇ ਪੜ੍ਹਾਇਆ। ਜਦੋਂ ਦਿੱਤ ਰਾਮ 9 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਪਿੰਡ ਤਿਊੜ ਤੋਂ ਦੋ ਮੀਲ ਦੀ ਵਿੱਥ 'ਤੇ ਚੜ੍ਹਦੇ ਬੰਨੇ ਸਥਿਤ ਸੰਤ ਗੁਰਬਖਸ਼ ਸਿੰਘ ਗੁਲਾਬ ਦਾਸੀਏ ਦੇ ਡੇਰੇ ਪੜ੍ਹਨ ਪਾ ਦਿੱਤਾ।ਦਿੱਤ ਰਾਮ ਦੀ ਤੀਖਣ ਬੁੱਧੀ ਜੀ ਜੋ ਉਸ ਨੇ ਧਾਰਮਿਕ ਕਿਤਾਬਾਂ ਪੜ੍ਹਨ ਤੋਂ ਬਾਅਦ ਪਿੰਗਲ, ਵੈਦਿਕ, ਰਾਜਨੀਤੀ ਆਦਿ ਵਿਸ਼ਿਆਂ ਦੇ ਰੰਗਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਦਿੱਤ ਰਾਮ ਵੱਲੋਂ ਉਰਦੂ ਫਾਰਸੀ ਤੇ ਸੰਸਕ੍ਰਿਤ ਪੜ੍ਹਨ ਦਾ ਵੀ ਪਤਾ ਲੱਗਦਾ ਹੈ। ਕਈ ਸਾਲਾਂ ਦੇ ਇਸ ਡੂੰਘੇ ਅਧਿਐਨ ਨੇ ਨੌਜਵਾਨ ਦਿੱਤ ਰਾਮ ਨੂੰ ਬਹੁਤ ਵੱਡਾ ਵਿਦਵਾਨ ਬਣਾ ਦਿੱਤਾ। ਉਸ ਦੇ ਪਿਤਾ ਗੁਲਾਬ ਦਾਸੀਏ ਮਤ ਦੇ ਪ੍ਰਚਾਰਕ ਸਨ। ਇਸ ਲਈ ਦਿੱਤ ਰਾਮ ਨੇ ਵੀ ਮਾੜੀ, ਮਸਾਣੀ, ਦੇਵੀ, ਦੁਰਗਾ ਪੂਜਾ, ਜਾਤਪਾਤ, ਅੰਧ ਵਿਸ਼ਵਾਸ਼ਾਂ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਸੰਤ ਰਾਮ ਵਜੋਂ ਜਾਣਿਆ ਜਾਣ ਲੱਗਾ। ਸੰਤ ਦਿੱਤ ਰਾਮ ਨੇ ਆਪਣੀ ਪਹਿਲੀ ਰਚਨਾ ਸ਼ੀਰੀ ਫਰਹਾਦ ਆਪਣੇ ਗੁਰੂ ਗੁਲਾਬ ਦਾਸ ਨੂੰ ਧਿਆ ਕੇ ਇਉਂ ਸ਼ੁਰੂ ਕੀਤੀ:

(ਮੰਗਲਾਚਰਣ)
ਅੱਵਲ ਹਮਦ ਗੁਲਾਬ ਤਾਈਂ,
ਜਿਨ੍ਹਾਂ ਤਾਰਿਆ ਕੁਲ ਪੰਜਾਬ ਆਹਾ।
ਸਾਰੇ ਜੱਗ ਦੇ ਵਿਚ ਵਾ ਨਸ਼ਰ ਹੋਏ,
ਗੋਯਾ ਹੋਰ ਦੂਜਾ ਆਫ਼ਤਾਬ ਆਹਾ।
ਲੁਤਫ਼ ਕਰਮ ਦਾ ਪਾਏ ਅਮੀਰ ਖੁਸਰੋ,
ਸਾਰੇ ਜੱਗ ਤੇ ਆਹ ਦਨਾਵ ਆਹਾ।
ਕਰੋ ਮਿਹਰ ਦੀ ਨਜ਼ਰ ਨਿਮਾਣਿਆਂ ਤੇ,
'ਦਿੱਤਾ ਰਾਮ' ਗੁਲਾਬ ਜਨਾਬ ਆਹਾ।

ਨੌਜਵਾਨ ਸੰਤ ਦਿੱਤਾ ਰਾਮ ਗੁਲਾਬਦਾਸੀਏ ਦੇ ਡੇਰੇ ਚੱਠਿਆਂਵਾਲੀ ਨਜ਼ਦੀਕ ਕਸੂਰ ਜ਼ਿਲ੍ਹਾ ਲਾਹੌਰ ਚਲੇ ਗਏ। ਗੁਲਾਬਦਾਸੀ ਮੱਤ ਵਿਚ ਹਰ ਰੋਜ਼ ਦੇ ਬਹਿਸ ਮੁਬਾਹਸਿਆਂ ਅਤੇ ਇਕ ਅਛੂਤ ਦਾ ਉਸ ਸਮੇਂ ਦੇ ਪ੍ਰਸਿੱਧ ਗੁਲਾਬਦਾਸੀ ਮੱਤ ਦੇ ਬਾਨੀ ਸਾਧੂ ਗੁਲਾਬ ਦਾਸ ਦੇ ਨੇੜੇ ਹੋਣਾ ਅਤੇ ਉਸ ਦੇ ਪੁੱਤਰ, ਪੋਤਰੇ ਦਾ ਵਿੱਦਿਅਕ ਗੁਰੂ ਹੋਣਾ ਇਕ ਬਹੁਤ ਵੱਡੀ ਪ੍ਰਾਪਤੀ ਸੀ। ਜੂਨ 1872 ਵਿਚ ਸੰਤ ਦਿੱਤ ਰਾਮ ਦਾ ਵਿਆਹ ਸੰਤ ਭਾਗ ਸਿੰਘ ਵਾਸੀ ਪਿੰਡ ਬਡਾਲਾ ਜ਼ਿਲ੍ਹਾ ਰੋਪੜ ਦੀ ਸਪੁੱਤਰੀ ਬੀਬੀ ਬਿਸ਼ਨ ਦੇਵੀ ਨਾਲ ਹੋ ਗਿਆ। ਕੁਝ ਸਮੇਂ ਬਾਅਦ ਦਿੱਤ ਰਾਮ ਵਾਪਸ ਚੱਠਿਆਂ ਵਾਲੀ ਆ ਗਏ।

### ਗੁਲਾਬਦਾਸੀ ਤੋਂ ਆਰੀਆ ਸਮਾਜੀ

ਕਾਠੀਆਵਾੜ (ਗੁਜਰਾਤ) ਦੇ ਜੰਮਪਲ ਬ੍ਰਾਹਮਣ ਜਾਤੀ ਦੇ ਸੁਆਮੀ ਮੂਲ ਸ਼ੰਕਰ ਸੰਨ 1875 ਈਸਵੀ ਵਿਚ ਬੰਬਈ ਵਿਖੇ ਆਰੀਆ ਸਮਾਜ ਨਾਂ ਦੀ ਸੰਸਥਾ ਬਣਾਈ। ਇਹ ਮੂਲ ਸ਼ੰਕਰ ਬਾਅਦ ਵਿਚ ਸੁਆਮੀ ਦਇਆ ਨੰਦ ਦੇ ਨਾਂ ਨਾਲ ਮਸ਼ਹੂਰ ਹੋਏ। ਮਹਾਂਗੋਬਿੰਦ ਰਾਨਾਡੇ, ਦੇਸ਼ਮੁੱਖ, ਸੇਵਕ ਲਾਲ, ਕ੍ਰਿਸ਼ਨ ਦਾਸ, ਪਾਨ ਚੰਦ, ਆਨੰਦ ਜੀ ਪਾਰੇਖ, ਗਿਰਧਰ ਲਾਲ, ਦਿਆਲ ਦਾਸ ਕੋਠਾਰੀ ਆਦਿ ਪ੍ਰਮੁੱਖ ਵਿਅਕਤੀ ਆਰੀਆ ਸਮਾਜ ਦੇ ਮੈਂਬਰ ਅਤੇ ਸਹਾਇਕ ਸਨ। ਸ਼ੁਰੂ ਵਿਚ ਆਰੀਆ ਸਮਾਜ ਦੇ ਸਿਧਾਂਤਾਂ ਅਤੇ ਵਿਧਾਨ ਨੂੰ 28 ਨਿਯਮਾਂ ਵਿਚ ਵੰਡਿਆ ਸੀ ਜੋ ਹੁਣ 10 ਨਿਯਮਾਂ ਵਿਚ ਹਨ।


ਇੱਧਰ ਸੰਤ ਦਿੱਤ ਰਾਮ ਦੇ ਗੁਲਾਬਦਾਸੀ ਗੁਰਭਾਈ ਭਾਈ ਜਵਾਹਰ ਸਿੰਘ ਕਪੂਰ ਦਾ ਮਨ ਪਤਾ ਨਹੀਂ ਕਿਉਂ ਗੁਲਾਬਦਾਸੀ ਮੱਤ ਤੋਂ ਫਿਰ ਗਿਆ ਅਤੇ ਆਰੀਆ ਸਮਾਜੀ ਬਣ ਕੇ ਆਰੀਆ ਸਮਾਜ ਪੰਜਾਬ ਦੇ ਸਕੱਤਰ ਬਣ ਗਏ। ਸੰਤ ਦਿੱਤ ਰਾਮ ਭਾਈ ਜਵਾਹਰ ਸਿੰਘ ਕਪੂਰ ਦੀ ਪ੍ਰੇਰਣਾ ਨਾਲ ਆਰੀਆ ਸਮਾਜੀ ਬਣ ਗਏ।

### ਆਰੀਆ ਸਮਾਜੀ ਤੋਂ ਸਿੰਘ ਸਭੀਏ

19 ਅਪ੍ਰੈਲ 1887 ਈ. ਨੂੰ ਸੰਤ ਦਿੱਤ ਰਾਮ ਆਪਣੇ ਸਾਥੀਆਂ ਸ. ਅਤਰ ਸਿੰਘ, ਭਾਈ ਰੋਡੂ ਰਾਮ ਅਤੇ ਸ. ਜਵਾਹਰ ਸਿੰਘ ਕਪੂਰ ਨਾਲ ਸੁਆਮੀ ਦਇਆ ਨੰਦ ਦੇ ਭਾਸ਼ਣ ਸੁਣਨ ਗਏ। ਸੰਤ ਦਿੱਤ ਰਾਮ ਜੋ ਬਹਿਸ ਮੁਬਹਿਸਿਆਂ ਦੇ ਚੰਗੇ ਘੁਲਾਟੀਏ ਸਨ ਨੇ ਸੁਆਮੀ ਜੀ ਨੂੰ ਤਿੰਨ ਬਹਿਸਾਂ ਵਿਚ ਜਗਤ ਕਰਤਾ ਕੌਣ ਹੈ? ਵੇਦ ਈਸ਼ਵਰੀ ਨਹੀਂ ਅਤੇ ਮੁਕਤੀ ਵਿਸ਼ਿਆਂ ਤੇ ਹਰਾ ਕੇ ਲਾਹੌਰ ਵਿਚ ਤਰਥੱਲ ਮਚਾ ਦਿੱਤੀ। ਭਗਤੀ ਲਹਿਰ ਦੇ ਅਛੂਤ ਰਹਿਨੁਮਾ ਸਤਿਗੁਰੂ ਰਵਿਦਾਸ, ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਕਬੀਰ ਤੋਂ ਬਾਅਦ ਇਹ ਪਹਿਲੀ ਬਹਿਸ ਸੀ, ਜਿਸ ਵਿਚ ਇਕ ਅਛੂਤ ਵਿਦਵਾਨ ਨੇ ਵਿੱਦਿਆ ਦੇ ਖਾਨਦਾਨੀ ਠੇਕੇਦਾਰ ਬ੍ਰਾਹਮਣ ਵਿਦਵਾਨ ਨੂੰ ਭੁਆਂਟਣੀਆਂ ਦੁਆ ਦਿੱਤੀਆਂ। ਇਸ ਬਹਿਸ ਦਾ ਵੇਰਵਾ ਸੰਤ ਦਿੱਤ ਰਾਮ ਨੇ 'ਸਾਧੂ ਦਯਾ ਨੰਦ ਤੇ ਮੇਰਾ ਸੰਵਾਦ' ਨਾਂ ਦੀ ਪੁਸਤਕ ਵਿਚ ਵੇਰਵੇ ਸਹਿਤ ਦਿੱਤਾ ਹੈ। ਇਸ ਬਹਿਸ ਤੋਂ ਬਾਅਦ ਸੰਤ ਦਿੱਤ ਰਾਮ ਸਿੱਖਾਂ ਦੇ ਧਿਆਨ ਦਾ ਕੇਂਦਰ ਬਣੇ। ਸੁਆਮੀ ਦਇਆ ਨੰਦ ਦੀਆਂ ਸਿੱਖ ਗੁਰੂਆਂ ਦੇ ਖਿਲਾਫ 'ਸਤਿਆਰਥ ਪ੍ਰਕਾਸ਼' 'ਚ ਲਿਖਤ ਨੂੰ ਸਿੱਖਾਂ ਦੇ ਸੱਤੀਂ ਕੱਪੜੀਂ ਅੱਗ ਲਾਈ ਹੋਈ ਸੀ।

### ਅਛੂਤਾਂ ਦਾ ਪਹਿਲਾ ਪ੍ਰੋਫੈਸਰ

ਪ੍ਰੋ: ਗੁਰਮੁਖ ਸਿੰਘ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਨ, ਨੇ ਦਿੱਤ ਰਾਮ ਨੂੰ ਓਰੀਐਂਟਲ ਕਾਲਜ ਵਿਚ ਗਿਆਨੀ ਦੀ ਪੜ੍ਹਾਈ ਕਰਨ ਅਤੇ ਪ੍ਰੀਖਿਆ ਦੇਣ ਲਈ ਪ੍ਰੇਰਿਆ। ਸੰਤ ਜੀ ਨੇ ਪ੍ਰੀਖਿਆ ਪਾਸ ਕਰਕੇ ਇਸੇ ਕਾਲਜ ਵਿਚ ਅਗਲੇ ਸਾਲ 1878 ਈਸਵੀ ਵਿਚ ਪੰਜਾਬੀ ਦੇ ਪ੍ਰੋਫੈਸਰ ਲੱਗ ਗਏ। ਬਿਨਾ ਸ਼ੱਕ ਗਿਆਨੀ ਜੀ ਅਛੂਤਾਂ 'ਚੋਂ ਪਹਿਲੇ ਪ੍ਰੋਫੈਸਰ ਬਣੇ।



### ਪ੍ਰੋ: ਦਿੱਤ ਰਾਮ ਤੋਂ ਪ੍ਰੋ. ਦਿੱਤ ਸਿੰਘ

ਪ੍ਰੋ: ਦਿੱਤ ਰਾਮ ਆਰੀਆ ਸਮਾਜ ਤੋਂ ਸਿੰਘ ਸਭਾ ਵੱਲ ਝੁਕ ਗਏ ਅਤੇ ਪ੍ਰੋ: ਦਿੱਤ ਰਾਮ ਤੋਂ ਪ੍ਰੋ: ਦਿੱਤ ਸਿੰਘ ਬਣ ਗਏ। ਕੈਪਟਨ ਧਰਮ ਸਿੰਘ 1882 ਈਸਵੀ ਤੋਂ ਬਾਅਦ ਅਤੇ ਸ੍ਰੀ ਭਗਵਾਨ ਦਾਸ 1888 ਈਸਵੀ ਤੋਂ ਬਾਅਦ ਦੀ ਇਹ ਘਟਨਾ ਦੱਸਦੇ ਹਨ।

### ਸਿੰਘ ਸਭਾ ਦੇ ਆਗੂ ਅਤੇ ਖਾਲਸਾ ਅਖ਼ਬਾਰ ਦੇ ਸੰਪਾਦਕ

ਆਰੀਆ ਸਮਾਜ ਦੀਆਂ ਸਿੱਖ ਵਿਰੋਧੀ ਸਾਜ਼ਿਸ਼ਾਂ ਦਾ ਟਾਕਰਾ ਕਰਨ ਅਤੇ ਸਿੱਖਾਂ ਵਿਚ ਸਮਾਜ ਸੁਧਾਰ ਲਈ 1873 ਈ: ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣੀ, ਜਿਸ ਦੀ ਬਰਾਂਚ 1879 ਈ: ਵਿਚ ਲਾਹੌਰ ਵਿਚ ਖੋਲ੍ਹੀ। ਲਾਹੌਰ ਤੋਂ ਸਿੰਘ ਸਭਾ ਨੇ 1880 ਈ: ਵਿਚ ਖਾਲਸਾ ਅਖ਼ਬਾਰ ਛਾਪਣੀ ਸ਼ੁਰੂ ਕੀਤੀ, ਜਿਸ ਦੇ ਪਹਿਲੇ ਸੰਪਾਦਕ ਬਣੇ ਅਤੇ ਸਦੀਵੀਂ ਵਿਛੋੜੇ ਤੱਕ ਰਹੇ। ਗਰੀਬ ਅਤੇ ਦੱਬੇ ਕੁਚਲੇ ਸਮਾਜ ਦਾ ਸ਼ਖ਼ਸ ਜੇ ਬਾਗੀ ਹੋ ਜਾਣ ਤਾਂ ਫਿਰ ਕੀ ਕਹਿਣਾ? ਪ੍ਰੋ: ਦਿੱਤ ਸਿੰਘ ਨੇ ਬੇਦੀਆਂ ਸੋਢੀਆਂ ਦੇ ਗੁਰੂ ਡੰਮ ਖਿਲਾਫ ਅਖ਼ਬਾਰ ਵਿਚ ਧੂੰਆਂ ਧਾਰ ਪ੍ਰਚਾਰ ਕੀਤਾ। ਜਿਸ ਕਾਰਨ ਬੇਦੀ ਉਦੇ ਸਿੰਘ ਨੇ 1887 ਵਿਚ ਹੱਤਕ ਇੱਜ਼ਤ ਦਾ ਦਾਅਵਾ ਕੀਤਾ। ਅਖ਼ਬਾਰ ਬੰਦ ਹੋ ਗਿਆ। ਫਿਰ 1890 ਈਸਵੀ ਵਿਚ ਸ਼ੁਰੂ ਹੋਇਆ। ਇਸ ਮੁਕੱਦਮੇ ਦਾ ਕਾਰਨ ਇਹ ਸੀ ਕਿ ਪ੍ਰੋ: ਦਿੱਤ ਸਿੰਘ ਦੇ ਸਾਥੀ ਪ੍ਰੋ: ਗੁਰਮੁਖ ਸਿੰਘ ਦੇ ਖਿਲਾਫ ਗੁਰਦੁਆਰਿਆਂ ਦੇ ਕਾਬਜ਼ ਮਸੰਦਾਂ ਵੱਲੋਂ ਸਿੱਖੀ ਤੋਂ ਖਾਰਜ ਕਰਨਾ ਸੀ, ਜਿਸ ਦੇ ਖਿਲਾਫ 16 ਅਪ੍ਰੈਲ 1887 ਨੂੰ ਪ੍ਰੋ: ਦਿੱਤ ਸਿੰਘ ਨੇ 'ਖਾਲਸਾ ਅਖ਼ਬਾਰ' ਵਿਚ 'ਸਵਪਨ ਨਾਟਕ' ਦਾ ਇਕ ਹਿੱਸਾ ਛਾਪਿਆ ਜਿਸ ਨੂੰ ਬਾਬਾ ਖੇਮ ਸਿੰਘ ਬੇਦੀ ਅਤੇ ਰਾਜਾ ਸਾਹਿਬ ਸਿੰਘ ਫਰੀਦਕੋਟ ਨੇ ਬੇਇੱਜ਼ਤੀ ਸਮਝ ਕੇ ਪ੍ਰੋ: ਦਿੱਤ ਸਿੰਘ ਤੇ ਹੱਤਕ ਇੱਜ਼ਤ ਦਾ ਦਾਅਵਾ ਕਰ ਦਿੱਤਾ। ਹੇਠਲੀ ਅਦਾਲਤ ਤੋਂ ਪ੍ਰੋ: ਦਿੱਤ ਸਿੰਘ ਨੂੰ 51 ਰੁਪਏ ਜੁਰਮਾਨਾ ਹੋਇਆ ਜੋ ਸੈਸ਼ਨ ਕੋਰਟ ਵਿਚ ਅਪੀਲ ਕਰਨ ਨਾਲ ਖਾਰਜ ਹੋ ਗਿਆ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਲੜਨ ਵਜੋਂ ਬਾਖੂਬੀ ਨਾਲ ਜਾਣਿਆ ਜਾਂਦਾ ਹੈ।

### ਪ੍ਰੋ: ਦਿੱਤ ਸਿੰਘ ਲੇਖਕ ਵਜੋਂ

ਪ੍ਰੋ: ਦਿੱਤ ਸਿੰਘ ਜਿੰਨੀਆਂ ਗਿਣਤੀ ਵਿਚ ਅਤੇ ਮਿਆਰੀ ਪੁਸਤਕਾਂ ਸ਼ਾਇਦ ਹੀ ਕਿਸੇ ਪੰਜਾਬੀ ਲਿਖੀਆਂ ਹੋਣ। ਉਹਨਾਂ ਨੇ ਤਿੰਨ ਦਰਜਨਾਂ ਤੋਂ ਵੱਧ ਪੁਸਤਕਾਂ ਲਿਖੀਆਂ। ਪ੍ਰੋ: ਜੀ ਦੀਆਂ ਕੁਝ ਪੁਸਤਕਾਂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਭਾਸ਼ਾ ਵਿਭਾਗ, ਪੰਜਾਬ ਨੇ ਛਾਪੀਆਂ ਹਨ ਜੋ ਇਕ ਅਨਮੋਲ ਖਜ਼ਾਨਾ ਹਨ।

### ਪ੍ਰੋ: ਦਿੱਤ ਸਿੰਘ ਸਭ ਤੋਂ ਵੱਧ

### ਅਣਗੌਲਿਆ ਸਿੱਖ ਵਿਦਵਾਨ

ਪ੍ਰੋ: ਦਿੱਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਖਰੀ ਵੀਹ ਵਰ੍ਹੇ ਸਿੱਖੀ ਦੇ ਸੁਧਾਰ ਵਿਚ ਅਰਪਣ ਕੀਤੇ ਪਰ ਉਹਨਾਂ ਦੀ ਸਿੱਖਾਂ ਵਿਚ ਕੀ ਕਦਰ ਸੀ, ਇਹ ਅਸੀਂ ਸ. ਦਲਜੀਤ ਸਿੰਘ ਬੀ. ਏ., ਪ੍ਰਧਾਨ ਸ਼੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਲਿਖਤ ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਗਿਆਨੀ ਦਿੱਤ ਸਿੰਘ ਜੀ ਦੇ ਸਫ਼ਾ 55 ਸੰਨ 1951 ਈ: ਤੋਂ ਪੇਸ਼ ਕਰਦੇ ਹਾਂ। 'ਜਾਤ ਅਭਿਮਾਨੀ ਸਿੱਖਾਂ ਵਿਚ ਹਮੇਸ਼ਾ ਉਹਨਾਂ ਨਾਲ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਗਿਆਨੀ ਜੀ ਸਬੰਧੀ ਜਿਹੜੇ ਹਾਲਾਤ ਅਸੀਂ ਇਕੱਤਰ ਕਰ ਸਕੇ ਹਾਂ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਕਦੇ ਪੰਗਤ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇੱਥੋਂ ਤੱਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ ਤਦ ਵੀ ਉਹਨਾਂ ਨੂੰ ਅਜਿਹੀ ਥਾਂ ਬਿਠਾਇਆ ਜਾਂਦਾ ਜਿਸ ਤੇ ਉਹਨਾਂ ਦੇ ਅਛੂਤਪੁਣੇ ਦਾ ਇਸ਼ਤਿਹਾਰ ਆਪਦੇ-ਆਪ ਸਾਹਮਣੇ ਆ ਜਾਂਦਾ ਸੀ।'' ਪੰਜਾਬੀ ਪਾਠ ਪੁਸਤਕ ਵਿਚ ਜਦੋਂ ਕਵੀਆਂ ਜਾਂ ਵਾਰਤਾਕਾਰਾਂ ਨੂੰ ਸਿਲੇਬਸ ਵਿਚ ਸ਼ਾਮਲ ਕਰਨਾ ਹੁੰਦਾ ਪ੍ਰੋ: ਦਿੱਤ ਸਿੰਘ ਨੂੰ ਬ੍ਰਾਹਮਣਵਾਦੀ ਸਿੱਖ ਵਿਦਵਾਨ ਅੱਖੋਂ ਪਰੋਖੇ ਕਰ ਜਾਂਦੇ ਹਨ। ਜੇ ਪ੍ਰੋ: ਦਿੱਤ ਸਿੰਘ ਚਮਾਰ ਨਾ ਹੁੰਦੇ ਤਾਂ ਉਹਨਾਂ ਨੂੰ ਉਹਨਾਂ ਦੀਆਂ ਸਿੱਖੀ ਲਈ ਮਹਾਨ ਕੁਰਬਾਨੀਆਂ ਸਦਕੇ ਸਿੱਖ ਧਰਮ ਦਾ ਪੁਨਰ ਸਥਾਪਕ ਕਿਹਾ ਜਾਂਦਾ।

### ਨਹੀਓਂ ਲੱਭਣੇ ਲਾਲ ਗੁਆਚੇ

ਕੌਮੀ ਆਗੂਆਂ ਦੇ ਜੀਵਨ ਵੀ ਕੌਮ ਦੀ ਅਮਾਨਤ ਹੋ ਜਾਂਦੇ ਹਨ। ਉਨ੍ਹਾਂ ਦੀ ਤੰਦਰੁਸਤੀ ਤੇ ਇਮਾਨਦਾਰੀ ਭਰਪੂਰ ਯਤਨਾਂ ਉੱਤੇ ਕੌਮਾਂ ਅਤੇ ਲਹਿਰਾਂ ਦੀ ਰਵਾਨਗੀ ਅਤੇ ਭਵਿੱਖ ਨਿਰਭਰ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਦੀ ਪੁਨਰ ਸਥਾਪਨਾ ਵਿਚ ਲੱਗਿਆਂ ਜੋ ਆਰਥਿਕ ਅਤੇ ਮਾਨਸਿਕ ਮੁਸ਼ਕਿਲਾਂ ਆਈਆਂ ਉਹ ਹਮ ਖਿਆਲ ਸਾਥੀਆਂ ਦੇ ਸਾਥ ਕਾਰਨ ਅਣਗੌਲੀਆ ਸਨ। ਕਈ ਵੇਰਾਂ ਆਦਮੀ ਦਾ ਹੱਦੋਂ ਵੱਧ ਕਿਸੇ ਜੀਵ ਜਾਂ ਵਸਤੂ ਨਾਲ ਲਗਾਓ ਘਾਤਕ ਵੀ ਸਿੱਧ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨਾਲ ਕੁਝ ਇਹੋ ਜਿਹਾ ਹੀ ਵਾਪਰਿਆ।

ਉਹਨਾਂ ਦੇ ਕੁਝ ਹਮ ਖਿਆਲ ਜੋਟੀਦਾਰ ਜਿਵੇਂ ਕੰਵਰ ਬਿਕਰਮ ਸਿੰਘ, 1887 ਈ: ਸ. ਅਤਰ ਸਿੰਘ ਭਦੌੜ ਪ੍ਰਧਾਨ ਲਾਹੌਰ ਖਾਲਸਾ ਦੀਵਾਨ 1896 ਈ: ਅਤੇ ਪ੍ਰੋ: ਗੁਰਮੁਖ ਸਿੰਘ 1898 ਈਸਵੀ ਵਿਚ ਸਦੀਵੀ ਵਿਛੋੜਾ ਦੇ ਗਏ। 17 ਜੂਨ 1901 ਨੂੰ ਉਹਨਾਂ ਦੀ ਲਾਡਲੀ ਪੁੱਤਰੀ ਵਿਦਿਆਵੰਤੀ ਵੀ ਸਦੀਵੀ ਵਿਛੋੜਾ ਦੇ ਗਈ। ਇਸ ਆਖਰੀ ਸੱਟ ਨੇ ਪ੍ਰੋ: ਜੀ ਨੂੰ ਚਿੱਤ ਕਰ ਦਿੱਤਾ ਅਤੇ ਉਹ ਬਿਮਾਰ ਪੈ ਗਏ।

ਪ੍ਰੋ: ਦਿੱਤ ਸਿੰਘ ਇਕ ਗੁੰਮਨਾਮੀ ਤੇ ਬਿਮਾਰੀ ਦਾ ਜੀਵਨ ਜੀਣ ਲੱਗੇ। ਉਹਨਾਂ ਦੇ ਅੰਤਿਮ ਹਾਲਾਤ ਸ: ਦਲਜੀਤ ਸਿੰਘ (ਸਫ਼ਾ 110-111) ਅਨੁਸਾਰ ਇਉਂ ਸਨ ''ਗਿਆਨੀ ਦਿੱਤ ਸਿੰਘ ਜੀ ਦੇ ਬਿਮਾਰੀ ਦੇ ਦਿਨ ਬੜੇ ਦੁਖਦਾਈ ਸਨ। ਆਹ ਬੇਕਦਰ ਸਿੱਖ ਪੰਥ! ਤੇਰਾ ਮਹਾਂ ਪੰਡਤ ਮੌਤ ਦੇ ਬਿਸਤਰੇ 'ਤੇ ਪਿਆ ਸੀ। ਇਲਾਜ ਲਈ ਉਸ ਪਾਸ ਕੋਈ ਪੈਸਾ ਨਹੀਂ ਸੀ। ਤੈਨੂੰ ਚਾਹੀਦਾ ਸੀ ਉਸ ਦੀ ਸਾਰ ਲੈਂਦਾ। ਪ੍ਰੰਤੂ ਉਸ ਵੱਲ ਅੱਖ ਚੁੱਕ ਕੇ ਵੀ ਵੇਖਣ ਦੀ ਲੋੜ ਨਹੀਂ ਸਮਝੀ। ਜੇਕਰ ਅਜਿਹਾ ਮਹਾਨ ਪੰਡਤ ਕਿਸੇ ਹੋਰ ਮਜ਼ਹਬ ਵਿਚ ਹੁੰਦਾ ਤਦ ਉਸ ਨੂੰ ਅੰਤ ਸਮੇਂ ਇਹ ਦੁੱਖ ਕਦੇ ਨਾ ਦੇਖਣਾ ਪੈਂਦਾ। ਪ੍ਰੋ: ਜੀ ਦਾ ਖਿਆਲ ਨਾ ਹਿੰਦੂਆਂ ਨੇ ਤੇ ਨਾ ਸਿੱਖਾਂ ਨੇ ਕੀਤਾ। ਸਗੋਂ ਇਕ ਮੁਸਲਮਾਨ ਡਾ: ਰਹੀਮ ਖਾਂ ਨੂੰ ਜਦੋਂ ਪਤਾ ਲੱਗਾ ਕਿ ਪ੍ਰੋ: ਦਿੱਤ ਸਿੰਘ ਵਰਗਾ ਮਹਾਨ ਵਿਦਵਾਨ ਇਲਾਜ ਖੁਣੋ ਪਿਆ ਹੈ ਤਾਂ ਉਸ ਨੇ ਪ੍ਰੋ: ਜੀ ਦਾ ਇਲਾਜ ਮੁਫ਼ਤ ਕਰਨਾ ਸ਼ੁਰੂ ਕੀਤਾ। ਪਰ ਪ੍ਰੋ: ਜੀ ਦਾ ਤਨ ਅਤੇ ਮਨ ਸਾਥੀਆਂ, ਧੀ ਦੇ ਵਿਛੋੜੇ ਅਤੇ ਆਪਣਿਆਂ ਦੀ ਬੇਰੁਖੀ ਨਾਲ ਵਿੰਨ੍ਹਿਆ ਪਿਆ ਸੀ। ਕਿਰਪਾਨ ਚਲਾਉਣ ਵਾਲਿਆਂ ਨੂੰ ਕਲਮ ਦੀ ਤਾਕਤ ਦਾ ਜੌਹਰ ਦਿਖਾਉਣ ਵਾਲੇ ਪ੍ਰੋ: ਦਿੱਤ ਸਿੰਘ 6 ਸਤੰਬਰ 1901 ਈਸਵੀ ਦੀ ਸਵੇਰ ਆਪਣੀ ਰਿਹਾਇਸ਼ ਤੇ ਸਦਾ ਸਦਾ ਲਈ ਵਿਛੜ ਗਏ। ਪ੍ਰੋ: ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਈ ਵੀਰ ਸਿੰਘ ਜਿਹੇ ਕਵੀ ਨੇ ਪ੍ਰੋ: ਜੀ ਦੀਆਂ ਸਿੱਖ ਧਰਮ ਪ੍ਰਤੀ ਘਾਲਣਾਵਾਂ ਨੂੰ ਸਿੱਟ ਬਸਿੱਟ ਕਰਨ ਬਾਰੇ ਇਉਂ ਲਿਖਿਆ ਹੈ:

ਸੁੱਤਾ ਪੰਥ ਜਗਾ ਗਿਆ ਕਲਮ ਦੁਹਾਈ ਫੇਰ
ਹਾ ਹਾ ਪੰਥ ਵਿਸਾਰਿਆ, ਐਸਾ ਦੂਲਾ ਸ਼ੇਰ।

ਪ੍ਰੋ: ਜੀ ਦਾ ਇਕ ਲੜਕਾ ਬਲਦੇਵ ਸਿੰਘ ਬਚਿਆ ਸੀ ਜੋ 1905 ਵਿਚ ਮਹਾਰਾਜਾ ਰਿਪੁਦਮਨ ਸਿੰਘ (ਸ: ਗੁਰਚਰਨ ਸਿੰਘ) ਦੀ ਸਹਾਇਤਾ ਨਾਲ ਇੰਗਲੈਂਡ ਤੋਂ ਐਮ. ਡੀ. ਕਰਨ ਗਏ। ਵਾਪਸੀ ਤੇ ਛੂਆ ਛਾਤ ਕਾਰਨ ਡਾ: ਬਲਦੇਵ ਸਿੰਘ ਜੋ ਅਛੂਤਾਂ ਦੇ ਪਹਿਲੇ ਡਾਕਟਰ ਸਨ, ਛੂਆ ਛਾਤ ਕਾਰਨ ਪ੍ਰੈਕਟਿਸ ਨਾ ਕਰ ਸਕੇ। ਇੰਨੀ ਵੱਡੀ ਡਾਕਟਰੀ ਡਿਗਰੀ ਉਹ ਵੀ ਇੰਗਲੈਂਡ ਤੋਂ ਪ੍ਰਾਪਤ ਕਰਨ ਤੇ ਵੀ ਉਹਨਾਂ ਨੂੰ ਜਾਤ ਪਾਤ ਕਾਰਨ ਅੰਮ੍ਰਿਤਸਰ ਵਿਖੇ ਹੈਲਥ ਅਫਸਰ ਦੀ ਆਸਾਮੀ ਵੀ ਨਾ ਮਿਲੀ। ਅੰਤ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਜਿਨ੍ਹਾਂ ਨੂੰ, ਡਾ: ਅੰਬੇਦਕਰ ਨੂੰ ਵਿਦੇਸ਼ ਵਿਚ ਪੜ੍ਹਨ ਲਈ ਮਦਦ ਕਰਨ ਵਾਲੇ ਮਹਾਰਾਜਾ ਬੜੌਦਾ ਵਾਂਗ ਸਤਿਕਾਰਿਆ ਜਾਵੇਗਾ, ਨੇ ਡਾਕਟਰ ਬਲਦੇਵ ਸਿੰਘ ਨੂੰ ਨਾਭੇ, ਜ਼ਿਲ੍ਹਾ ਪਟਿਆਲਾ ਵਿਖੇ ਹੈਲਥ ਅਫਸਰ ਦੀ ਆਸਾਮੀ ਤੇ ਲੁਆ ਦਿੱਤਾ ਪਰ ਉਸ ਨੂੰ ਇੱਥੇ ਵੀ ਛੂਆ-ਛੂਤ ਕਾਰਨ ਡਾ: ਅੰਬੇਦਕਰ ਵਾਂਗ ਅਹੁਦੇ ਤੋਂ ਹੱਥ ਧੋਣਾ ਪਿਆ। ਡਾ: ਬਲਦੇਵ ਸਿੰਘ ਦਾ ਜੀਵਨ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਵਾਂਗ ਦੁਖਦਾਈ ਸੀ। ਫਰਕ ਇੰਨਾ ਸੀ ਕਿ ਮਹਾਰਾਜਾ ਦਲੀਪ ਸਿੰਘ ਇਸਾਈ ਹਕੂਮਤ ਹੱਥੋਂ ਦੁਖੀ ਸੀ ਪਰ ਡਾ: ਬਲਦੇਵ ਸਿੰਘ ਸਿੱਖਾਂ ਵਿਚਲੇ ਬ੍ਰਾਹਮਣਵਾਦ ਦਾ ਸ਼ਿਕਾਰ ਸੀ। ਦੋਹਾਂ ਦੀਆਂ ਮਾਵਾਂ ਨੇ ਬੜੀ ਮੰਦਹਾਲੀ ਦਾ ਜੀਵਨ ਬਿਤਾਇਆ। ਜੇ ਮਹਾਰਾਜਾ ਦਲੀਪ ਸਿੰਘ ਇਸਾਈ ਸਾਮਰਾਜਵਾਦ ਦੀ ਧੱਕੇਸ਼ਾਹੀ ਕਾਰਨ ਸਿੱਖਾਂ ਵਿਚਲੇ ਬ੍ਰਾਹਮਣਵਾਦ ਤੋਂ ਦੁਖੀ ਹੋ ਕੇ ਇਸਾਈ ਬਣ ਗਿਆ। ਇਤਿਹਾਸਕਾਰਾਂ ਜਦੋਂ ਗਿਆਨੀ ਦਿੱਤ ਸਿੰਘ ਦੀ ਸਿੱਖਾਂ ਵੱਲੋਂ ਕੀਤੀ ਬੇਹੁਰਮਤੀ, ਡਾ: ਬਲਦੇਵ ਸਿੰਘ ਵੱਲੋਂ ਸਿੱਖ ਧਰਮ ਛੱਡ ਕੇ ਇਸਾਈ ਬਣਨ, ਡਾ: ਅੰਬੇਦਕਰ ਵੱਲੋਂ ਬੁੱਧ ਧਰਮ ਅਪਣਾਉਣ ਅਤੇ ਬਾਬੂ ਜੋਗਿੰਦਰਨਾਥ ਮੰਡਲ (ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ) ਨਾਲ ਮੁਸਲਮਾਨਾਂ ਵੱਲੋਂ ਕੀਤਾ ਦੁਰ ਵਰਤਾਓ ਦੇ ਕਾਰਨ ਲੱਭਣਗੇ ਤਾਂ ਇਹ ਗੱਲ ਨਿੱਖਰ ਕੇ ਸਾਹਮਣੇ ਆਵੇਗੀ ਕਿ ਧਰਮ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਨਹੀਂ। ਮਨ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਹੈ। ਸਾਨੂੰ ਜਾਤਾਂ, ਧਰਮਾਂ, ਭਾਸ਼ਾਵਾਂ, ਇਲਾਕਿਆਂ, ਰੰਗਾਂ ਦੀਆਂ ਸੋਨੇ ਦੀਆਂ ਦੀਵਾਰਾਂ ਨੂੰ ਤੋੜ ਕੇ ਮੋਢੇ ਨਾਲ ਮੋਢਾ ਮਿਲਾ ਕੇ ਚੱਲਣਾ ਪਵੇਗਾ। ਅਸੀਂ ਗੁਲਾਮ ਹਾਂ ਦੁਨੀਆਂ ਦੇ ਸਭ ਤੋਂ ਘਟੀਆ ਗੁਲਾਮ। ਗੁਲਾਮ ਦਾ ਸਭ ਤੋਂ ਵੱਡਾ ਧਰਮ ਹੁੰਦਾ ਹੈ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪਿਘਲਾ ਕੇ ਅਜਿਹਾ ਰੂਪ ਦੇਣਾ ਕਿ ਜ਼ੰਜੀਰਾਂ ਦੇ ਲੋਹੇ ਨੂੰ ਜ਼ਾਲਮ ਮੁੜ ਜ਼ੰਜੀਰਾਂ ਨਾ ਬਣਾ ਸਕਣ। ਸਾਨੂੰ ਡਾ: ਅੰਬੇਦਕਰ ਦੇ ਇਹ ਬੋਲ ਯਾਦ ਰੱਖਣੇ ਚਾਹੀਦੇ ਹਨ 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਮਹਿਸੂਸ ਕਰਵਾ ਦਿਓ ਫਿਰ ਉਹ ਬਗਾਵਤ ਕਰ ਦੇਣਗੇ।''

ਆਓ ਅੱਜ ਮਿੱਟੀ ਵਿਚ ਗੁਆਚੇ ਆਪਣੇ ਲਾਲਾਂ ਨੂੰ ਲੱਭੀਏ ਅਤੇ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਈਏ।

**('ਕੌਮੀ ਉਡਾਰੀਆਂ' ਜਲੰਧਰ ਦੇ ਧੰਨਵਾਦ ਸਹਿਤ)**


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop